

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 26
October 5, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ








ਪੰਜਾਬ ਯੂਨੀਵਰਸਿਟੀ ਦੇ ਡਾ. ਸ਼ਰਮਾ, ਡਾ. ਰੌਣਕੀ ਰਾਮ ਅਤੇ ਪੀ. ਜੀ. ਆਈ. ਦੇ ਡਾ. ਪਰਮੇਸ਼ਵਰ ਨੂੰ ਅਚੀਵਮੈਂਟ ਐਵਾਰਡ। **(ਰਿਪੋਰਟ ਦੇਖੋ ਸਫਾ 7 ਤੇ)**

# ਫਰਿਜ਼ਨੋ ਵਿਖੇ ਹੋਇਆ ਇੰਟਰਨੈਸ਼ਨਲ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ




ਬੇ-ਏਰੀਆ ਸਪੋਰਟਸ ਕਲੱਬ ਦੀ ਜੇਤੂ ਟੀਮ ਇੰਟਰਨੈਸ਼ਨਲ ਕਬੱਡੀ ਕੱਪ ਹਾਸਲ ਕਰਦੀ ਹੋਈ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ–** ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਉਧਮ ਸਿੰਘ ਸਪੋਰਟਸ ਕਲੱਬ ਸਿਲਮਾਂ ਵੱਲੋਂ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਯੂ. ਐਸ. ਏ. ਦੇ ਅਸੂਲਾਂ ਮੁਤਾਬਿਕ ਇੰਟਰਨੈਸ਼ਨਲ ਕਬੱਡੀ ਕੱਪ 2016 ਚੱਕਚਾਂਸੀ ਪਾਰਕ ਫਰਿਜ਼ਨੋ ਦੀਆਂ ਗਰਾਉਂਡਾਂ ਵਿਖੇ ਲੰਘੇ ਐਤਵਾਰ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਸ਼ਾਮਲ ਹੋਣ ਲਈ ਜਿਥੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਪਹੁੰਚੇ ਹੋਏ ਸਨ ਉਥੇ ਦੂਰ ਦੁਰਾਡੇ ਤੋਂ ਪੱਤਰਕਾਰ, ਫੋਟੋਗ੍ਰਾਫ਼ਰ, ਲੇਖਕ ਵੀ ਇਸ ਖੇਡ ਮੇਲੇ ਦੇ ਯਾਦਗਾਰੀ

**(ਬਾਕੀ ਸਫਾ 4 ਤੇ) (ਤਸਵੀਰਾਂ ਸਫਾ 14 ਤੇ)**

# ਨਸਲੀ ਵਿਤਕਰਾ ਰੋਕਣ ਲਈ ਕੈਲੀਫੋਰਨੀਆ 'ਚ ਨਵਾਂ ਕਾਨੂੰਨ ਬਣਿਆ

**ਸਾਨਫਰਾਂਸਿਸਕੋ (ਬਿਊਰੋ)–** ਅਮਰੀਕਾ ਵਿੱਚ ਸਿੱਖਾਂ, ਮੁਸਲਮਾਨਾਂ ਤੇ ਦੱਖਣੀ ਏਸ਼ੀਅਨਾਂ ਆਦਿ ਖ਼ਿਲਾਫ਼ ਵਧ ਰਹੇ ਧੱਕੇਸ਼ਾਹੀ ਤੇ ਵਿਤਕਰੇ ਦੇ ਮਾਮਲਿਆਂ ਦੇ ਮੱਦੇਨਜ਼ਰ ਕੈਲੀਫੋਰਨੀਆ ਸੂਬੇ ਨੇ ਸਕੂਲਾਂ ਵਿੱਚ ਘੱਟਗਿਣਤੀਆਂ ਦੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਾਉਣ ਲਈ ਇਕ ਨਵਾਂ ਕਾਨੂੰਨ ਪਾਸ ਕੀਤਾ ਹੈ। ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਏਬੀ 2845 ਐਕਟ ਉਤੇ ਸਹੀ ਪਾ ਦਿੱਤੀ ਹੈ, ਜਿਸ ਨੂੰ 'ਸਿੱਖਣ ਵਾਲੀ ਸੁਰੱਖਿਅਤ ਥਾਂ ਸਬੰਧੀ ਐਕਟ' ਵੀ ਕਿਹਾ ਜਾਂਦਾ ਹੈ। ਇਸ ਐਕਟ ਦਾ ਮਕਸਦ ਦੱਖਣੀ ਏਸ਼ੀਅਨ, ਮੁਸਲਿਮ ਤੇ ਸਿੱਖ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਭੁਲੇਖੇ ਵਿੱਚ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਹੋਣ ਵਾਲੇ ਹੋਰਨਾਂ ਬੱਚਿਆਂ ਨੂੰ ਸੁਰੱਖਿਆ ਮੁਹੱਈਆ ਕਰਾਉਣਾ ਹੈ। ਇਹ ਜਾਣਕਾਰੀ ਦਿੰਦਿਆਂ ਸਿੱਖ ਕੁਲੀਸ਼ਨ ਨਾਮੀ ਜਥੇਬੰਦੀ ਦੀ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਹਰਜੀਤ ਕੌਰ ਨੇ ਕਿਹਾ, "ਇਹ ਕੈਲੀਫੋਰਨੀਆ ਲਈ ਇਕ ਇਤਿਹਾਸਕ ਕਾਨੂੰਨ ਹੈ, ਜਿਹੜਾ ਸਕੂਲੀ ਜਮਾਤਾਂ ਵਿੱਚ ਹੋਣ ਵਾਲੀ ਦਾਦਾਗਿਰੀ ਤੇ ਵਿਤਕਰੇ ਨੂੰ ਠੱਲ੍ਹ ਪਾਵੇਗਾ।'' ਉਨ੍ਹਾਂ ਕਿਹਾ, "ਏਬੀ 2845 ਐਕਟ ਜਨਤਕ ਸਕੂਲਾਂ ਵਿੱਚ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਵਿਦਿਆਰਥੀ ਕਿਸੇ ਵੀ ਧਰਮ ਦਾ ਪਾਲਣ ਕਰ ਸਕਦਾ ਹੈ।''



ਇਸੇ ਤਰ੍ਹਾਂ ਸੀਏਆਈਆਰ-ਸੈਕਰਾਮੈਂਟੋ ਵੈਲੀ ਦੇ ਸ਼ਹਿਰੀ ਹੱਕਾਂ ਸਬੰਧੀ ਅਟਾਰਨੀ ਸਾਦ ਸਵੀਲਮ ਨੇ ਕਿਹਾ, ''ਇਹ ਐਕਟ ਮੁਸਲਮਾਨਾਂ ਤੇ ਸਿੱਖਾਂ ਲਈ ਬਹੁਤ ਅਹਿਮ ਹੈ, ਕਿਉਂਕਿ ਸਾਡੇ ਸਮਾਜ ਵਿੱਚ ਮੁਸਲਮਾਨਾਂ ਤੇ ਮੁਸਲਮਾਨ ਸਮਝੇ ਜਾਣ ਵਾਲੇ ਵਿਦਿਆਰਥੀਆਂ ਖ਼ਿਲਾਫ਼ ਧੱਕੇਸ਼ਾਹੀ ਵਿੱਚ ਭਾਰੀ ਵਾਧਾ ਹੋਇਆ ਹੈ।'' ਗ਼ੌਰਤਲਬ ਹੈ ਕਿ ਸਿੱਖ ਕੁਲੀਸ਼ਨ ਦੇ ਅੰਕੜਿਆਂ ਮੁਤਾਬਕ ਕੁੱਲ ਮਿਲਾ ਕੇ 50 ਫ਼ੀਸਦੀ ਸਿੱਖ ਵਿਦਿਆਰਥੀਆਂ ਨੂੰ ਧੱਕੇਸ਼ਾਹੀ ਦਾ ਸ਼ਿਕਾਰ ਹੋਣਾ ਪੈਂਦਾ

**(ਬਾਕੀ ਸਫਾ 4 ਤੇ))**

# ਸੈਕਰਾਮੈਂਟੋ 'ਚ ਕਬੱਡੀ ਕੱਪ 9 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ)–** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਵੱਲੋਂ ਇੰਟਰਨੈਸ਼ਨਲ ਕਬੱਡੀ ਕੱਪ 2016 ਆਗਾਮੀ 9 ਅਕਤੂਬਰ (ਦਿਨ ਐਤਵਾਰ) ਨੂੰ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਸਿੱਖ ਟੈਂਪਲ, 7676 ਬ੍ਰਾਡਸ਼ਾਅ ਰੋਡ, ਸੈਕਰਾਮੈਂਟੋ ਦੀਆਂ ਖੇਡ ਗਰਾਊਂਡਾਂ ਵਿਚ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿਚ ਜੇਤੂ ਟੀਮਾਂ ਨੂੰ ਪਹਿਲਾ ਇਨਾਮ 2100 ਡਾਲਰ, ਦੂਜਾ ਇਨਾਮ 1500 ਡਾਲਰ, ਤੀਜਾ ਇਨਾਮ 1000 ਡਾਲਰ ਅਤੇ ਚੌਥਾ ਇਨਾਮ 1000 ਡਾਲਰ ਦਿੱਤਾ ਜਾਵੇਗਾ। ਇਸ ਕਬੱੜੀ ਕੱਪ ਨੂੰ ਹੋਰ ਖੇਡ ਕਲੱਬਾਂ ਜਿਹਨਾਂ ਵਿਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ, ਸ਼ਹੀਦ ਉਧਮ ਸਿੰਘ ਸਪੋਰਟਸ ਕਲੱਬ ਫਰਿਜ਼ਨੋ (ਮਡੇਰਾ), ਬੇਅ ਏਰੀਆ ਸਪੋਰਟਸ ਕਲੱਬ, ਸੈਂਟਰਲ ਵੈਲੀ ਸਪੋਰਟਸ ਕਲੱਬ, ਯੂਨਾਈਟਿਡ ਸਪੋਰਟਸ ਕਲੱਬ, ਕੈਲੇਫੋਰਨੀਆ ਅਤੇ ਫਤਿਹ ਸਪੋਰਟਸ ਕਲੱਬ ਵੱਲੋਂ ਵੀ ਸਹਿਯੋਗ ਦਿੱਤਾ ਜਾਵੇਗਾ। ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ. ਐਸ. ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਉਤੇ ਲਾਗੂ ਹੋਣਗੀਆਂ। ਪ੍ਰਬੰਧਕਾਂ ਵੱਲੋਂ ਸਮੂਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇੰਟਰਨੈਸ਼ਨਲ ਕਬੱਡੀ ਕੱਪ ਦਾ ਆਨੰਦ ਮਾਨਣ ਲਈ ਹੁੰਮਾ-ਹੁੰਮਾ ਕੇ ਪਹੁੰਚੇ। ਹੋਰ ਜਾਣਕਾਰੀ ਲਈ ਖੇਡ ਮੇਲੇ ਦੇ ਪ੍ਰਬੰਧਕਾਂ ਤੋਂ ਇਲਾਵਾ ਜੌਹਨ ਸਿੰਘ ਗਿੱਲ ਨਾਲ 916-715-2581 ਤੇ ਸੰਪਰਕ ਕੀਤਾ ਜਾ ਸਕਦਾ ਹੈ।



ਜੌਹਨ ਸਿੰਘ ਗਿੱਲ




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538



RIYA'S FASHION
9165 ELK GROVE FLORIN RD.
ELK GROVE CA 95624
Tel : 916-647-3708
Follow us on
RIYAFASHION16

SAROAY INVESTMENT REALTY
Ram Saroay
Broker
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (415) 706-7027
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# SHRI GURU RAVIDASS TEMPLE (CA)

2150 CRESTVIES DRIVE, PITTSBURG CA 94565

Tel : (925) 4392355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਕਤੂਬਰ ਮਹੀਨੇ ਦੇ ਪ੍ਰੋਗਰਾਮ

## ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਾਮ ਦਾਸ ਜੀ
## ਅਕਤੂਬਰ 23, 2016



ਗੁਰੂ ਘਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ 23 ਅਕਤੂਬਰ 2016 ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਅਤੇ ਸੰਗਤ ਦੁਆਰਾ ਕੀਤੀ ਜਾਵੇਗੀ। ਇਸ ਮੌਕੇ ਰਾਗੀ ਜਥਾ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਗੁਰਨਾਮ ਸਿੰਘ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਗਿਆਨੀ ਪ੍ਰਕਾਸ਼ ਸਿੰਘ ਜੀ ਵੀ ਸੰਗਤ ਨੂੰ ਰਸ ਭਿੰਨਾ ਕੀਰਤਨ ਸੁਣਾਉਣਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ
## ਅਕਤੂਬਰ 16, 2016

ਕੋਈ ਵੀ ਗੁਰੂ ਘਰ ਦਾ ਪ੍ਰੇਮੀ ਇਹ ਸੇਵਾ ਲੈ ਸਕਦਾ ਹੈ

## ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ
## ਅਕਤੂਬਰ 30, 2016

ਕੋਈ ਵੀ ਗੁਰੂ ਘਰ ਦਾ ਸ਼ਰਧਾਲੂ ਇਹ ਸੇਵਾ ਲੈ ਸਕਦਾ ਹੈ

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532

# L.A. MERCHANDISE

**Whole Sale +Retail**



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 24ਵਾਂ ਸਥਾਪਨਾ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਦਾ 24ਵਾਂ ਸਥਾਪਨਾ ਦਿਵਸ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ, ਪਿਆਰ ਅਤੇ ਉਤਸ਼ਾਹ ਨਾਲ ਮਨਾਇਆ ਗਿਆ।30 ਸਤੰਬਰ, 2016 ਦਿਨ ਸ਼ੁੱਕਰਵਾਰ ਨੂੰ ਸ੍ਰੀ ਜਸਵਿੰਦਰ ਬੰਗਾ, ਸ੍ਰੀ ਸੁਭਾਸ਼ ਬੰਗਾ ਅਤੇ ਬੰਗਾ ਪਰਿਵਾਰ ਅਤੇ ਸਮੂਹ ਸੰਗਤ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ।

ਸ਼ਨਿਚਰਵਾਰ 1 ਅਕਤੂਬਰ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਜੀ ਦੀ ਸੇਵਾ ਭੈਣਜੀ ਊਸ਼ਾ ਰਾਣੀ ਅਤੇ ਪਰਿਵਾਰ ਵੱਲੋਂ ਆਪਣੇ ਭਰਾ ਸ੍ਰੀ ਪਵਨ ਵਿਰਦੀ ਜੀ ਦੇ ਘਰ ਪੁੱਤਰ ਦੇ ਜਨਮ ਦਿਨ ਦੀ ਖੁਸ਼ੀ ਵਿਚ ਕਰਵਾਈ ਗਈ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਕੀਤੀ ਗਈ ਅਤੇ ਸੰਗਤਾਂ ਨੇ ਰਲ-ਮਿਲ ਕੇ ਸ਼ਬਦ ਗੁਰਬਾਣੀ ਦਾ ਗਾਇਨ ਕੀਤਾ। ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਗਏ,ਜਿਸ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਯੂਬਾ ਸਿਟੀ ਤੋਂ ਪੰਜਾਬੀ ਸਿੰਗਰ ਸ੍ਰੀ ਅਸ਼ੋਕ ਕੁਮਾਰ ਜੀ ਨੇ ਵੀ ਗੁਰੂ ਰਵਿਦਾਸ ਜੀ ਦੇ ਇਨਕਲਾਬੀ ਜੀਵਨ ਅਤੇ ਗੁਰਬਾਣੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਐਤਵਾਰ 2 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਸੰਗਤੀ ਰੂਪ ਵਿਚ ਅਰਦਾਸ ਬੇਨਤੀ ਕੀਤੀ ਗਈ। ਸ੍ਰੀ ਸੁਭਾਸ਼ ਬੰਗਾ, ਸ੍ਰੀ ਜਸਵਿੰਦਰ ਬੰਗਾ ਜੀ ਦੇ ਸਤਿਕਾਰਯੋਗ ਮਾਤਾ ਜੀ ਸ੍ਰੀਮਤੀ ਗੁਰਦੇਵ ਕੌਰ ਬੰਗਾ, ਸ੍ਰੀ ਪਵਨ ਵਿਰਦੀ ਦੇ ਭੈਣ ਜੀ ਊਸ਼ਾ ਰਾਣੀ ਜੀ ਨੂੰ ਸਿਰੋਪਾਓ ਸਾਹਿਬ ਨਾਲ ਨਿਵਾਜਿਆ ਗਿਆ।

ਗੁਰੂ ਘਰ ਦੇ ਚੇਅਰਮੈਨ ਸ੍ਰੀ ਬਲਵਿੰਦਰ ਰੱਲ੍ਹ ਜੀ ਦੀ ਧਰਮ ਪਤਨੀ ਬੀਬੀ ਬਲਜੀਤ ਕੌਰ ਰੱਲ੍ਹ ਗੁਰੂ ਘਰ ਦੇ ਨਵੇਂ ਪੈਟਰਨ ਬਣੇ। ਸ੍ਰੀਮਤੀ ਬਲਜੀਤ ਕੌਰ ਨੂੰ ਵੀ ਸਿਰੋਪਾਓ ਸਾਹਿਬ ਬਖਸ਼ਿਸ਼ ਕੀਤੇ ਗਏ।

ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਤਿੰਨੇ ਦਿਨ ਚਾਹ-ਪਕੌੜੇ, ਜਲੇਬੀਆਂ, ਗੋਲਗੱਪੇ, ਛੋਲੇ ਭਟੂਰੇ ਅਤੇ ਹੋਰ ਵੱਖ -ਵੱਖ ਖੁਰਾਕੀ ਪਦਾਰਥਾਂ ਦੇ ਲੰਗਰ ਲਗਾਏ ਗਏ। ਖਰੀਦੋ-ਫਰੋਖਤ ਦੇ ਵੀ ਸਟਾਲ ਲਗਾਏ ਗਏ। ਗੁਰੂ ਘਰ ਦੀਆਂ ਰੌਣਕਾਂ ਨੇ ਤਾਂ ਇਕ ਵਾਰ ਸਾਲਾਨਾ ਨਗਰ ਕੀਰਤਨ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਭਾਈ ਤਾਜਵਿੰਦਰ ਸਿੰਘ, ਭਾਈ ਸਾਹਿਬ ਅਵਤਾਰ ਸਿੰਘ, ਭਾਈ ਪ੍ਰਭਜੋਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ।

ਭਾਈ ਜਸਪਾਲਸਿੰਘ ਦੇ ਸਪੁੱਤਰ ਕਾਕਾ ਪ੍ਰਭਜੀਤ ਸਿੰਘ ਅਤੇ ਪੁੱਤਰੀ ਗੁਰਕਿਰਨ ਕੌਰ ਨੇ ਵੀ ਰਸਭਿੰਨੀ ਆਵਾਜ਼ ਨਾਲ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਜਸਵਿੰਦਰ ਮਧਾਰਾ ਜੀ ਨੇ ਵੀ ਗੁਰਬਾਣੀ ਸ਼ਬਦ ਪੜ੍ਹ ਕੇ ਸੁਰੀਲੀ ਆਵਾਜ਼ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਖੁਸ਼ੀ ਦੇ ਮੌਕੇ 'ਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀਆਂ ਭਰੀਆਂ। ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਤੋਂ ਸ੍ਰੀ ਅਮਰ ਦੜੌਚ ਕਮੇਟੀ ਸਮੇਤ, ਸ੍ਰੀ ਰਾਜਗੁਰੂ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਅਤੇ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਤੋਂ ਕਮੇਟੀ ਸਮੇਤ ਅਤੇ ਸ੍ਰੀ ਗੁਰੂ ਬਾਲਮੀਕ ਸਭਾ ਯੂਬਾ ਸਿਟੀ ਦੀਆਂ ਸੰਗਤਾਂ ਨੇ ਹਾਜ਼ਰੀਆਂ ਲਗਵਾਈਆਂ।

ਪ੍ਰੋਗਰਾਮ ਦੇ ਅਖੀਰ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਸਾਬਕਾ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਜੀਨੇ ਸੁਭਾਸ਼ ਬੰਗਾ ਅਤੇ ਬੰਗਾ ਪਰਿਵਾਰ ਵੱਲੋਂ ਸੰਗਤਾਂ ਦਾ ਗੁਰੂ ਘਰ ਵਿਖੇ ਪਹੁੰਚਣ'ਤੇ ਜੀ ਆਇਆਂ ਅਤੇ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਸ੍ਰੀ ਸੁਭਾਸ਼ ਬੰਗਾ, ਸ੍ਰੀ ਅਵਤਾਰ ਜੱਸਲ ਜੀ ਹਰ ਸਾਲ ਹੀ ਆਈਡਾਹੋ, ਸਟੇਟ ਤੋਂ ਪਰਿਵਾਰਾਂ ਸਮੇਤ ਗੁਰੂ ਘਰ ਵਿਖੇ ਪੁੱਜ ਕੇ ਗੁਰੂ ਘਰ ਦੇ ਸਥਾਪਨਾ ਦਿਵਸ ਅਤੇ ਨਗਰ ਕੀਰਤਨ ਮੌਕੇ ਸੇਵਾ ਕਰਦੇ ਹਨ। ਸ੍ਰੀ ਅਜੀਤ ਰਾਮ ਬੰਗੜ ਨੇ ਸੰਗਤਾਂ ਨਾਲ ਸਾਂਝ ਪਾਈ। ਅਖੀਰ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਸੰਗਤਾਂ ਦਾ ਗੁਰੂ ਘਰ ਨੂੰ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਸਟੇਜ ਦੀ ਸੇਵਾ ਸ੍ਰੀ ਰਾਜ ਸੂਦ ਨੇ ਬਾਖੂਬੀ ਨਿਭਾਈ। **(ਡਸਵੀਰਾਂ ਦੇਖੋ ਸਫਾ 10 ਤੇ)**

# ਨਾਵਲਕਾਰ ਜੱਗੀ ਕੁੱਸਾ ਵੱਲੋਂ ਲਿਖੀ ਵੱਡੇ ਬੱਜਟ ਦੀ ਫ਼ਿਲਮ "ਜਪੁਜੀ" ਦੀ ਸ਼ੂਟਿੰਗ ਜਲਦੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** "ਪੁਰਜਾ ਪੁਰਜਾ ਕਟਿ ਮਰੈ" ਵਰਗੇ ਬਹੁ-ਚਰਚਿਤ ਨਾਵਲ ਲਿਖ ਕੇ ਸੰਸਾਰ ਭਰ ਵਿਚ ਧੁੰਮਾਂ ਪਾਉਣ ਵਾਲਾ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਹੁਣ ਵੱਡੀਆਂ ਫ਼ਿਲਮਾਂ ਵੱਲ ਨੂੰ ਮੁੜਿਆ ਹੈ। ਵੈਸੇ ਜੱਗੀ ਕੁੱਸਾ "ਸਾਡਾ ਹੱਕ" ਫ਼ਿਲਮ ਦੇ ਡਾਇਲਾਗ ਲਿਖ ਕੇ ਪਹਿਲਾਂ ਵੀ ਕਾਫ਼ੀ ਚਰਚਾ ਵਿਚ ਰਿਹਾ ਅਤੇ 2014 ਵਿਚ ਉਸ ਨੂੰ ਫ਼ਿਲਮ ਅਵਾਰਡ ਲਈ ਵੀ ਨਾਮਜ਼ਦ ਕੀਤਾ ਗਿਆ।



ਪ੍ਰੈੱਸ ਮਿਲਣੀ ਦੌਰਾਨ ਜੱਗੀ ਕੁੱਸਾ ਨੇ ਦੱਸਿਆ ਕਿ "ਜਪੁਜੀ" ਨਾਮ ਦੀ ਵੱਡੇ ਬੱਜਟ ਵਾਲੀ ਪੰਜਾਬੀ ਫ਼ਿਲਮ ਜਲਦੀ ਦਰਸ਼ਕਾਂ ਦੀ ਕਚਿਹਰੀ ਵਿਚ ਹਾਜ਼ਰ ਕੀਤੀ ਜਾਵੇਗੀ। ਇਸ ਫ਼ਿਲਮ ਵਿਚ ਐਮੀ ਵਿਰਕ, ਸਰਦਾਰ ਸੋਹੀ, ਅਨੀਤਾ ਮੀਤ, ਮਲਕੀਤ ਰੌਣੀ, ਬੀਨੂੰ ਢਿੱਲੋਂ, ਬੀ. ਐੱਨ. ਸ਼ਰਮਾਂ, ਤਰਸੇਮ ਜੱਸਲ, ਮਨਿੰਦਰ ਮੋਗਾ ਅਤੇ ਬੂਟਾ ਬਰਾੜ ਜਿਹੇ ਕਲਾਕਾਰ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਣਗੇ। ਜੇ. ਡਾਇਮੰਡ ਫ਼ਿਲਮ ਪ੍ਰੋਡਕਸ਼ਨ ਅਧੀਨ ਆ ਰਹੀ ਇਸ ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ ਨੇ ਤਿਆਰ ਕੀਤਾ ਹੈ ਅਤੇ ਇਸ ਦੇ ਨਿਰਮਾਤਾ ਕੈਨੇਡਾ ਵਾਸੀ ਜਗਮਨਦੀਪ ਸਿੰਘ ਸਮਰਾ (ਫਾਰਮਰ) ਹਨ। ਇਸ ਫ਼ਿਲਮ ਦੇ ਪ੍ਰੋਡਕਸ਼ਨ ਮੈਨੇਜਰ ਲਵਕੇਸ਼ ਮੁੰਜਾਲ ਹਨ ਅਤੇ ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ ਦੇ ਆਸ ਪਾਸ ਦੇ ਇਲਾਕੇ ਵਿਚ ਕੀਤੀ ਜਾਵੇਗੀ। ਇਹ ਫ਼ਿਲਮ ਪੇਂਡੂ ਜਨ-ਜੀਵਨ ਨਾਲ ਸਬੰਧਿਤ ਹੋਣ ਦੇ ਨਾਲ ਮਰਦ ਪ੍ਰਧਾਨ ਸਮਾਜ ਉਪਰ ਕਰਾਰੀਆਂ ਚੋਟਾਂ ਕਰਦੀ, ਔਰਤ ਦੀ ਤ੍ਰਾਸਦੀ ਦੀ ਬਾਤ ਪਾਵੇਗੀ। ਇਸ ਤੋਂ ਇਲਾਵਾ ਰਾਜਨੀਤਕ ਅਤੇ ਕੁਝ ਧਾਰਮਿਕ ਵਿਸ਼ਿਆਂ ਦੀ ਗੱਲ ਕਰੇਗੀ। ਪ੍ਰੈੱਸ ਕਾਨਫਰੰਸ ਦੌਰਾਨ ਜੱਗੀ ਕੁੱਸਾ ਨਾਲ ਮਨਿੰਦਰ ਮੋਗਾ ਅਤੇ ਪ੍ਰੋਡਕਸ਼ਨ ਮੈਨੇਜਰ ਲਵਕੇਸ਼ ਮੁੰਜਾਲ ਹਾਜ਼ਰ ਸਨ।

# ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ

**ਪਿਟਸਬਰਗ–** ਬ੍ਰਹਮ ਗਿਆਨੀ ਭਗਵਾਨ ਦਾਸ 'ਰਾਜਾ ਸਾਹਿਬ ਜੀ' ਜੀ ਦੀ 76ਵੀਂ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 7 ਤੋਂ 9 ਅਕਤੂਬਰ ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ ਗੁਰੂ ਘਰ ਵਿਚ ਸ਼ਰਧਾ ਰੱਖਣ ਵਾਲੇ ਪਰਿਵਾਰਾਂ ਦੁਆਰਾ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। 7 ਅਕਤੂਬਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਪ੍ਰਬਰੰਭ ਹੋਣਗੇ ਅਤੇ 8 ਅਕਤੂਬਰ ਨੂੰ ਭੋਗ ਪਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਬ੍ਰਹਮ ਗਿਆਨੀ ਭਗਵਾਨ ਦਾਸ 'ਰਾਜਾ ਸਾਹਿਬ ਜੀ' ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਫਰਿਜ਼ਨੋ ਨਿਵਾਸੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸਥਾਨਿਕ ਇੰਡੀਆ ਕਬਾਬ ਪਲੇਸ ਰੈਸਟੋਰੈਂਟ ਵਿੱਚ ਤਾਜ ਰੰਧਾਵਾ, ਜੈਕਾਰਾ ਮੂਵਮੈਂਟ



ਅਤੇ ਪੀਸੀਏ ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜ਼ਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ੍ਹੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੌੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸੁਰੂਆਤ ਸਟੇਜ਼ ਸਕੱਤਰ ਰੂਬੀ ਸਰਾਂ ਨੇਂ ਸ਼ਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਡਾ. ਹਰਕੇਸ਼ ਸੰਧੂ ਨੇਂ ਸ਼ੰਸ਼ਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ, ਅਤੇ ਉਹਨਾਂ ਦੀ ਜੁਬਾਨੀਂ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਇਸ ਮੌਕੇ ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ।

ਸੁਖਬੀਰ ਭੰਡਾਲ ਨੇ ਸਹਾਇਤਾ ਸੰਸਥਾ ਦੇ ਕੰਮਾ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਲਈ ਵਚਨ-ਬੱਧਤਾ ਪ੍ਰਗਟਾਈ। ਇਸ ਮੌਕੇ ਅੰਮ੍ਰਿਤ ਧਾਲੀਵਾਲ ਨੇਂ ਹਾਸਰਸ ਕਵਿਸ਼ਰੀ ਪੇਸ਼ ਕਰਕੇ ਖੂਬ ਰੰਗ ਬੰਨਿਆਂ। ਮਿੱਕੀ ਸਰਾਂ ਨੇ ਖੂਬਸੂਰਤ ਗੀਤ ਨਾਲ ਹਾਜਰੀ ਲਵਾਈ।ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਤਾਜ ਰਧਾਵਾਂ, ਲਵੀ ਸਰਾਂ, ਪੀਟਰ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਰਾਜ ਬਡਵਾਲ, ਪ੍ਰਵਾਜ਼ ਆਦਿ ਦੇ ਨਾਮ ਜ਼ਿਕਰਯੋਗ ਹਨ।

ਇਸ ਮੌਕੇ ਦਾਨੀ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਖੜੇ ਹੋਕੇ ਤਾੜੀਆਂ ਮਾਰਕੇ ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜ਼ਾਂ ਲਈ ਹੌਸਲਾ ਫਿਸਾਈ ਕੀਤੀ ਗਈ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ। ਇਸ ਪ੍ਰੋਗ੍ਰਾਮ ਦੇ ਯਾਦਗਾਰੀ ਪਲ੍ਹਾਂ ਨੂੰ ਕੈਮਰਾਬੰਧ ਰਾਜ ਬਡਵਾਲ ਨੇ ਕੀਤਾ।

# ਫਰਿਜ਼ਨੋ ਵਿਖੇ ਹੋਇਆ ਇੰਟਰਨੈਸ਼ਨਲ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ

**(ਸਫਾ 1 ਦੀ ਬਾਕੀ)** ਪਲ੍ਹਾਂ ਨੂੰ ਕੈਮਰਾਬੰਧ ਕਰ ਕਰਦੇ ਨਜ਼ਰ ਆਏ। ਪਤਵੰਤੇ ਸੱਜਣਾਂ ਨੇ ਖਿਡਾਰੀਆਂ ਨਾਲ ਜਾਣ ਪਹਿਚਾਣ ਕੀਤੀ ਅਤੇ ਪ੍ਰਬੰਧਕਾ ਵੱਲੋਂ ਬਹੁਤ ਸਾਰੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਟੂਰਨਾਮੈਂਟ ਦੇ ਸਾਰੇ ਮੈਚ ਹੀ ਬਹੁਤ ਕਮਾਲ ਦੇ ਸਨ, ਖਿਡਾਰੀਆਂ ਨੇ ਜੀਅ ਜਾਂਨ ਲਾਕੇ ਆਪਣੀ ਖੇਡ ਦਾ ਮੁਜ਼ਾਹਰਾ ਕੀਤਾ। ਬਹੁਤ ਹੀ ਫਸਵੇਂ ਮੁਕਾਬਲੇ ਵਿੱਚ ਸੈਮੀ-ਫਾਇਨਲ ਮੈਂਚ ਫਤਿਹ ਸਪੋਰਟਸ ਕਲੱਬ ਨੂੰ ਹਾਰਨ ਪਿਛੋਂ ਫਰਿਜ਼ਨੋ ਦੀ ਟੀਮ ਨੂੰ ਚੌਥੇ ਸਥਾਨ ਤੇ ਹੀ ਸਬਰ ਕਰਨਾਂ ਪਿਆ ।ਅੰਡਰ ਟਵੰਟੀ ਵੰਨ ਦੇ ਕਬੱਡੀ ਮੈਚ ਵੀ ਬਹੁਤ ਰੌਚਿਕ ਰਹੇ, ਇਹਨਾਂ ਮੈਚਾ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਯੂਬਾ ਸਿੱਟੀ ਦੀ ਟੀਮ ਨੂੰ ਹਰਾਕੇ ਜੇਤੂ ਰਹੀ। ਇਸ ਟੂਰਨਾਮੈਂਟ ਵਿੱਚ ਬੇ-ਏਰੀਆ ਦੀ ਟੀਮ ਨੇ ਬਹੁਤ ਹੀ ਤਕੜੇ ਮੁਕਾਬਲੇ ਦੌਰਾਂਨ ਫਾਇਨਲ ਮੈਚ ਵਿੱਚ ਸੈਂਟਰਲ ਵੈਲੀ ਦੀ ਟੀਮ ਨੂੰ ਹਰਾਕੇ ਪਹਿਲੇ ਸਥਾਨ ਤੇ ਕਬਜਾ ਕੀਤਾ ਅਤੇ ਕੱਪ ਆਪਣੇ ਨਾਂ ਕਰ ਲਿਆ। ਇਹਨਾਂ ਮੈਚਾਂ ਦੌਰਾਂਨ ਕਬੱਡੀ ਪ੍ਰੇਮੀਆਂ ਨੇਂ ਇੱਕ ਇੱਕ ਜੱਫੇ ਤੇ ਖੜੇ ਹੋਕੇ ਤਾੜੀਆਂ ਮਾਰੀਆਂ ਅਤੇ ਇਸ ਟੂਰਨਾਮੈਂਟ ਦੇ ਬਿਸਟ ਰੇਡਰ ਕਮਲ ਨਵਾਂ ਪਿੰਡ ਅਤੇ ਬਿਸਟ ਜਾਫੀ ਖੁਸ਼ੀ ਦਿੜਵਾ ਐਲਾਨੇਂ ਗਏ । ਸਭ ਤੋਂ ਵਧੀਆ ਗੱਲ ਇਸ ਟੂਰਨਾਮੈਂਟ ਵਿੱਚ ਇਹ ਰਹੀ ਕਿ ਸੱਟ ਲੱਗਣ ਤੇ ਖਿਡਾਰੀਆਂ ਲਈ ਫਸਟ ਏਡ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ ਅਤੇ ਕਬੱਡੀ ਕੁਮੈਂਟੇਟਰਾ ਨੂੰ ਖਾਸ ਹਦਾਇਤਾ ਸੀ ਕਿ ਕੁਮੈਂਟਰੀ ਦੌਰਾਂਨ ਸਿਰਫ਼ ਕਬੱਡੀ ਦੀ ਗੱਲ ਹੋਵੇ ਅਤੇ ਅਵਾਗੌਣ ਨਾਂਮ ਬੋਲਣ ਤੋਂ ਸਕੋਚ ਰਹੇ ਅਤੇ ਇਸ ਖੇਡ ਮੇਲੇ ਦੌਰਾਂਨ ਕਬੱਡੀ ਫ਼ੈਡਰੇਸ਼ਨ ਦੇ ਰੂਲਾਂ ਨੂੰ ਪੂਰਨ ਤੌਰ ਤੇ ਲਾਗੂ ਕੀਤਾ ਗਿਆ, ਇਹਨੇਂ ਚੰਗੇ ਪ੍ਰਬੰਧਾ ਲਈ ਟੂਰਨਾਮੈਂਟ ਕਮੇਟੀ ਵਧਾਈ ਦੀ ਪਾਤਰ ਹੈ ਅਤੇ ਇਸ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸਿਲਮਾਂ ਦੇ ਅਣਥੱਕ ਮੈਂਬਰਾ ਸਿਰ ਜਾਦਾ ਹੈ। ਕਬੱਡੀ ਕੁਮੈਂਟੇਟਰ ਇਕਬਾਲ ਗਾਲਬ, ਮੱਖਣ ਅਲੀ, ਸੁਰਜੀਤ ਕੁਕਰਾਲੀ ਅਤੇ ਕਾਲਾ ਰਸ਼ੀਨ ਨੇ ਸ਼ਾਨਦਾਰ ਕੁਮੈਂਟਰੀ ਕਰਕੇ ਗਰਾਊਂਡ ਵਿੱਚ ਖੂਬ ਰੰਗ ਬੰਨਿਆ। ਸਟੇਜ਼ ਸੰਚਾਲਨ ਆਸ਼ਾ ਸ਼ਰਮਾ ਨੇ ਬਾਖੂਬੀ ਕੀਤਾ। ਅੰਤ ਅਮਿੱਟ ਪੈੜ੍ਹਾ ਛੱਡਦਾ ਇਹ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ।

# ਨਸਲੀ ਵਿਤਕਰਾ ਰੋਕਣ ਲਈ ਕੈਲੀਫੋਰਨੀਆ 'ਚ ਨਵਾਂ ਕਾਨੂੰਨ ਬਣਿਆ

**(ਸਫਾ 1 ਦੀ ਬਾਕੀ)**

ਹੈ, ਜਦੋਂਕਿ ਅਜਿਹੇ ਪਗੜੀਧਾਰੀ ਬੱਚਿਆਂ ਦੀ ਗਿਣਤੀ 67 ਫ਼ੀਸਦੀ ਹੈ।

**ਸਿੱਖ ਹੋਇਆ ਨਸਲੀ ਹਮਲੇ ਦਾ ਸ਼ਿਕਾਰ**

ਇਸ ਦਰਮਿਆਨ ਕੈਲੀਫੋਰਨੀਆ ਵਾਸੀ ਇਕ ਸਿੱਖ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਇਕ ਵਿਅਕਤੀ ਦੇ ਨਸਲੀ ਹਮਲੇ ਦਾ ਸ਼ਿਕਾਰ ਹੋਣਾ ਪਿਆ, ਜਿਸ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਸਬੰਧ ਵਿੱਚ ਪੁਲੀਸ ਨੇ ਨਫ਼ਰਤੀ ਜੁਰਮ ਤਹਿਤ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਪੀੜਤ ਬਲਮੀਤ ਸਿੰਘ ਅਤੇ ਉਸ ਦੇ ਦੋਸਤ ਕੈਲੀਫੋਰਨੀਆ ਐਵੇਨਿਊ ਵਿੱਚ ਰਾਤ ਦਾ ਖਾਣਾ ਖਾਣ ਗਏ ਸਨ। ਇਸ ਦੌਰਾਨ ਬਲਮੀਤ ਸਿੰਘ ਇਕ ਫੋਨ ਕਾਲ ਸਬੰਧੀ ਰੈਸਟੋਰੈਂਟ ਤੋਂ ਬਾਹਰ ਗਿਆ ਤਾਂ ਇਕ ਦਰਮਿਆਨੀ ਉਮਰ ਦਾ ਆਦਮੀ ਆ ਕੇ ਉਸ ਨੂੰ ਗਾਲ੍ਹਾਂ ਕੱਢਣ ਲੱਗਾ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਬਲਮੀਤ ਸਿੰਘ ਨੇ ਕਿਹਾ, ''ਹਮਲਾਵਰ ਮੈਨੂੰ ਆਖ ਰਿਹਾ ਸੀ 'ਤੁਸੀਂ ਸਾਡੇ ਮੁਲਕ ਨੂੰ ਉਡਾ ਦੇਣਾ ਚਾਹੁੰਦੇ ਹੋ, ਤੈਨੂੰ ਮਾਰ ਦੇਣਾ ਚਾਹੀਦਾ ਹੈ। ਮੈਂ ਹੁਣੇ ਤੈਨੂੰ ਮਾਰ ਦੇਵਾਂਗਾ।' ਉਹ ਬਹੁਤ ਗੁੱਸੇ ਵਿੱਚ ਤੇ ਬਹੁਤ ਮੰਦਾ ਬੋਲ ਰਿਹਾ ਸੀ।'' ਇੰਨਾ ਹੀ ਨਹੀਂ ਹਮਲਾਵਰ ਜੋ ਡਰਿੰਕ ਪੀ ਰਿਹਾ ਸੀ, ਉਹ ਵੀ ਉਸ ਨੇ ਬਲਮੀਤ ਸਿੰਘ ਉਤੇ ਸੁੱਟ ਦਿੱਤਾ, ਜਿਸ ਕਾਰਨ ਉਸ ਦੀ ਪੱਗ, ਚਿਹਰਾ ਤੇ ਕੱਪੜੇ ਭਿੱਜ ਗਏ। ਇਸ ਤੋਂ ਬਾਅਦ ਉਹ ਪਾਰਕਿੰਗ ਵੱਲ ਚਲਾ ਗਿਆ ਤਾਂ ਬਲਮੀਤ ਸਿੰਘ ਨੇ ਉਸ ਦਾ ਪਿੱਛਾ ਕਰ ਕੇ ਉਸ ਦੇ ਵਾਹਨ ਦੇ ਵੇਰਵੇ ਤੇ ਨੰਬਰ ਆਦਿ ਨੋਟ ਕਰ ਲਿਆ। ਇਸ ਸਬੰਧੀ ਬਰਕਸਫੀਲਡ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਨਵਤੇਜ ਸਿੰਘ ਸਰਨਾ ਅਮਰੀਕਾ 'ਚ ਭਾਰਤ ਦੇ ਅੰਬੈਸਡਰ ਬਣੇ

**ਨਵੀਂ ਦਿੱਲੀ–** ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਸਿੱਖ ਨਵਤੇਜ ਸਿੰਘ ਸਰਨਾ ਨੂੰ ਅਮਰੀਕਾ 'ਚ ਭਾਰਤ ਦੇ ਨਵੇਂ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਨਵਤੇਜ ਸਿੰਘ ਸਰਨਾ ਜੋ ਕਿ ਇਸ ਵੇਲੇ ਬਰਤਾਨੀਆ 'ਚ ਭਾਰਤੀ ਅੰਬੈਸਡਰ ਦੇ ਅਹੁਦੇ 'ਤੇ ਤਾਇਨਾਤ ਹਨ, ਅਮਰੀਕਾ ਵਿਚ ਮੌਜੂਦਾ ਭਾਰਤੀ ਅੰਬੈਸਡਰ ਅਰੁਣ ਸਿੰਘ ਦੀ ਥਾਂ ਲੈਣਗੇ। ਉਨ੍ਹਾਂ ਦੱਸਿਆ ਕਿ ਸਰਨਾ ਛੇਤੀ ਹੀ ਆਪਣਾ ਅਹੁਦਾ ਸੰਭਾਲਣਗੇ। ਵਰਨਣਯੋਗ ਹੈ ਕਿ ਸਰਨਾ ਅਮਰੀਕਾ 'ਚ ਭਾਰਤ ਦੇ ਨਵੇਂ ਅੰਬੈਸਡਰ ਬਣ ਗਏ ਹਨ, ਜਿਸ ਕਾਰਨ ਅਮਰੀਕਾ ਵਿਚ ਸਿੱਖ ਭਾਈਚਾਰੇ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। ਨਵਤੇਜ ਸਿੰਘ ਸਰਨਾ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਜਲੰਧਰ 'ਚ ਹੋਇਆ ਸੀ। ਉਨਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ ਤੇ 1980 'ਚ ਉਹ ਭਾਰਤੀ ਵਿਦੇਸ਼ ਸੇਵਾ 'ਚ ਸ਼ਾਮਲ ਹੋ ਗਏ। ਉਹ ਹੁਣ ਤੱਕ ਕਈ ਵੱਡੇ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ। 1980 ਤੋਂ 2002 ਤੱਕ ਉਨ੍ਹਾਂ ਨੇ ਮਾਸਕੋ, ਵਾਰਸਾ, ਥਿੰਪੂ, ਜਿਨੇਵਾ, ਤੇਹਰਾਨ ਅਤੇ ਅਮਰੀਕਾ ਦੇ ਭਾਰਤੀ ਦੂਤਘਰ 'ਚ ਸੇਵਾਵਾਂ ਨਿਭਾਈਆਂ।

ਉਨ੍ਹਾਂ ਨੇ ਸਭ ਤੋਂ ਲੰਬਾ ਸਮਾਂ 2002 ਤੋਂ 2008 ਤੱਕ ਵਿਦੇਸ਼ ਮੰਤਰਾਲੇ 'ਚ ਬੁਲਾਰੇ ਵਜੋਂ ਸੇਵਾ ਨਿਭਾਈ। 2008 ਤੋਂ 2012 ਤੱਕ ਉਹ ਇਜ਼ਰਾਇਲ 'ਚ ਭਾਰਤ ਦੇ ਡਿਪਲੋਮੈਟ ਰਹੇ। ਅਗਸਤ 2012 ਤੋਂ ਅਗਸਤ 2014 ਤੱਕ ਉਨ੍ਹਾਂ ਨੇ ਮੁੱਖ ਦਫ਼ਤਰ 'ਚ ਵਧੀਕ ਸਕੱਤਰ/ਵਿਸ਼ੇਸ਼ ਸਕੱਤਰ (ਕੌਮਾਂਤਰੀ ਸੰਗਠਨ ਅਤੇ ਰਾਜਨੀਤੀ) ਵਜੋਂ ਸੇਵਾ ਨਿਭਾਈ। ਸਰਨਾ ਸਤੰਬਰ 2014 ਤੋਂ ਪੱਛਮੀ ਦੇਸ਼ਾਂ ਬਾਰੇ ਸਕੱਤਰ ਨਿਯੁਕਤ ਹਨ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਟੂਰਨਾਮੈਂਟ 29 ਅਤੇ 30 ਅਕਤੂਬਰ ਨੂੰ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਵੱਚ ਫਰਿਜ਼ਨੋ ਨਜ਼ਦੀਕੀ ਸ਼ਹਿਰ ਸਨਵਾਕੀਨ ਅਤੇ ਕਰਮਨ ਦੇ ਸਮੂੰਹ ਮੈਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਕਰਮਨਂ ਵਖੇ ਹੋਈ। ਜਿਸ ਦੌਰਾਨ ਹਰ ਸਾਲ ਦੀ ਤਰ੍ਹਾਂ ਹੋਣ ਵਾਲੇ ਵਿਸਾਖੀ ਟੂਰਨਾਮੈਂਟ ਦੀ ਮਿਤੀ 29 ਅਤੇ 30 ਅਕਤੂਬਰ ਨਿਯਤ ਕੀਤੀ ਗਈ। ਇਹ ਟੂਰਨਾਮੈਂਟ ਸਨਵਾਕੀਨ ਸ਼ਹਿਰ ਦੇ ਸਕੂਲ ਦੀਆਂ ਗਰਾਊਡਾ ਵਿੱਚ ਹੋਵੇਗਾ। ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ। ਇਸ ਅਨੁਸਾਰ 29 ਅਕਤੂਬਰ ਸ਼ਨੀਵਾਰ ਨੂੰ ਬੱਚਿਆ ਦੀ ਬਾਸਕਟ ਬਾਲ, ਵਾਲੀਬਾਲ, ਸ਼ਾਕਰ, ਕੁਸ਼ਤੀਆਂ, ਭਾਰ ਚੁੱਕਣਾ ਆਦਿਕ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਭਾਰਤੀ ਪ੍ਰੰਪਰਾਗਤ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਫੈਮਲੀ ਪਿਕਨਿਕ ਵੀ ਹੋਵੇਗੀ। ਜਿਸ ਦੌਰਾਨ ਬੱਚਿਆ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾ, ਲੋਕ ਬੋਲੀਆਂ-ਗੀਤ ਮੁਕਾਬਲਾ ਅਤੇ ਗਿੱਧਾ-ਭੰਗੜਾ ਵੀ ਹਮੇਸਾ ਵਾਂਗ ਦੇਖਣ ਯੋਗ ਹੋਣਗੀਆਂ। ਇਸ ਦੇ ਦੂਸਰੇਂ ਦਨ 30 ਅਕਤੂਬਰ ਦਿਨ ਐਤਵਾਰ ਨੂੰ ਪ੍ਰਮੁੱਖ ਤੌਰ 'ਤੇ ਬਾਕੀ ਖੇਡਾਂ ਤੋਂ ਇਲਾਵਾ ਉਪਨ ਕਬੱਡੀ ਅਤੇ ਅੰਡਰ 21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਹੋਵੇਗੀ। ਇੰਨ੍ਹਾਂ ਮੈਚਾਂ ਵਿੱਚ ਕੋਈ ਵੀ ਟੀਮ ਹਿੱਸਾ ਲੈ ਸਕਦੀ ਹੈ। ਪਰ ਪ੍ਰਬੰਧਕਾਂ ਦੇ ਬਣਾਏ ਨਿਯਮਾ ਮੁਤਾਬਕ ਖਿਡਾਰੀ ਕਾਨੂੰਨੀ ਤੌਰ 'ਤੇ ਅਮਰੀਕਾ ਦੇ ਵਸਨੀਕ ਹੋਣੇ ਚਾਹੀਦੇ ਹਨ। ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਟੀਮਾਂ ਦੀ ਐਂਟਰੀਂ ਦੋ ਹਫਤੇ ਪਹਿਲਾ ਹੋਣੀ ਜ਼ਰੂਰੀ ਹੈ। ਇੰਨ੍ਹਾਂ ਖੇਡਾਂ ਵਿੱਚ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਗੱਡੀਆਂ ਲਈ ਮੁਫ਼ਤ ਪਾਰਕਿੰਗ ਅਤੇ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਹੋਣਗੇ। ਔਰਤਾਂ ਅਤੇ ਬੱਚਿਆ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਗੁਰੂ ਦਾ ਲੰਗਰ ਦੋਨੋ ਦਿਨ ਅਤੁੱਟ ਵਰਤੇਗਾ। ਪ੍ਰਬੰਧਕਾ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਦੋਨੋ ਦਿਨ ਹਾਜ਼ਰੀਆਂ ਭਰਨ ਅਤੇ ਖੇਡਾ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਜਾਂਦੀ ਹੈ।



# ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਰਹੱਦੀ ਪਿੰਡਾਂ ਦਾ ਕੀਤਾ ਤੂਫਾਨੀ ਦੌਰਾ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਹਿੰਦ-ਪਾਕਿ ਸਰਕਾਰਾਂ ਵਿਚ ਵੱਧਦੇ ਤਣਾਅ ਦੇ ਕਾਰਨ ਪੰਜਾਬ ਸਰਕਾਰ ਵੱਲੋਂ ਸਰਹੱਦ ਤੋਂ 10 ਕਿਲੋਮੀਟਰ ਦੇ ਘੇਰੇ ਅੰਦਰ ਰਹਿੰਦੇ ਲੋਕਾਂ ਨੂੰ ਘਰ ਖਾਲੀ ਕਰਕੇ ਸੁਰੱਖਿਅਕ ਥਾਂਵਾ 'ਤੇ ਚਲੇ ਜਾਣ ਦੇ ਦਿੱਤੇ ਗਏ ਆਦੇਸ਼ ਉਤੇ ਕਿਸਾਨਾਂ ਤੇ ਮਜਦੂਰਾਂ ਨੂੰ ਆ ਰਹੀ ਪ੍ਰੇਸ਼ਾਨੀ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਹਲਕਾ ਖੇਮਕਰਨ ਅੰਦਰ ਵੱਖ-ਵੱਖ ਪਿੰਡਾਂ ਵਿਚ ਲੋਕਾਂ ਨੂੰ ਸੰਬੋਧਨ ਕਰਨ ਲਈ ਬਣਾਏ ਗਏ ਪ੍ਰੋਗਰਾਮ ਵਿਚ ਸਾਮਲ ਹੋਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹੈਲੀਕਾਪਟਰ 3.35 ਦੇ ਦਰਮਿਆਨ ਪਿੰਡ ਪਹੂਵਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬਣਾਏ ਗਏ ਹੈਲੀਪੈਡ ਵਿਖੇ ਉਤਾਰਿਆ ਗਿਆ। ਇਸ ਸਮੇਂ ਹੈਲੀਕਾਪਟਰ ਤੋਂ ਉਤਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠਿਆ ਦਾ ਹਲਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਵਿਧਾਇਕ ਹਰਮੀਤ ਸਿੰਘ ਸੰਧੂ, ਸਰਪੰਚ ਅਮਰਜੀਤ ਸਿੰਘ ਪਹੂਵਿੰਡ, ਮਾਰਕੀਟ ਕਮੇਟੀ ਭਿੱਖੀਵਿੰਡ ਦੇ ਚੇਅਰਮੈਂਨ ਬਚਿੱਤਰ ਸਿੰਘ ਚੂੰਗ, ਸੀਨੀਅਰ ਮੀਤ ਪ੍ਰਧਾਨ ਕ੍ਰਿਸ਼ਨਪਾਲ ਜੱਜ, ਬੀ.ਸੀ ਵਿੰਗ ਦੇ ਜਿਲ੍ਹਾ ਪ੍ਰਧਾਨ ਠੇਕੇਦਾਰ ਵਿਰਸਾ ਸਿੰਘ ਆਦਿ ਵੱਲੋਂ ਸਵਾਗਤ ਕੀਤਾ ਗਿਆ। ਉਪਰੰਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਆਦਿ ਆਗੂ ਗੱਡੀਆਂ ਵਿਚ ਬੈਠ ਕੇ ਸਰਹੱਦੀ ਇਲਾਕਾ ਖਾਲੜਾ, ਛੀਨਾ ਬਿੱਧੀ ਚੰਦ ਨੂੰ ਰਵਾਨਾ ਹੋ ਗਏ। ਇਸ ਮੌਕੇ ਕਮਿਸ਼ਨਰ ਐਚ.ਐਸ. ਨੰਦਾ, ਜੀ.ਆਈ. ਡਾ. ਨਾਰੇਸ਼ ਕੁਮਾਰ ਅਰੋੜਾ, ਡੀ.ਸੀ. ਬਲਵਿੰਦਰ ਸਿੰਘ ਧਾਰੀਵਾਲ, ਐਸ.ਐਸ.ਪੀ. ਮਨਮੋਹਨ ਸ਼ਰਮਾ, ਐਸ.ਪੀ. ਟਰੈਫਿਕ ਗੁਰਚਰਨ ਸਿੰਘ ਗੁਰਾਇਆ, ਡੀ.ਐਸ.ਪੀ. ਜੈਮਲ ਸਿੰਘ ਨਾਗੋਕੇ, ਨਾਇਬ ਤਹਿਸੀਲਦਾਰ ਇੰਦਰਜੀਤ ਸਿੰਘ ਧਨੋਆ, ਐਸ.ਐਮ.ਓ. ਡਾ. ਕੰਵਰਹਰਜੋਤ ਸਿੰਘ, ਐਸ.ਐਚ.ਓ. ਅਵਤਾਰ ਸਿੰਘ ਕਾਹਲੋਂ, ਟਰੈਫਿਕ ਇੰਚਾਰਜ ਪਰਮਜੀਤ ਸਿੰਘ ਵਿਰਦੀ ਆਦਿ ਪ੍ਰਸ਼ਾਸ਼ਨਿਕ ਅਧਿਕਾਰੀ ਹਾਜਰ ਸਨ।







### ਕੈਪਟਨ ਬਿਕਰਮਾਜੀਤ ਸਿੰਘ ਪਹੂਵਿੰਡੀਆਂ ਨੇ ਮੁੱਖ ਮੰਤਰੀ ਨੂੰ ਦਿੱਤਾ ਮੰਗ ਪੱਤਰ

ਪਿੰਡ ਪਹੂਵਿੰਡ ਵਿਖੇ ਪਹੁੰਚੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਮ ਆਦਮੀ ਪਾਰਟੀ ਦੇ ਸਾਬਕਾ ਫੌਜੀ ਵਿੰਗ ਦੇ ਪ੍ਰਧਾਨ ਕੈਪਟਨ ਬਿਕਰਮਾਜੀਤ ਸਿੰਘ ਪਹੂਵਿੰਡ ਸ਼ੋਰੀਆ ਚੱਕਰ ਵਿਜੇਤਾ ਵੱਲੋਂ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਮੰਗ ਪੱਤਰ ਵਿਚ ਸਰਹੱਦੀ ਇਲਾਕੇ ਦੀਆਂ ਮੌਜੂਦਾ ਹਾਲਤ ਤੇ ਲੋਕਾਂ ਦੀਆਂ ਪੀੜਾਂ ਪ੍ਰਤੀ ਜਾਣੂ ਕਰਵਾਉਦਿਆਂ ਸ਼ੋਰੀਆ ਚੱਕਰ ਵਿਜੇਤਾ ਕੈਪਟਨ ਬਿਕਰਮਾਜੀਤ ਸਿੰਘ ਨੇ ਕਿਹਾ ਕਿ ਜੰਗ ਦੇ ਨਾਮ 'ਤੇ ਸਰਕਾਰਾਂ ਵੱਲੋਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਕਿਉਕਿ ਜੇਕਰ ਜੰਗ ਲੱਗਣ ਦੇ ਹਲਾਤ ਹੁੰਦੇ ਤਾਂ ਫੋਜੀਆਂ ਦੀਆਂ ਛੁੱਟੀਆਂ ਰੱਦ ਕੀਤੀਆਂ ਜਾਂਦੀਆਂ, ਸਰਹੱਦਾਂ 'ਤੇ ਬੀ.ਐਸ.ਐਫ ਦੀ ਜਗ੍ਹਾ 'ਤੇ ਫੋਜ ਹੁੰਦੀ ਅਤੇ ਹਿੰਦ-ਪਾਕਿ ਵਿਚਕਾਰ ਟਮਾਟਰਾਂ, ਸੀਮਿੰਟ, ਸੋਗੀ ਦਾ ਵਪਾਰ ਬੰਦ ਹੁੰਦਾ। ਜਦੋਂ ਕਿ ਇਹ ਸਭ ਕੁਝ ਨਹੀ ਹੋ ਰਿਹਾ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਸ ਹਾਦਸ਼ੇ ਨੂੰ ਜੰਗ ਦਾ ਨਾਮ ਦੇ ਕੇ ਸਰਹੱਦੀ ਲੋਕਾਂ ਨੂੰ ਤੰਗ ਪ੍ਰੇਸ਼ਾਨ ਤੇ ਗੁੰਮਰਾਹ ਕੀਤਾ ਜਾ ਰਿਹਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਪਿੰਡ ਵਾਸੀਆਂ ਨੂੰ ਘਰ ਛੱਡਣ ਜਬਰਦਸਤੀ ਪਿੰਡ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਦੇ ਘਰਾਂ ਵਿਚ ਚੋਰੀਆਂ ਹੋ ਰਹੀਆਂ ਹਨ ਤੇ ਸਮਾਨ ਦੀ ਢੋਆ-ਢੁਆਈ ਲਈ ਹਰੇਕ ਘਰ ਦਾ 10000 ਰੁਪਏ ਖਰਚ ਆ ਰਿਹਾ ਹੈ ਅਤੇ ਬੀ.ਐਸ.ਐਫ ਵੱਲੋਂ ਸਰਹੱਦ ਤੋਂ ਪਾਰ ਪੱਕੀਆਂ ਫਸਲਾਂ ਕੱਟਣ ਤੋਂ ਰੋਕਿਆ ਜਾ ਰਿਹਾ ਹੈ, ਜਿਸ ਨਾਲ ਕਿਸਾਨਾਂ ਦਾ ਪ੍ਰਤੀ ਏਕੜ 50 ਹਜਾਰ ਰੁਪਏ ਨੁਕਸਾਨ ਹੋ ਰਿਹਾ ਹੈ। ਉਹਨਾਂ ਨੇ ਮੰਗ ਕੀਤੀ ਕਿ ਕਿਸਾਨਾਂ ਤੇ ਸਰਹੱਦੀ ਏਰੀਏ ਦੇ ਲੋਕਾਂ ਨੂੰ ਮੁਆਵਜਾ ਦਿੱਤਾ ਜਾਵੇ।

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਇਜਲਾਸ 15 ਅਕਤੂਬਰ ਨੂੰ

## ਅਨੂਪ ਸਿੰਘ ਵਿਰਕ ਅਤੇ ਡਾ.ਐਸ.ਐਸ.ਖਾਹਰਾ ਦਾ ਸਨਮਾਨ

**ਲੁਧਿਆਣਾ (ਬਿਊਰੋ)–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਇੱਕ ਪ੍ਰੈਸ ਨੋਟ ਰਾਹੀਂ ਦੱਸਿਆ ਹੈ ਕਿ ਸਭਾ ਦਾ ਜਨਰਲ ਇਜਲਾਸ 15 ਅਕਤੂਬਰ ਨੂੰ ਸਵੇਰੇ 10 ਵਜੇ ਪੰਜਾਬੀ ਭਵਨ ਲੁਧਿਆਣਾ ਵਿਚ ਹੋਵੇਗਾ ਇਸ ਵਿਚ ਪ੍ਰੋ. ਅਨੂਪ ਸਿੰਘ ਵਿਰਕ ਨੂੰ ਹੀਰਾ ਸਿੰਘ ਦਰਦ ਪੁਰਸਕਾਰ ਅਤੇ ਡਾ. ਐਸ. ਐਸ. ਖਾਹਰਾ ਨੂੰ ਡਾ. ਰਵਿੰਦਰ ਰਵੀ







ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ. ਜਨਰਲ ਸਕੱਤਰ ਵੱਲੋਂ ਦੋ ਸਾਲਾਂ ਦੀ ਰਿਪੋਰਟ ਪੇਸ਼ ਕਰਨ ਤੋਂ ਇਲਾਵਾ ਇਸ ਸਮੇਂ ਦਾ ਹਿਸਾਬ-ਕਿਤਾਬ ਵੀ ਪਾਸ ਕਰਵਾਇਆ ਜਾਵੇਗਾ. ਅਹੁਦੇਦਾਰਾਂ ਨੇ ਇਹ ਵੀ ਦੱਸਿਆ ਕਿ ਕੇਂਦਰੀ ਸਭਾ ਦੀ ਚੋਣ 6 ਨਵੰਬਰ 2016 ਨੂੰ ਗੁਪਤ ਵੋਟਾਂ ਰਾਹੀਂ ਸਵੇਰੇ 9 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤਕ ਪੰਜਾਬੀ ਭਵਨ ਲੁਧਿਆਣਾ ਵਿਚ ਹੋਵੇਗੀ। ਨਾਮਜ਼ਦਗੀਆਂ 15 ਅਕਤੂਬਰ ਤੋਂ 22 ਅਕਤੂਬਰ ਦੁਪਹਿਰ 12 ਵਜੇ ਤਕ ਹੋ ਸਕਣਗੀਆਂ।

ਇਸ ਤੋਂ ਤੁਰੰਤ ਬਾਅਦ ਪੜਤਾਲ ਦਾ ਕੰਮ ਹੋਵੇਗਾ. ਉਮੀਦਵਾਰ 25 ਅਕਤੂਬਰ 4 ਵਜੇ ਬਾਅਦ ਦੁਪਹਿਰ ਤਕ ਆਪਣਾ ਨਾਂ ਵਾਪਸ ਲੈ ਸਕਣਗੇ. ਉਸੇ ਦਿਨ ਹੀ ਨਤੀਜੇ ਦਾ ਐਲਾਨ ਕਰ ਦਿੱਤਾ ਜਾਵੇਗਾ।

ਚੋਣ ਅਧਿਕਾਰੀ ਗੁਲਜ਼ਾਰ ਪੰਧੇਰ ਨੇ ਦੱਸਿਆ ਕਿ ਲੇਖਕ ਵੋਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ ਗਏ ਪਛਾਣ ਪੱਤਰਾਂ ਵਿਚੋਂ ਕੋਈ ਇੱਕ ਪਛਾਣ ਪੱਤਰ ਆਪਣੇ ਨਾਲ ਲੈ ਕੇ ਜ਼ਰੂਰ ਆਉਣ. ਉਪਰੋਕਤ ਅਹੁਦੇਦਾਰਾਂ ਤੋਂ ਇਲਾਵਾ ਮਨਜੀਤ ਕੌਰ ਮੀਤ, ਦੀਪ ਦੇਵਿੰਦਰ ਸਿੰਘ, ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰਪ੍ਰੀਤ ਘਣੀਆ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ ਨੇ ਲੇਖਕ ਤੇ ਲੇਖਕ ਸਭਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਰਲ ਇਜਲਾਸ ਵਿਚ ਪਹੁੰਚ ਕੇ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਪੂਰੀ ਕਰਨ।

# ਸਿੱਖ ਕਾਮਿਆਂ ਲਈ ਹੈਲਮਟ ਪਹਿਨਣਾ ਜਰੂਰੀ

**ਟੋਰਾਂਟੋ–** ਕੈਨੇਡੀਅਨ ਅਦਾਲਤ ਨੇ 10 ਸਾਲ ਪੁਰਾਣੇ ਇਕ ਮਾਮਲੇ 'ਤੇ ਫ਼ੈਸਲਾ ਦਿੰਦੇ ਹੋਏ ਤਿੰਨ ਸਿੱਖ ਡਰਾਈਵਰਾਂ ਨੂੰ ਕੰਮ 'ਤੇ ਹੈਲਮਟ ਪਾ ਕੇ ਜਾਣ ਦਾ ਹੁਕਮ ਸੁਣਾਇਆ ਅਤੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਵੀ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ।

ਤਿੰਨ ਸਿੱਖ ਜੋ ਕਿ ਮੋਂਟਰੀਅਲ ਬੰਦਰਗਾਹ 'ਤੇ ਕੰਟੇਨਰ ਟਰੱਕ ਚਲਾਉਂਦੇ ਹਨ ਨੇ ਅਪੀਲ ਕੀਤੀ ਸੀ ਕਿ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੂੰ ਹੈਲਮਟ ਦੀ ਬਜਾਏ ਪੱਗ ਬੰਨ੍ਹਣ ਦੀ ਇਜਾਜ਼ਤ ਦਿੱਤੀ ਜਾਵੇ। ਆਪਣੇ ਹੁਕਮਾਂ ਵਿਚ ਕਿਊਬੇਕ ਸੁਪੀਰੀਅਰ ਅਦਾਲਤ ਦੇ ਜੱਜ ਆਂਦਰੇ ਪ੍ਰੋਵੋਸਟ ਨੇ ਬੰਦਰਗਾਹ ਦੇ ਨਿਯਮਾਂ ਨੂੰ ਸਹੀ ਠਹਿਰਾਇਆ ਕਿਉਂਕਿ ਹੈਲਮਟ ਕਾਮਿਆਂ ਨੂੰ ਸਿਰ 'ਚ ਸੱਟ ਤੋਂ ਬਚਾਉਂਦੇ ਹਨ। ਜ਼ਿਕਰਯੋਗ ਹੈ ਕਿ ਸਾਲ 2006 ਵਿਚ ਇਨ੍ਹਾਂ ਸਿੱਖ ਡਰਾਈਵਰਾਂ ਨੇ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਧਾਰਮਿਕ ਭੇਦਭਾਵ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੈਲਮਟ ਪਹਿਨਣ ਤੋਂ ਬਿਨ੍ਹਾਂ ਬੰਦਰਗਾਹ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। ਇਥੇ ਸਾਲ 2005 ਵਿਚ ਨਵੇਂ ਸੁਰੱਖਿਆ ਨਿਯਮ ਲਾਗੂ ਕੀਤੇ ਗਏ ਸਨ। ਇਨ੍ਹਾਂ ਸਿੱਖ ਕਾਮਿਆਂ ਦੇ ਵਕੀਲ ਨੇ ਕਿਹਾ ਕਿ ਇਹ ਫ਼ੈਸਲਾ ਨਿਰਾਸ਼ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਹਫ਼ਤੇ ਸਿੱਖ ਕਾਮਿਆਂ ਨੂੰ ਫਿਰ ਮਿਲਣਗੇ ਤਾਂ ਕਿ ਫ਼ੈਸਲੇ ਖ਼ਿਲਾਫ਼ ਅਪੀਲ ਕੀਤੀ ਜਾ ਸਕੇ।

# ਵਫਦ ਵੱਲੋਂ ਨਵੇਂ ਪ੍ਰਿੰਸੀਪਲ ਨਾਲ ਮੁਲਾਕਾਤ



**ਨਸਰਾਲਾ–** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਸਰਾਲਾ ਵਿਖੇ ਹਰਵਿੰਦਰ ਸਿੰਘ ਨੰਬਰਦਾਰ ਸਰਕਲ ਪ੍ਰਧਾਨ ਨੰਬਰਦਾਰ ਯੂਨੀਅਨ ਨਸਰਾਲਾ ਦੀ ਅਗਵਾਈ ਹੇਠ ਇਕ ਵਫਦ ਪਹੁੰਚਿਆ, ਜਿਹਨਾਂ ਨੇ ਸਕੂਲ ਵਿਚ ਨਵੇਂ ਜੁਆਇਨ ਹੋਏ ਪ੍ਰਿੰਸੀਪਲ ਸ੍ਰੀ ਕਰੁਨ ਸ਼ਰਮਾ ਨੂੰ ਵਧਾਈਆਂ ਦਿੰਦੇ ਹੋਏ ਸਨਮਾਨਿਤ ਕੀਤਾ। ਉਹਨਾਂ ਕਿਹਾ ਕਿ ਸਕੂਲ ਵਿਚ ਪ੍ਰਿੰਸੀਪਲ ਦੀ ਅਸਾਮੀ ਲੰਮੇ ਸਮੇਂ ਤੋਂ ਖਾਲੀ ਸੀ। ਹੁਣ ਸ੍ਰੀ ਕਰੁਨ ਸ਼ਰਮਾ ਦੇ ਆਉਣ ਨਾਲ ਸਕੂਲ ਵਿਚ ਵਿਦਿਅਕ ਗਤੀਵਿਧੀਆਂ ਅਤੇ ਸਮੁੱਚਾ ਵਾਤਾਵਰਣ ਬਹੁਤ ਤਰੱਕੀ ਕਰੇਗਾ।

ਇਸ ਮੌਕੇ ਉਹਨਾਂ ਨਾਲ ਹਰਭਜਨ ਸਿੰਘ ਸਰਪੰਚ ਚੱਕ ਗੁਜਰਾਂ, ਸੁਖਵਿੰਦਰ ਸਿੰਘ ਨੰਬਰਦਾਰ, ਕਰਨੈਲ ਸਿੰਘ ਨੰਬਰਦਾਰ, ਕੁਲਦੀਪ ਸਿੰਘ ਨੰਬਰਦਾਰ, ਸਰਪੰਚ ਦੀਪ ਕੌਰ ਨਸਰਾਲਾ, ਬਲਵੀਰ ਕੌਰ, ਕੁਲਵਿੰਦਰ ਸਿੰਘ, ਬਲਵੀਰ ਚੰਦ, ਡਾ. ਜਸਵੰਤ ਰਾਏ, ਮੈਡਮ ਗੁਰਦਰਸ਼ਨ ਕੌਰ ਵੀ ਸ਼ਾਮਲ ਸਨ।

ਦੇਸ਼ ਦੁਆਬਾ

# ਡਾ.ਅੰਬੇਦਕਰ ਸਮਾਜਿਕ ਸਮਾਨਤਾ ਅਤੇ ਲੋਕਤੰਤਰ

ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਪੁਨਰ ਜਾਗਰਣ ਦੇ ਸਹੀ ਅਰਥਾਂ ਵਿੱਚ ਅਜਿਹੇ ਅਗਰ ਦੂਤ ਸਨ, ਜਿਨ੍ਹਾਂ ਨੇ ਭਾਰਤ ਦੇ ਦੋਹਰੇ ਗੁਲਾਮਾਂ ਨੂੰ ਮੁਕੰਮਲ ਅਜ਼ਾਦ ਕਰਾਉਣ ਦਾ ਸੁਪਨਾ ਹੀ ਨਹੀਂ ਲਿਆ ਸੀ, ਬਲਕਿ ਆਪਣਾ ਸਾਰਾ ਜੀਵਨ ਸਾਮਾਜਿਕ ਲੋਕਤੰਤਰ ਨੂੰ ਸਮਰਪਿਤ ਕਰਨ ਲਈ ਸੰਘਰਸ਼ ਦੇ ਰੂਪ ਵਿੱਚ ਨਿਛਾਵਰ ਕਰ ਦਿੱਤਾ ਸੀ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕੀ ਰਾਜਨੀਤਕ ਲੋਕਤੰਤਰ ਭਾਰਤ ਨੂੰ ਵਿਦੇਸ਼ੀ ਸ਼ਾਸਕਾਂ ਤੋਂ ਮੁਕਤੀ ਤਾਂ ਦਿਵਾ ਸਕਦਾ ਹੈ, ਪਰ ਸਾਮਾਜਿਕ ਬਰਾਬਰਤਾ ਹਾਸਲ ਕਰਨ ਤੋਂ ਬਿਨਾਂ ਅਜਿਹਾ ਲੋਕਤੰਤਰ ਬਹੁਤ ਚਿਰ ਟਿਕ ਨਹੀਂ ਸਕਦਾ। ਦੂਸਰੇ ਸ਼ਬਦਾਂ ਵਿੱਚ ਰਾਜਨੀਤਕ ਲੋਕਤੰਤਰ ਦੇ ਮੁਕੰਮਲ ਤੌਰ 'ਤੇ ਬਣੇ ਰਹਿਣ ਲਈ ਇਹ ਅਤੀ ਜ਼ਰੂਰੀ ਹੈ ਕਿ ਇਸ ਦੀ ਉਸਾਰੀ ਸਾਮਾਜਿਕ ਸਮਾਨਤਾ ਦੀਆਂ ਲੀਹਾਂ ਤੇ ਹੀ ਹੋਵੇ।

ਸਾਮਾਜਿਕ ਲੋਕਤੰਤਰ ਬਾਬਾ ਸਾਹਿਬ ਡਾਕਟਰ ਅੰਬੇਦਕਰ ਅਨੁਸਾਰ ਇੱਕ ਅਜਿਹੀ ਵਿਵਸਥਾ ਹੈ ਕਿ ਜਿੱਥੇ ਜੀਵਨ ਨਿਰਵਾਹ ਵਜੋਂ ਮਾਨਤਾ ਪ੍ਰਾਪਤ ਹੈ। ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੀ ਤ੍ਰਿਵੇਣੀ ਦੇ ਇਹ ਤਿੰਨੇ ਸਿਧਾਂਤ ਆਪਸ ਵਿੱਚ ਮਿਲ ਕੇ ਲੋਕਤੰਤਰ ਪ੍ਰਣਾਲੀ ਦਾ ਨਿਰਮਾਣ ਕਰਦੇ ਹਨ। ਇਨ੍ਹਾਂ ਵਿੱਚ ਜੇਕਰ ਇਕ ਨੂੰ ਵੀ ਮਨਫੀ ਕਰ ਦਿੱਤਾ ਜਾਵੇ ਤਾਂ ਲੋਕਤੰਤਰ ਦਾ ਸੰਤੁਲਨ ਵਿਗੜ ਜਾਂਦਾ ਹੈ। ਸੁਤੰਤਰਤਾ ਅਤੇ ਸਮਾਨਤਾ ਨੂੰ ਇੱਕ ਦੂਸਰੇ ਤੋਂ ਅਲੱਗ ਰੱਖ ਕੇ ਨਹੀਂ ਮਾਣਿਆ ਜਾ ਸਕਦਾ। ਜੇ ਕਿਸੇ ਸਮਾਜ ਵਿਚੋਂ ਸਮਾਨਤਾ ਦੇ ਸਿਧਾਂਤ ਨੂੰ ਅਣਗੌਲਿਆ ਰੱਖਿਆ ਜਾਂਦਾ ਹੈ ਤਾਂ ਉੱਤੇ ਸੁਤੰਤਰਤਾ ਦਾ ਸਿਧਾਂਤ ਕੁੱਝ ਚੰਦ ਲੋਕਾਂ ਦੁਆਰਾ ਬਹੁਤਿਆਂ ਉੱਤੇ ਦਬਦਬਾ ਜਮਾਉਣ ਲਈ ਵਰਤਿਆ ਜਾਵੇਗਾ। ਪਰ ਸੁਤੰਤਰਤਾ ਤੋਂ ਬਿਨਾਂ ਇਕੱਲੀ ਸਮਾਨਤਾ ਦਾ ਸਿਧਾਂਤ ਵਿਅਕਤੀਗਤ ਉਤਸ਼ਾਹ ਨੂੰ ਖੁੰਡਾ ਕਰ ਦੇਵੇਗਾ। ਸੁਤੰਤਰਤਾ ਅਤੇ ਸਮਾਨਤਾ ਅਸਲ ਵਿੱਚ ਭਰਾਤਰੀ ਸਿਧਾਂਤ ਦੇ ਨਾਲ ਜੁੜੇ ਬੈਠੇ ਹਨ। ਭਰਾਤਰੀ ਭਾਵ ਤੋਂ ਬਿਨਾਂ ਸੁਤੰਤਰਤਾ ਅਤੇ ਸਮਾਨਤਾ ਲੋਕਤੰਤਰ ਦੇ ਪੂਰਣ ਨਿਰਮਾਣ ਲਈ ਅਧੂਰੀਆਂ ਸਾਬਤ ਹੁੰਦੀਆਂ ਹਨ। ਅਸਲ ਵਿੱਚ ਭਰਾਤਰੀ ਭਾਵ ਦਾ ਸਿਧਾਂਤ ਹੀ ਸੁਤੰਤਰਤਾ ਤੇ ਸਮਾਨਤਾ ਦੇ ਸਿਧਾਂਤਾਂ ਨੂੰ ਯੋਗ ਵਰਤੋਂ ਵਿੱਚ ਲਿਆ ਕੇ ਲੋਕਤੰਤਰ ਰਾਜ ਦੀ ਸਹੀ ਅਰਥਾਂ ਵਿੱਚ ਉਸਾਰੀ ਕਰਦਾ ਹੈ।



ਸਾਹਿਬ ਸ੍ਰੀ ਕਾਂਸ਼ੀ ਰਾਮ

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ ਕਾਲੇ ਧਨ ਤੇ ਲੋਕਪਾਲ ਬਿੱਲ ਦੇ ਮੁੱਦਿਆਂ ਨੂੰ ਲੈ ਕੇ ਰਿਸ਼ਵਤ 'ਤੇ ਕਾਬੂ ਪਾਉਣ ਲਈ ਭਾਰਤੀ ਲੋਕਤੰਤਰ ਦੀ ਸ਼ਕਤੀ ਨੂੰ ਵੰਗਾਰਿਆ ਗਿਆ ਹੈ। ਹੋਰ ਤਾਂ ਹੋਰ ਕੁਰਾਹੇ ਪਈ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਅਖੌਤੀ ਬਾਬੇ ਆਪਣੇ ਹੀ ਭਾਰਤ ਦੀਆਂ ਬਹੂ-ਬੇਟੀਆਂ ਨਾਲ ਜਬਰ ਜਿਨਾਹ ਦੇ ਕੇਸ ਸਾਹਮਣੇ ਆ ਰਹੇ ਹਨ ਅਤੇ ਹੋਰ ਅਖੌਤੀ ਬਾਬੇ, ਸਾਧੂ ਅਤੇ ਚੇਲੇ ਭੂਪੇ ਵੀ ਲੋਕਤੰਤਰ ਦੇ ਰਖਵਾਲੇ ਬਣ ਕੇ ਸਾਹਮਣੇ ਆ ਰਹੇ ਹਨ। ਇਸ ਦੇ ਨਾਲ ਹੀ ਅਖੌਤੀ ਬਾਬੇ, ਸਾਧੂ ਅਤੇ ਚੇਲੇ ਭੂਪਿਆਂ ਦੁਆਰਾ ਕੀਤੇ ਜਾ ਰਹੇ ਜਬਰ ਜਿਨਾਹ ਬਹੁਤ ਹੀ ਸ਼ਰਮਨਾਕ ਗੱਲ ਹੈ, ਜਿਸ ਨੂੰ ਨੱਥ ਪਾਉਣ ਲਈ ਨਿਆਂਪਾਲਿਕਾ ਨੇ ਜੋ ਸਖਤੀ ਦਿਖਾਈ ਹੈ, ਉਹ ਸ਼ਲਾਘਾਯੋਗ ਹੈ। ਕੀ ਭਾਰਤੀ ਲੋਕਤੰਤਰ ਨੂੰ ਅਤੇ ਭਾਰਤ ਵਿੱਚ ਰਿਸ਼ਵਤ ਨੂੰ ਕਾਬੂ ਕਰਨ ਲਈ ਧਰਮ ਦੀ ਸ਼ਮੂਲੀਅਤ ਜ਼ਰੂਰੀ ਹੈ? ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਇਸ ਬਾਰੇ ਕੋਈ ਦੋ ਰਾਏ ਨਹੀਂ ਕਿ ਜਦ ਤੱਕ ਸਾਮਾਜਿਕ ਸਮਾਨਤਾ ਅਤੇ ਭਾਈਵਾਲਤਾ ਨੂੰ ਭਾਰਤੀ ਸਮਾਜ ਵਿੱਚ ਬਣਦੀ ਸਰਦੀ ਜਗ੍ਹਾ ਨਹੀਂ ਦਿੱਤੀ ਜਾਂਦੀ ਤਦ ਤੱਕ ਲੋਕਤੰਤਰ ਆਪਣੀ ਹੋਂਦ ਨਹੀਂ ਬਚਾ ਸਕਦਾ। ਅਜਿਹੀ ਸੋਚ ਨੂੰ ਲੈ ਕੇ ਚੱਲੇ ਸਨ ਸਾਹਿਬ ਸ੍ਰੀ ਕਾਂਸ਼ੀ ਰਾਮ।

ਸਾਡੀ ਜਾਚੇ ਤਾਂ ਲਗਦਾ ਹੈ ਕਿ ਭਾਰਤ ਵਿੱਚ ਰਿਸ਼ਵਤ ਦਾ ਸੰਬੰਧ ਜਾਤ-ਪਾਤ ਦੀਆਂ ਵੰਡੀਆਂ ਨਾਲ ਵੀ ਹੈ, ਜਦੋਂ ਤੱਕ ਜਾਤ-ਪਾਤ ਨਹੀਂ ਖਤਮ ਹੁੰਦੀ, ਉਦੋਂ ਤੱਕ ਰਿਸ਼ਵਤ ਵੀ ਨਹੀਂ ਖਤਮ ਹੋਣੀ। ਇਸ ਨੁਕਤਾ ਨਿਗਾ ਤੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਵਿਚਾਰ ਅਤੇ ਫਲਸਫਾ ਹੀ ਭਾਰਤ ਵਿੱਚ ਰਿਸ਼ਵਤ ਦਾ ਖਾਤਮਾ ਅਤੇ ਲੋਕਤੰਤਰ ਦੀ ਸਹੀ ਸ਼ਬਦਾਂ ਵਿੱਚ ਸਥਾਪਤੀ ਕਰਕੇ ਬਹੁਜਨ ਸਮਾਜ ਨੂੰ ਅਜ਼ਾਦੀ ਤੇ ਜਮਹੂਰੀਅਤ ਵੱਲ ਤੋਰ ਸਕਦਾ ਹੈ।

ਅੱਜ ਦੇ ਦਿਨ (9 ਅਕਤੂਬਰ) ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ ਉਹਨਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

– ਪ੍ਰੇਮ ਕੁਮਾਰ ਚੁੰਬਰ

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

## ਪੁਣਛਾਣ

### ਸਿਆਸਤ ਦੀ ਪੁਣਛਾਣ

# ਇਸ ਵਾਰ ਬਸਪਾ ਨਵੇਂ ਸ਼ਹਿਰ ਤੋਂ ਇਤਿਹਾਸ ਰਚਣ ਦੀ ਤਿਆਰੀ 'ਚ



ਪ੍ਰੇਮੀ ਲਾਲੋ ਮਜਾਰਾ
91-95011-43755

ਫਿਲੌਰ ਦੀ ਬਹੁਚਰਚਿਤ ਸੀਟ ਤੋਂ ਬਾਅਦ ਨਵੇਂ ਸ਼ਹਿਰ ਦੀ ਇਕ ਅਜਿਹੀ ਵੱਕਾਰੀ ਸੀਟ ਹੋਵੇਗੀ, ਜਿੱਥੇ ਬਸਪਾ ਇਸ ਵਾਰ ਇਕ ਨਵਾਂ ਇਤਿਹਾਸ ਰਚ ਸਕਦੀ ਹੈ। ਬਸਪਾ ਨੇ ਇੱਥੋਂ ਡਾ. ਨਛੱਤਰ ਪਾਲ ਰਾਹੋਂ ਨੂੰ ਆਪਣਾ ਉਮੀਦਵਾਰ ਬਣਾ ਕੇ ਚੋਣ ਜੰਗ ਦੇ ਵਿਚ ਝੋਕ ਦਿੱਤਾ ਹੈ। ਜਦਕਿ ਬਾਕੀ ਪਾਰਟੀਆਂ ਆਪਣਾ-ਆਪਣਾ ਉਮੀਦਵਾਰ ਇੱਥੋਂ ਦੇਣ ਵਿਚ ਹਾਲੇ ਤੱਕ ਨਾਕਾਮ ਹੀ ਰਹੀਆਂ ਹਨ। ਡਾ. ਨਛੱਤਰ ਪਾਲ ਇਕ ਪੜ੍ਹਿਆ-ਲਿਖਿਆ, ਸਿਆਸੀ ਤਜਰਬੇਕਾਰ, ਹਰ ਵਰਗ ਵਿਚ ਪਸੰਦ ਕੀਤਾ ਜਾਣ ਵਾਲਾ, ਪ੍ਰਸ਼ਾਸਨਿਕ ਕੰਮਾਂ ਦੀ ਚੰਗੀ ਪਕੜ ਰੱਖਣ ਵਾਲਾ, ਸਿਦਕੀ, ਸਿਰੜੀ ਤੇ ਇਮਾਨਦਾਰੀ ਦਾ ਮੁਜੱਸਮਾ, ਬਸਪਾ ਦੇ ਹਰ ਅਹੁਦੇ ਤੇ ਕੰਮ ਕਰਨ ਵਾਲਾ ਰਾਜਨੇਤਾ ਹੈ। ਡਾ. ਨਛੱਤਰ ਪਾਲ ਬਸਪਾ ਦਾ ਫਾਊਂਡਰ ਵਰਕਰ ਹੈ ਤੇ ਸਾਰੇ ਉਹਦੇ ਕੀਤੇ ਕੰਮਾਂ ਤੋਂ ਵਾਕਫ਼ ਹਨ। 2003 ਤੇ 2009 ਵਿਚ ਉਹ ਰਾਹੋਂ ਤੋਂ ਕੌਂਸਲਰ ਰਹਿ ਚੁੱਕਾ ਹੈ। 1997 ਵਿਚ ਗੌਰਮਿੰਟ ਕਾਲਜ ਪੋਲੀਟੈਕਨਿਕ ਬਠਿੰਡਾ ਤੋਂ ਉਸਨੇ ਡੀ-ਫਾਰਮੇਸੀ ਦਾ ਕੋਰਸ ਕੀਤਾ ਹੋਇਆ ਹੈ। ਉਹਦੀ ਮਿਹਨਤ ਤੇ ਲਗਨ ਨੂੰ ਵੇਖਦਿਆਂ ਬਸਪਾ ਨੇ ਉਹਨੂੰ ਪਹਿਲੀ ਵਾਰ ਆਪਣਾ ਨਵਾਂ ਸ਼ਹਿਰ ਦੀ ਜਨਰਲ ਸੀਟ ਤੋਂ ਉਮੀਦਵਾਰ ਬਣਾ ਕੇ ਇਕ ਤੀਰ ਨਾਲ ਕਈ ਨਿਸ਼ਾਨੇ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਜੇ ਨਵਾਂ ਸ਼ਹਿਰ ਦੀ ਸਿਆਸੀ ਪ੍ਰਸਥਿਤੀਆਂ ਤੇ ਬਾਜ਼ ਅੱਖ ਮਾਰੀ ਜਾਵੇ ਤਾਂ ਸੌ ਫੀਸਦੀ ਇਹੀ ਸੰਭਾਵਨਾ ਪ੍ਰਗਟ ਕੀਤੀ ਜਾ ਸਕਦੀ ਹੈ ਕਿ ਇਸ ਵਾਰ ਨਵਾਂ ਸ਼ਹਿਰ ਦੀ ਜਨਰਲ ਸੀਟ ਤੇ ਬਸਪਾ ਹੀ ਇਤਿਹਾਸ ਰਚਣ ਜਾ ਰਹੀ ਹੈ। ਕਾਂਗਰਸ ਦੀ ਮੌਜੂਦਾ ਐਮ. ਐਲ. ਏ. ਗੁਰਇਕਬਾਲ ਕੌਰ ਨੂੰ, ਟਿਕਟ ਮਿਲਣੀ ਤਾਂ ਲਾਜ਼ਮੀ ਹੈ ਪਰ ਸਿਆਸੀ ਸਫਾਂ ਤੇ ਉਹਦੀ 5 ਸਾਲ ਦੀ ਕਾਰਗੁਜ਼ਾਰੀ ਕਾਂਗਰਸੀ ਵਰਕਰਾਂ ਦੀ ਕਿਤੇ ਵੀ ਸੰਤੁਸ਼ਟੀ ਨਹੀਂ ਕਰਦੀ। ਇਸ ਵਾਰ ਉਹਨੂੰ ਇੱਥੋਂ ਧੜੇਬੰਦੀ ਦਾ ਸਾਹਮਣਾ ਵੀ ਰੱਜ ਕੇ ਕਰਨਾ ਪਵੇਗਾ। ਦੂਸਰਾ ਇੱਥੋਂ ਦੂਜੇ ਤੇ ਤੀਜੇ ਨੰਬਰ 'ਤੇ ਰਹਿਣ ਵਾਲੇ ਉਮੀਦਵਾਰਾਂ ਵਿਚਾਲੇ ਤੇ ਗੁਰਇਕਬਾਲ ਨੂੰ ਮਿਲੀਆਂ ਵੋਟਾਂ ਵਿਚਾਲੇ ਕੋਈ ਬਹੁਤਾ ਵੱਡਾ ਅੰਤਰ ਵੀ ਨਹੀਂ ਸੀ। ਤੀਸਰਾ ਸਭ ਤੋਂ ਵੱਡੀ ਦੁਰਗਤੀ ਇੱਥੇ ਅਕਾਲੀ ਦਲ ਨਾਲ ਹੋਣ ਵਾਲੀ ਹੈ। ਕਿਉਂਕਿ ਸਭ ਤੋਂ ਵੱਡੀ ਧੜੇਬੰਦੀ ਇਸੇ ਪਾਰਟੀ ਵਿਚ ਹੀ ਹੈ। ਬੇਸ਼ੱਕ ਨਵਾਂ ਸ਼ਹਿਰ ਤੋਂ ਜਰਨੈਲ ਵਾਹਿਦ ਨੂੰ ਹਲਕਾ ਇੰਚਾਰਜ ਲਾਇਆ ਹੋਇਆ ਹੈ, ਪਰ ਉਹ ਧੜੇਬੰਦੀ ਨੂੰ ਮਿਟਾ ਨਹੀਂ ਸਕੇ। ਜਰਨੈਲ ਵਾਹਿਦ ਤੋਂ ਇਲਾਵਾ ਚਰਨਜੀਤ ਬਰਾੜ, ਓ. ਐਸ. ਡੀ. ਉਪ ਮੁੱਖ ਮੰਤਰੀ ਵੀ ਟਿਕਟ ਦਾ ਪ੍ਰਬੱਲ ਦਾਅਵੇਦਾਰ ਹੈ। ਜੇ ਵਾਹਿਦ ਨੂੰ ਇੱਥੋਂ ਅਕਾਲੀ ਦਲ ਟਿਕਟ ਦੇ ਕੇ ਨਿਵਾਜਦਾ ਹੈ ਤਾਂ ਚਰਨਜੀਤ ਬਰਾੜ ਦਾ ਧੜਾ ਬੇੜੀਆਂ 'ਚ ਸਿਆਸੀ ਵੱਟੇ ਪਾਉਣ ਤੋਂ ਗੁਰੇਜ਼ ਨਹੀਂ ਕਰੇਗਾ। ਸਵ. ਜਤਿੰਦਰ ਕਰੀਹੇ ਦਾ ਪਰਿਵਾਰ ਵੀ ਨਾਖੁਸ਼ ਹੈ, ਕਿਉਂਕਿ ਉਹ ਪੈਰਾਸ਼ੂਟ ਰਾਹੀਂ ਉਤਾਰੇ ਕਿਸੇ ਵੀ ਉਮੀਦਵਾਰ ਨੂੰ ਦਿਲੋਂ ਸਵੀਕਾਰ ਨਹੀਂ ਕਰੇਗਾ। ਸ਼੍ਰੋਮਣੀ ਕਮੇਟੀ ਮੈਂਬਰ ਮਹਿੰਦਰ ਸਿੰਘ ਹੁਸੈਨਪੁਰੀ ਪਿਛਲੀ ਵਾਰ ਦੀ ਤਰ੍ਹਾਂ ਕਿਹੜਾ ਨਵਾਂ ਪੈਂਤੜਾ ਵਰਤੇਗਾ, ਇਹ ਵੀ ਹਾਲੇ ਸਿਆਸੀ ਭਵਿੱਖ ਦੇ ਗਰਭ ਵਿਚ ਵੇਖਣ ਵਾਲਾ ਹੋਵੇਗਾ। ਸਭ ਤੋਂ ਵੱਧ ਸਿਆਸੀ ਡਾਂਸ ਇੱਥੋਂ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਵੇਖਣ ਵਾਲਾ ਹੋਵੇਗਾ। ਅਸਲ ਵਿਚ ਡਾ. ਰਮੇਸ਼ ਬਾਲੀ ਆਪ ਵਿਚ ਇਸ ਕਰਕੇ ਸ਼ਾਮਲ ਹੋਇਆ ਸੀ ਕਿ ਸ਼ਾਇਦ ਉਹਨੂੰ ਇੱਥੋਂ ਟਿਕਟ ਮਿਲ ਜਾਵੇਗੀ, ਪਰ ਅਤੀ ਭਰੋਸੇਯੋਗ ਸੂਤਰਾਂ ਤੋਂ ਹੁਣ ਪਤਾ ਲੱਗਾ ਹੈ ਕਿ ਆਪ ਇੱਥੋਂ ਟਰਾਂਸਪੋਰਟਰ ਚਰਨਜੀਤ ਚੰਨੀ ਨੂੰ ਟਿਕਟ ਦੇ ਰਹੀ ਹੈ। ਫਿਰ ਆਪ ਵਿਚ ਸ਼ਾਮਲ ਹੋਇਆ ਰੇਸ਼ਮ ਸਿੰਘ ਥਿਆੜਾ ਸ਼ਾਇਦ ਸੁੱਚਾ ਸਿੰਘ ਛੋਟੇਪੁਰ ਵਾਲੇ ਧੜੇ ਵੱਲ ਜਾ ਕੇ ਰਲ਼ ਜਾਵੇ ਤੇ ਉਮੀਦਵਾਰ ਵੀ ਬਣ ਜਾਵੇ। ਵੇਖਿਆ ਜਾਵੇ ਤਾਂ ਆਮ ਆਦਮੀ ਪਾਰਟੀ ਵਿਚ ਵੀ ਤੇ ਅਕਾਲੀ ਦਲ ਵਿਚ ਵੀ ਇੱਥੇ ਘਮਾਸਾਣ ਮੱਚਣ ਵਾਲਾ ਹੈ। ਮਤਲਬ ਇਹਨਾਂ ਦੋਵਾਂ ਪਾਰਟੀਆਂ ਦੇ ਗੋਲਕੀਪਰ ਆਪਣੇ-ਆਪਣੇ ਵੱਲ ਆਤਮਘਾਤੀ ਗੋਲ ਕਰਦੇ ਨਜ਼ਰ ਆਉਣਗੇ। ਅਕਾਲੀ ਦਲ ਦੇ ਕਈ ਅਜਿਹੇ ਸਿਰਕੱਢ ਆਗੂ ਵੀ ਹਨ ਜੋ ਚੋਣ ਜ਼ਾਬਤਾ ਲੱਗਣ ਦੀ ਉਡੀਕ ਵਿਚ ਹਨ, ਉਸ ਤੋਂ ਬਾਅਦ ਉਹ ਆਪਣੀ ਰਣਨੀਤੀ ਦਾ ਖੁਲਾਸਾ ਕਰਨਗੇ। ਅਗਰ ਵੇਖਿਆ ਜਾਵੇ ਤਾਂ ਨਵਾਂ ਸ਼ਹਿਰ ਤੋਂ ਇਕ ਬਹੁਜਨ ਸਮਾਜ ਪਾਰਟੀ ਹੀ ਹੈ, ਜਿਸ ਵਿਚ ਰੱਤੀ ਭਰ ਵੀ ਅੰਤਰਕਲਹ ਨਹੀਂ ਹੈ। ਪਿਛਲੀ ਵਾਰ ਇਸ ਸੀਟ ਤੋਂ ਬਸਪਾ ਨੂੰ ਲੱਗਭੱਗ 30 ਹਜ਼ਾਰ ਵੋਟ ਮਿਲੀ ਸੀ, ਜੋ ਕਿ ਇਕ ਕੇਡਰ ਬੇਸ ਵੋਟ ਸੀ। ਬਸਪਾ ਦੀ ਕੇਡਰ ਬੇਸ ਵੋਟ ਕਦੇ ਵੀ ਨਹੀਂ ਹਿੱਲਦੀ। ਇਹ ਗੱਲ ਬਸਪਾ ਦੇ ਵਿਰੋਧੀ ਵੀ ਮੰਨਦੇ ਹਨ। ਡਾ. ਨਛੱਤਰ ਦੇ ਹੱਕ ਵਿਚ ਸਭ ਤੋਂ ਵੱਧ ਇਹ ਗੱਲ ਜਾਂਦੀ ਹੈ ਕਿ ਜੋ ਦੂਸਰੀਆਂ ਪਾਰਟੀਆਂ ਦੇ ਨਰਾਜ਼ ਆਗੂ ਹੋਣਗੇ, ਉਹ ਲੱਗਭੱਗ ਬਸਪਾ ਦੀ ਹਮਾਇਤ 'ਤੇ ਹੀ ਆਉਣਗੇ। ਕਿਉਂਕਿ ਬਸਪਾ ਹੁਣ ਕਿਸੇ ਲਈ ਵੀ ਅਛੂਤ ਨਹੀਂ ਹੈ। ਇਸ ਆਧਾਰ 'ਤੇ ਸਿਆਸੀ ਸਿੱਟਾ ਕੱਢਕੇ ਕਿਹਾ ਜਾ ਸਕਦਾ ਹੈ ਕਿ ਇਸ ਵਾਰ ਅਗਰ ਬਸਪਾ ਨਵਾਂ ਸ਼ਹਿਰ ਤੋਂ ਇਕ ਨਵਾਂ ਇਤਿਹਾਸ ਰੱਚ ਦੇਵੇ ਤਾਂ ਕੋਈ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਕਿਉਂਕਿ ਸਾਹਿਬ ਸ੍ਰੀ ਕਾਂਸੀ ਰਾਮ ਨੇ 1982 ਵਿਚ ਬਸਪਾ ਦੀਆਂ ਜੜ੍ਹਾਂ ਲਾਉਣ ਲਈ ਪੰਜਾਬ ਵਿਚ ਨਵਾਂ ਸ਼ਹਿਰ (ਪਿੰਡ ਮੂਸਾਪੁਰ) ਨੂੰ ਹੀ ਚੁਣਿਆ ਸੀ।

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(ਤੀਜੀ ਕਿਸਤ)**

ਦਸ ਲੱਖ ਸਾਲ ਤੱਕ ਇਹ ਗੈਸਾਂ ਸੁੰਗੜਦੀਆਂ ਰਹਿੰਦੀਆਂ ਹਨ। ਇਸ ਤਰਖ਼ਾਂ ਇਹਨਾਂ ਵਿਚ ਦੋ ਪ੍ਰਕਾਰ ਦੇ ਬਲ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਪਹਿਲਾ ਜਦੋਂ ਹਾਈਡ੍ਰੋਜਨ ਗੈਸ ਹੀਲੀਅਮ ਵਿਚ ਬਦਲਣਾ ਸ਼ੁਰੂ ਕਰ ਦਿੰਦੀ ਹੈ ਇਸ ਕਾਰਨ ਬਹੁਤ ਸਾਰੀ ਊਰਜਾ ਪੈਦਾ ਹੋਣ ਲੱਗ ਪੈਂਦੀ ਹੈ। ਇਸ ਤਰਖ਼ਾਂ ਅੰਦਰੂਨੀ ਤਾਪਮਾਨ ਤੇ ਦਬਾਉ ਹੋਰ ਵਧਣ ਲੱਗ ਪੈਂਦੇ ਹਨ। ਇਹ ਤਾਰਾ ਦਗਣਾ ਸ਼ੁਰੂ ਕਰ ਦਿੰਦਾ ਹੈ ਇਸ ਊਰਜਾ ਕਾਰਨ ਇਹ ਫੈਲਣਾ ਚਾਹੁੰਦਾ ਹੈ ਪਰ ਗੁਰੂਤਾ ਖਿੱਚ ਕਾਰਨ ਇਹ ਸੁੰਗੜਨਾ ਚਾਹੁੰਦਾ ਹੈ। ਇਸ ਤਰਖ਼ਾਂ ਇਹਨਾਂ ਦੋਵੇਂ ਬਲਾਂ ਵਿਚ ਜਦੋ-ਜਹਿਦ ਚਲਦੀ ਰਹਿੰਦੀ ਹੈ। ਖਿੱਚੋਤਾਣ ਤੇ ਸੰਤੁਲਨ ਅਰਬਾਂ ਵਰਖ਼ੇ ਜਾਰੀ ਰਹਿੰਦਾ ਹੈ। ਇਸ ਤਰਖ਼ਾਂ ਕੁਝ ਊਰਜਾ ਮੁਕਤ ਵੀ ਹੁੰਦੀ ਰਹਿੰਦੀ ਹੈ। ਸਾਡਾ ਸੂਰਜ ਇਕ ਕਿਸਮ ਦਾ ਤਾਰਾ ਹੈ ਜਿਸ ਵਿਚ ਉਪਰੋਕਤ ਦੋਵੇਂ ਕਿਸਮ ਦੇ ਬਲ ਭਿੜ ਰਹੇ ਹਨ ਪਰ ਇਹਨਾਂ ਵਿਚ ਅਜੇ ਸੰਤੁਲਨ ਕਾਇਮ ਹੈ। ਇਹ ਅੱਜ ਤੋਂ ਪੰਜ ਅਰਬ ਵਰਖ਼ੇ ਪਹਿਲਾਂ ਹੋਂਦ ਵਿਚ ਆਇਆ ਸੀ ਅਤੇ ਅੱਜ ਤੋਂ ਪੰਜ ਅਰਬ ਵਰਖ਼ੇ ਬਾਅਦ ਇਸਦੀ ਸਾਰੀ ਹਾਈਡ੍ਰੋਜਨ ਹੀਲੀਅਮ ਵਿਚ ਬਦਲ ਜਾਵੇਗੀ ਅਤੇ ਉਸ ਸਮੇਂ ਇਸਦੇ ਕੇਂਦਰੀ ਭਾਗ ਜਿਸਨੂੰ ਕੋਰ ਵੀ ਕਹਿੰਦੇ ਹਨ ਵਿਚ ਮੁੱਖ ਤੌਰ 'ਤੇ ਹੀਲੀਅਮ ਹੋਵੇਗੀ। ਇਸ ਤਰਖ਼ਾਂ ਇਸ ਉਪਰ ਸੰਯੋਜਣ ਦੀ ਇਹ ਕ੍ਰਿਆ ਖਤਮ ਹੋ ਜਾਵੇਗੀ। ਇਸ ਤਰਖ਼ਾਂ ਇਸਦੀ ਕੋਰ ਹੋਰ ਸੁੰਗੜ ਜਾਵੇਗੀ ਪਰ ਬਾਹਰਲੇ ਪਾਸੇ ਹਾਈਡਰੋਜਨ ਸੰਯੋਜਣ ਹੋਣ ਕਾਰਨ ਇਸ ਵਿਚੋਂ ਊਰਜਾ ਮੁਕਤ ਹੁੰਦੀ ਰਹੇਗੀ ਅਤੇ ਸਾਡਾ ਸੂਰਜ ਇਹਨਾਂ ਹਾਲਤਾਂ ਵਿਚ ਫੈਲਣਾ ਸ਼ੁਰੂ ਕਰ ਦੇਵੇਗਾ ਅਤੇ ਸਾਡੀ ਧਰਤੀ ਤਕ ਫੈਲਕੇ ਵਧ ਜਾਵੇਗਾ। ਤਾਰਿਆਂ ਦੀ ਇਸ ਸਥਿਤੀ ਨੂੰ ਰੈੱਡ ਜਾਇੰਟ ਫੇਜ ਕਿਹਾ ਜਾਂਦਾ ਹੈ। ਪੰਜਾਬੀ ਵਿਚ ਦਿਉ ਕੱਦ ਵੀ ਆਖ ਸਕਦੇ ਹਾਂ। ਹੁਣ ਇਸਦੀ ਕੋਰ ਜਿਸ ਵਿਚ ਪੂਰੀ ਤਰਖ਼ਾਂ ਹੀਲੀਅਮ ਹੈ ਇਸਤੋਂ ਵੱਖ ਹੋ ਜਾਵੇਗੀ ਤੇ ਹੋਰ ਸੁੰਗੜਨਾ ਸ਼ੁਰੂ ਕਰ ਦੇਵੇਗੀ। ਤਾਰਿਆਂ ਦੀ ਅਜਿਹੀ ਸਥਿਤੀ ਨੂੰ ਚਿੱਟਾ ਬੌਣਾ ਕਿਹਾ ਜਾਂਦਾ ਹੈ। ਹੋਰ ਸੁੰਗੜਨ ਨਾਲ ਇਸਦੇ ਅੰਦਰਲਾ ਤਾਪਮਾਨ ਤੇ ਦਬਾਉ ਵਧ ਜਾਵੇਗਾ ਤੇ ਇਸਦੇ ਅੰਦਰ ਇਕ ਹੋਰ ਕਿਸਮ ਦੀ ਸੰਯੋਜਣ ਕ੍ਰਿਆ ਸ਼ੁਰੂ ਹੋ ਜਾਵੇਗੀ। ਇਸ ਕ੍ਰਿਆ ਵਿਚ ਇਸਦੀ ਹੀਲੀਅਮ ਕਾਰਬਨ ਵਿਚ ਬਦਲਣਾ ਸ਼ੁਰੂ ਕਰ ਦਿੰਦੀ ਹੈ ਤੇ ਇਸ ਤੋਂ ਅਗਲੀ ਸਟੇਜ ਤੇ ਕਾਰਬਨ ਲੋਹੇ ਵਿਚ ਬਦਲ ਜਾਂਦੀ ਹੈ। ਇਸ ਤਰਖ਼ਾਂ ਤਾਰਿਆਂ ਦੇ ਅੱਡ ਅੱਡ ਰੰਗ ਉਹਨਾਂ ਦੀਆਂ ਕੋਰਾਂ ਵਿਚ ਹੋ ਰਹੀਆਂ ਅਲੱਗ ਅਲੱਗ ਨਿਉਕਲੀ ਕ੍ਰਿਆਵਾਂ ਦਾ ਸਿੱਟਾ ਹੁੰਦੇ ਹਨ। ਕਿਸੇ ਤਾਰੇ ਦਾ ਰੰਗ ਲਾਲ, ਚਿੱਟਾ, ਹਰਾ ਤੇ ਨੀਲਾ ਉਪਰੋਕਤ ਕਾਰਨ ਕਰਕੇ ਹੀ ਹੁੰਦਾ ਹੈ।

**ਜੋ ਤਾਰੇ ਸੂਰਜ ਤੋਂ ਦਸ ਗੁਣਾ ਵੱਡੇ ਹੁੰਦੇ ਹਨ**

ਅਜਿਹੇ ਤਾਰਿਆਂ ਦੀ ਸ਼ੁਰੂਆਤ ਤਾਂ ਉਪਰੋਕਤ ਢੰਗ ਨਾਲ ਹੀ ਹੁੰਦੀ ਹੈ ਪਰ ਅੰਤ ਇਸ ਤੋਂ ਵੀ ਵੱਧ ਭਿਆਨਕ ਹੁੰਦਾ ਹੈ। ਰੈੱਡ ਜਿਆਂਟ ਫੇਜ ਵਿਚ ਅੰਦਲੀ ਕੋਰ ਗੁਰੂਤਾ ਆਕਰਸ਼ਣ ਕਾਰਨ ਬਹੁਤ ਹੀ ਸੁੰਗੜ ਜਾਂਦੀ ਹੈ ਅਤੇ ਤਾਪਮਾਨ ਬਹੁਤ ਹੀ ਵਧ ਜਾਂਦਾ ਹੈ ਇਥੇ ਲੋਹੇ ਦੇ ਨਿਉਕਲੀਅਸ ਟੁੱਟ ਕੇ ਹੀਲੀਅਮ ਜਾਂ ਹੋਰ ਹੌਲੇ ਪਦਾਰਥਾਂ ਵਿਚ ਬਦਲਣਾ ਸ਼ੁਰੂ ਹੋ ਜਾਂਦੇ ਹਨ। ਇਸ ਨਾਲ ਕੋਈ ਊਰਜਾ ਪੈਦਾ ਨਹੀਂ ਹੁੰਦੀ। ਪਦਾਰਥ ਅੰਦਰ ਵੱਲ ਨੂੰ ਹੋਰ ਨਪੀੜਿਆਂ ਜਾਂਦਾ ਹੈ ਇਸ ਤਰਖ਼ਾਂ ਸਾਰੇ ਤੱਤ ਨਿਊਟਰਾਨਾਂ ਵਿਚ ਬਦਲ ਜਾਂਦੇ ਹਨ ਅਜਿਹੇ ਤਾਰੇ ਨੂੰ ਨਿਊਟਰਾਨ ਤਾਰਾ ਕਿਹਾ ਜਾਂਦਾ ਹੈ। ਇਸ ਹਾਲਤ ਵਿਚ ਪਦਾਰਥ ਦੀ ਘਣਤਾ ਲਗਭਗ 10 ਲੱਖ ਟਨ ਪ੍ਰਤੀ ਘਣ ਸਮ ਹੋ ਜਾਂਦੀ ਹੈ। ਜਦੋਂ ਸਾਡੇ ਸੂਰਜ ਨਾਲੋਂ ਵੱਡੇ ਅਜਿਹੇ ਤਾਰੇ ਦੀ ਰੈੱਡ ਜਿਆਂਟ ਫੇਜ ਸ਼ੁਰੂ ਹੁੰਦੀ ਹੈ ਤਾਂ ਇਸ ਵਿਚ ਬਹੁਤ ਹੀ ਵੱਡਾ ਧਮਾਕਾ ਹੁੰਦਾ ਹੈ। ਇਸਨੂੰ ਸੁਪਰ ਨੋਵਾ ਧਮਾਕਾ ਕਿਹਾ ਜਾਂਦਾ ਹੈ। ਇਸ ਸਮੇਂ ਇਸ ਵਿਚੋਂ ਐਨੀ ਊਰਜਾ ਮੁਕਤ ਹੁੰਦੀ ਹੈ ਜਿੰਨੀ ਕਿ ਸੂਰਜ 100 ਸਾਲ ਵਿਚ ਛੱਡਦਾ ਹੈ। ਸੁਪਰ ਨੋਵਾ ਧਮਾਕੇ ਵਿਚੋਂ ਗੈਸਾਂ ਦੇ ਬਦਲ ਆਕਾਸ਼ ਵਿਚ ਫੈਲ ਜਾਂਦੇ ਹਨ ਜਿਹੜੇ ਨਵੇਂ ਤਾਰਿਆਂ ਦੇ ਜਨਮ ਲਈ ਕੱਚੇ ਪਦਾਰਥ ਦਾ ਕੰਮ ਕਰਦੇ ਹਨ। ਚੀਨ ਦੇ ਪੁਰਾਣੇ ਰੋਜ਼ਨਾਮਚਿਆਂ ਵਿਚ ਲਿਖਿਆ ਮਿਲਦਾ ਹੈ ਕਿ 4 ਜੁਲਾਈ 1054 ਨੂੰ ਆਕਾਸ਼ ਵਿਚ ਇਕ ਮਹਿਮਾਨ ਤਾਰਾ ਪ੍ਰਗਟ ਹੋਇਆ ਸੀ ਅਤੇ ਇਹ ਦਿਨ ਵੇਲੇ ਵੀ ਦਿਖਾਈ ਦਿੰਦਾ ਸੀ ਪਰ 27 ਜੁਲਾਈ ਤਕ ਇਸਦੀ ਚਮਕ ਘਟ ਕੇ ਸ਼ੁਕਰ ਗ੍ਰਹਿ ਜਿੰਨੀ ਰਹਿ ਗਈ ਸੀ। 17 ਅਪ੍ਰੈਲ 1056 ਤੋਂ ਬਾਅਦ ਇਹ ਕਦੀ ਵੀ ਅੱਖ ਨਾਲ ਵਿਖਾਈ ਨਾ ਦਿੱਤਾ। ਇਕ ਮਹਾਨੋਵਾ 1604 ਵਿਚ ਵਾਪਰਿਆ ਰਿਕਾਰਡ ਕੀਤਾ ਗਿਆ ਸੀ। ਚਿੱਲੀ ਦੇ ਵਿਗਿਆਨਕ ਨੇ ਇਕ ਮਹਾਨੋਵਾ 1987 ਵਿਚ ਵੀ ਵੇਖਿਆ ਸੀ। ਅਸਲ ਵਿਚ ਜਿਸ ਸਥਾਨ ਤੇ ਮਹਾਨੋਵਾ ਵਾਪਰਦਾ ਹੈ ਉਹ ਸਾਥੋਂ ਕਰੋੜਾਂ ਪ੍ਰਕਾਸ਼ ਵਰਖ਼ੇ ਦੂਰ ਹੁੰਦਾ ਹੈ। ਇਸ ਲਈ ਕਰੋੜਾਂ ਵਰਖ਼ੇ ਪਹਿਲਾਂ ਵਾਪਰੀ ਉਪਰੋਕਤ ਘਟਨਾ ਵਿਖਾਈ 1987 ਵਿਚ ਦਿੱਤੀ ਸੀ।

**ਕਾਲੇ ਛੇਕ**

ਉਪਰੋਕਤ ਢੰਗ ਨਾਲ ਬਣੇ ਨਿਊਟਰਾਨ ਤਾਰਿਆਂ ਦੇ ਭਵਿੱਖ ਵੀ ਉਹਨਾਂ ਦੇ ਪੁੰਜ 'ਤੇ ਨਿਰਭਰ ਕਰਦਾ ਹੈ। ਭਾਰੀ ਨਿਊਟ੍ਰਾਨ ਤਾਰੇ ਅਣਮਿੱਥੇ ਸਮੇਂ ਲਈ ਸੁੰਗੜਦੇ ਰਹਿੰਦੇ ਹਨ ਤੇ ਇਸ ਤਰਖ਼ਾਂ ਕਰਦੇ ਹੋਏ ਇਕ ਬਿੰਦੂ ਦੇ ਆਕਾਰ ਤੱਕ ਪਹੁੰਚ ਜਾਂਦੇ ਹਨ। ਇਹਨਾਂ ਸੰਘਣੇ ਬਿੰਦੂਆਂ ਨੂੰ ਕਾਲੇ ਛੇਕ ਕਿਹਾ ਜਾਂਦਾ ਹੈ। ਇਸ ਵਿਚੋਂ ਕੋਈ ਵੀ ਊਰਜਾ ਇਥੋਂ ਤੱਕ ਕਿ ਪ੍ਰਕਾਸ਼ ਵੀ ਨਿਕਲ ਕੇ ਬਾਹਰ ਨਹੀਂ ਜਾ ਸਕਦਾ ਹੈ। ਇਸ ਲਈ ਇਹ ਦਿਖਾਈ ਨਹੀਂ ਦਿੰਦੇ ਪ੍ਰੰਤੂ ਇਹਨਾਂ ਦੀ ਮੌਜੂਦਗੀ ਦਾ ਅਸਿੱਧੇ ਤੱਥਾਂ ਤੋਂ ਪਤਾ ਲੱਗਦਾ ਹੈ। ਉਦਾਹਰਣ ਵਜੋਂ ਜੇ ਅਸੀਂ ਕਿਸੇ ਤਾਰੇ ਨੂੰ ਚੱਕਰ ਵਿਚ ਘੁੰਮਦਾ ਵੇਖੀਏ ਅਤੇ ਇਸਦੇ ਕੇਂਦਰ ਵਿਚ ਕੋਈ ਵੀ ਦ੍ਰਿਸ਼ਟੀਮਾਨ ਤਾਰਾ ਨਾ ਹੋਵੇ ਤਾਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਇਸਦੇ ਕੇਂਦਰ ਵਿਚ ਕਾਲਾ ਛੇਕ ਹੈ। ਇਸ ਪ੍ਰਕਾਰ ਦਾ ਇਕ ਕਾਲਾ ਛੇਕ ਸਾਈਗਨਸ ਤਾਰਾ ਸਮੂਹ ਦੇ ਕੇਂਦਰ ਵਿਚ ਵੀ ਹੈ।

**ਬ੍ਰਹਿਮੰਡ ਦੇ ਮੌਜੂਦਾ ਰੂਪ ਦਾ ਆਰੰਭ ਕਿਵੇਂ?**

ਅਰਬਾਂ ਸਾਲ ਪਹਿਲਾ ਆਪਣੇ ਜੀਵਨ ਦਾ ਇਕ ਚੱਕਰ ਪੂਰਾ ਕਰਦਾ ਹੋਇਆ ਬਹੁਤ ਸਾਰਾ ਮਾਦਾ ਬ੍ਰਹਿਮੰਡ ਵਿਚ ਇਕੱਤਰ ਹੋ ਗਿਆ ਸੀ। ਇਸ ਮਾਦੇ ਦੀਆਂ ਅੰਦਰੂਨੀ ਕ੍ਰਿਆਵਾਂ ਕਰਕੇ ਅੱਜ ਤੋਂ ਪੰਦਰਾਂ ਅਰਬ ਵਰਖ਼ੇ ਪਹਿਲਾ ਵੱਡੇ ਧਮਾਕੇ ਹੋਣੇ ਸ਼ੁਰੂ ਹੋ ਗਏ ਸਨ। ਜਿਸਦੇ ਸਿੱਟੇ ਵਜੋਂ ਸਾਡੇ ਬ੍ਰਹਿਮੰਡ ਦੇ ਮੌਜੂਦਾ ਰੂਪ ਦੀ ਸ਼ੁਰੂਆਤ ਹੋਣੀ ਸ਼ੁਰੂ ਹੋ ਗਈ। ਜਿਸ ਮਾਦੇ ਵਿਚ ਇਹ ਧਮਾਕਾ ਹੋਇਆ ਸੀ ਉਸਦੇ ਆਕਾਰ ਤੇ ਰੂਪ ਬਾਰੇ ਵਿਗਿਆਨਕਾਂ ਨੂੰ ਪੂਰੀ ਜਾਣਕਾਰੀ ਨਹੀਂ ਹੈ। ਇਹ ਧਮਾਕੇ ਬੰਬਾਂ ਨਾਲ ਹੋਣ ਵਾਲੇ ਧਮਾਕਿਆਂ ਨਾਲੋਂ ਵੱਖਰੀ ਕਿਸਮ ਦੇ ਸਨ।

**(ਚਲਦਾ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੀ.ਜੀ.ਆਈ.ਅਤੇ ਪੰਜਾਬ ਯੂਨੀਵਰਸਿਟੀ ਦੇ ਤਿੰਨ ਪ੍ਰੋਫੈਸਰ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਬਿਹਤਰੀਨ ਕੰਮਾਂ ਲਈ ਸਨਮਾਨਿਤ

## ਪੰਜਾਬ ਯੂਨੀਵਰਸਿਟੀ ਦੇ ਡਾ. ਰੌਣਕੀ ਰਾਮ, ਡਾ. ਚੁੱਘ ਅਤੇ ਪੀ. ਜੀ. ਆਈ. ਦੇ ਡਾ. ਪਰਮੇਸ਼ਵਰ ਨੂੰ ਅਚੀਵਮੈਂਟ ਹਾਸਲ

**ਚੰਡੀਗੜ੍ਹ–** ਪੀ. ਜੀ. ਆਈ. ਅਤੇ ਪੰਜਾਬ ਯੂਨੀਵਰਸਿਟੀ ਦੇ ਤਿੰਨ ਪ੍ਰੋਫੈਸਰਾਂ ਨੂੰ ਕੌਮਾਂਤਰੀ ਅਤੇ ਕੌਮੀ ਪੱਧਰ ਤੇ ਅਚੀਵਮੈਂਟ ਹਾਸਲ ਹੋਈ ਹੈ। ਪੀ. ਜੀ. ਆਈ. ਦੇ ਸਾਬਕਾ ਡਾਇਰੈਕਟਰ ਡਾ. ਬੀ. ਕੇ. ਸ਼ਰਮਾ ਨੂੰ ਡਾ. ਪਰਮੇਸ਼ਵਰ ਲਾਈਫਟਾਈਮ ਅਚੀਵਮੈਂਟ ਐਵਾਰਡ 2018 ਦੇ ਲਈ ਚੁਣਿਆ ਗਿਆ। ਫਾਦਰ ਆਫ ਨੈਫ੍ਰੋਲਾਜੀ ਅਤੇ ਪੀ. ਜੀ. ਆਈ. ਦੇ ਰਿਟਾਇਰਡ ਪ੍ਰੋਫੈਸਰ ਕੇਂ ਐਸ. ਚੁੱਘ ਨੂੰ ਜਾਪਾਨ ਵਿਚ ਕੇਂਜੋ ਓਸ਼ੀਆ ਗੋਲਡ ਮੈਡਲ ਐਵਾਰਡ ਦਿੱਤਾ ਗਿਆ ਹੈ। ਪੰਜਾਬ ਯੂਨੀਵਰਸਿਟੀ ਦੇ ਡੀਨ ਆਰਟਸ ਫੈਕਲਟੀ ਪ੍ਰੋ. ਰੌਣਕੀ ਰਾਮ ਨੂੰ ਵੀ ਜਾਪਾਨ ਦੀ ਰਿਯੂਕੋਕੂ ਯੂਨੀਵਰਸਿਟੀ ਦੀ ਇੰਡੀਅਨ ਸਟੱਡੀਜ਼ ਚੇਅਰ ਵਿਚ ਵਿਜ਼ਟਿੰਗ ਪ੍ਰੋਫੈਸਰ ਬਣਾਇਆ ਗਿਆ ਹੈ। ਪ੍ਰੋ. ਰੌਣਕੀ ਰਾਮ ਨੂੰ 6 ਮਹੀਨੇ ਦੇ ਲਈ ਇਸ ਚੇਅਰ ਦਾ ਵਿਜ਼ਟਿੰਗ ਪ੍ਰੋਫੈਸਰ ਚੁਣਿਆ ਗਿਆ ਹੈ।

### ਡਾ. ਬੀ. ਕੇ. ਸ਼ਰਮਾ ਲਾਈਫਟਾਈਮ ਅਚੀਵਮੈਂਟ ਐਵਾਰਡ ਲਈ ਚੁਣੇ



ਪੀ. ਜੀ. ਆਈ. ਦੇ ਸਾਬਕਾ ਡਾਇਰੈਕਟਰ ਅਤੇ ਇਮੀਰੇਟਸ ਪ੍ਰੋਫੈਸਰ ਬੀ. ਕੇ. ਸ਼ਰਮਾ ਨੂੰ ਡਾ. ਪਰਮੇਸ਼ਵਰ ਲਾਈਫ ਟਾਈਮ ਅਚੀਵਮੈਂਟ ਐਵਾਰਡ 2016 ਦੇ ਲਈ ਚੁਣਿਆ ਗਿਆ ਹੈ। ਡਾ. ਸ਼ਰਮਾ ਨੂੰ ਇਹ ਸਨਮਾਨ ਦਾ ਫਿਜ਼ੀਸ਼ੀਅਨ ਸੁਸਾਇਟੀ ਆਫ ਇੰਡੀਆ ਵੱਲੋਂ ਦਿੱਤਾ ਗਿਆ ਹੈ। ਡਾ. ਸ਼+ਮਾ ਨੂੰ ਇਹ ਐਵਾਰਡ ਫਿਜ਼ੀਸ਼ੀਅਨ ਸੁਸਾਇਟੀ ਆਫ ਇੰਡੀਆ ਦੀ ਜਨਵਰੀ 2018 ਵਿਚ ਬੰਗਲੌਰ ਵਿਚ ਹੋਣ ਵਾਲੀ ਕਾਨਫਰੰਸ ਵਿਚ ਦਿੱਤਾ ਜਾਵੇਗਾ। ਇਹ ਐਵਾਰਡ ਲੈਣ ਦੇ ਮੌਕੇ ’ਤੇ ਡਾ. ਬੀ. ਕੇ. ਸ਼ਰਮਾ ਇੱਥੇ ਓਰੇਸ਼ਨ ਵੀ ਦੇਣਗੇ। ਪੀ. ਜੀ. ਆਈ. ਵਿਚ ਇੰਟਰਨਲ ਮੈਡੀਸਨ ਦੇ ਡਾਕਟਰ ਪ੍ਰੋ. ਬੀ. ਕੇ. ਸ਼ਰਮਾ ਪੀ. ਜੀ. ਆਈ. ਦੇ ਡਾਇਰੈਕਟਰ ’ਤੇ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਅੱਜਕਲ੍ਹ ਸੀ. ਐਮ. ਸੀ. ਲੁਧਿਆਣਾ ਵਿਚ ਇੰਟਰਨਲ ਮੈਡੀਸਨ ਦੇ ਕੰਸਲਟੈਂਟ ਹਨ।

### ਫਾਦਰ ਆਫ ਨੈਫ੍ਰੋਲਾਜੀ ਨੂੰ ਆਸਟ੍ਰੇਲੀਆ ਵਿਚ ਕੇਂਜੋ ਓਸ਼ੀਆ ਗੋਲਡ ਮੈਡਲ

ਫਾਦਰ ਆਫ ਨੈਫ੍ਰੋਲਾਜੀ ਅਤੇ ਪ੍ਰੋਫੈਸਰ ਇਮੀਰੇਟਸ ਡਾ. ਕੇ. ਐਸ. ਚੁੱਘ ਦੇ ਨਾਂ ਇਕ ਸਨਮਾਨ ਹੋਰ ਜੁੜ ਗਿਆ ਹੈ। ਪ੍ਰੋ. ਚੁੱਘ ਨੂੰ ਕੇਂਜੋ ਓਸ਼ੀਆ ਗੋਲਡ ਮੈਡਲ ਦਿੱਤਾ ਗਿਆ ਹੈ। ਡਾ. ਚੁੱਘ ਨੂੰ ਇਹ ਐਵਾਰਡ ਆਸਟ੍ਰੇਲੀਆ ਦੇ ਪਰਥ ਵਿਚ ਹੋਈ 15ਵੀਂ ਏਸ਼ੀਅਨ ਪੈਸੀਫਿਕ ਕਾਂਗਰਸ ਆਫ ਨੈਫ੍ਰੋਲਾਜੀ ਏ. ਐਸ. ਪੀ. ਐਨ ਵਿਚ ਦਿੱਤਾ ਗਿਆ ਹੈ। 17 ਤੋਂ 21 ਸਤੰਬਰ ਤੱਕ ਪਰਥ ਵਿਚ ਹੋਈ ਇਸ ਕਾਨਫਰੰਸ ਵਿਚ ਦੁਨੀਆਂ ਭਰ ਦੇ ਕਈ ਮੁਲਕਾਂ ਦੇ 1200 ਤੋਂ ਜ਼ਿਆਦਾ ਨੈਫ੍ਰੋਲਾਜਿਸਟਾਂ ਦੀ ਮੌਜੂਦਗੀ ਵਿਚ ਪ੍ਰੋ. ਚੁੱਘ ਨੂੰ ਇਹ ਐਵਾਰਡ ਦਿੱਤਾ ਗਿਆ। ਏ. ਐਸ. ਪੀ. ਐਨ. ਦੇ ਮੌਜੂਦਾ ਪ੍ਰਧਾਨ ਡਾ. ਡੇਵਿਡ ਹੈਰਿਸ ਨੇ ਨੈਫ੍ਰੋਲਾਜੀ ਦੇ ਖੇਤਰ ਵਿਚ ਹੋਈ ਖੋਜ, ਪੇਸ਼ੈਂਟ ਕੇਅਰ, ਤਕਨੀਕ ਦੇ ਲਈ ਡਾ. ਚੁੱਘ ਨੂੰ ਇਹ ਐਵਾਰਡ ਦਿੱਤਾ ਗਿਆ। ਡਾ. ਚੁੱਘ ਨੇ ਨੈਫ੍ਰੋਲਾਜੀ ਦੇ ਖੇਤਰ ਵਿਚ ਭਾਰਤ ਤੋਂ ਇਲਾਵਾ ਕਈ ਮੁਲਕਾਂ ਵਿਚ ਡਾਕਟਰਾਂ ਨੂੰ ਸੀ. ਐਮ. ਈ. ਦੇ ਜ਼ਰੀਏ ਟ੍ਰੇਂਡ ਕੀਤਾ।



### ਪ੍ਰੋ. ਰੌਣਕੀ ਰਾਮ ਬਣੇ ਜਾਪਾਨ ਦੀ ਰਯੂਕੋਕੂ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫੈਸਰ

ਪੰਜਾਬ ਯੂਨੀਵਰਸਿਟੀ ਦੇ ਡੀਨ ਫੈਕਲਟੀ ਆਰਟ ਅਤੇ ਪਾਲੀਟੀਕਲ ਸਾਇੰਸ ਦੇ ਪ੍ਰੋਫੈਸਰ ਰੌਣਕੀ ਰਾਮ ਨੂੰ ਜਾਪਾਨ ਦੀ ਰਯੂਕੋਕੂ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫੈਸਰ ਬਣਾਇਆ ਗਿਆ ਹੈ। ਪ੍ਰੋ. ਰੌਣਕੀ ਰਾਮ ਨੂੰ ਜਾਪਾਨ ਦੀ ਸਭ ਤੋਂ ਪੁਰਾਣੀ ਰਯੂਕੋਕੂ ਯੂਨੀਵਰਸਿਟੀ ਕਯੋਤੋ ਵਿਚ ਇੰਡੀਅਨ ਸਟੱਡੀਜ਼ ਦੇ ਆਈ. ਸੀ. ਸੀ. ਆਰ. ਚੇਅਰ ਦਾ ਵਿਜ਼ਟਿੰਗ ਪ੍ਰੋਫੈਸਰ ਬਣਾਇਆ ਗਿਆ ਹੈ। 1539 ਵਿਚ ਬਣੀ ਇਸ ਯੂਨੀਵਰਸਿਟੀ ਵਿਚ ਪ੍ਰੋ. ਰੌਣਕੀ ਰਾਮ ਨੂੰ ਸਤੰਬਰ 2006 ਤੋਂ ਮਾਰਚ 2017 ਤੱਕ ਦੇ ਲਈ ਵਿਜ਼ਟਿੰਗ ਪ੍ਰੋਫੈਸਰ ਬਣਾਇਆ ਗਿਆ ਹੈ। ਪ੍ਰੋ. ਰੌਣਕੀ ਰਾਮ ਇਸ ਤੋਂ ਪਹਿਲਾਂ ਵੀ ਸਤੰਬਰ 2011 ਤੋਂ 2013 ਤੱਕ ਨੀਦਰਲੈਂਡ ਦੀ ਲੀਦੇਨ ਯੂਨੀਵਰਸਿਟੀ ਵਿਚ ਪ੍ਰੋਫੈਸਰ ਰਹਿ ਚੁੱਕੇ ਹਨ। ਪਾਲੀਟੀਕਲ ਸਾਇੰਸ ਦੇ ਪ੍ਰੋਫੈਸਰ ਅਤੇ ਸਾਬਕਾ ਪੁਟਾ ਪ੍ਰਧਾਨ ਪ੍ਰੋ. ਰੌਦਕੀ ਰਾਮ ਨੂੰ ਦੱਖਣੀ ਏਸ਼ੀਆ ਮਾਮਲਿਆਂ ਦਾ ਵੀ ਐਕਸਪਰਟ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਪੰਜਾਬ ਯੂਨੀਵਰਸਿਟੀ ਆਰਟਸ ਵਿਭਾਗ ਦੇ ਡੀਨ ਅਤੇ ਪ੍ਰੋ. ਰਾਜਨੀਤੀ ਵਿਗਿਆਨ ਡਾ. ਰੌਣਕੀ ਰਾਮ ਨੇ ਆਈ. ਸੀ. ਸੀ. ਆਰ. ਚੇਅਰ ਪ੍ਰੋਫੈਸਰ ਆਫ ਇੰਡੀਆ ਦੇ ਨਾਲ ਜੁੜ ਰਹੇ ਹਨ। ਸਤੰਬਰ 2015 ਤੋਂ ਮਾਰਚ 2017 ਤੱਕ ਜਾਪਾਨ ਦੇ ਨਾਲ ਕੰਮ ਕਰਨਗੇ।



# ਰਿਪੋਟਰਜ਼ ਐਸੋਸੀਏਸ਼ਨ ਆਫ ਪੰਜਾਬ ਨੇ ਕਰਵਾਇਆ ਸਲਾਨਾ ਸਨਮਾਨ ਸਮਾਰੋਹ ਸਮਾਗਮ

**ਸ਼ਾਮਚੁਰਾਸੀ/ਆਦਮਪੁਰ (ਚੁੰਬਰ)–** ਰਿਪੋਟਰਜ਼ ਐਸੋਸੀਏਸਨ ਆਫ ਪੰਜਾਬ ਦਾ ਸਲਾਨਾ ਸਨਮਾਨ ਸਮਾਰੋਹ ਪੰਜਾਬ ਪ੍ਰਧਾਨ ਰਣਦੀਪ ਕੁਮਾਰ ਸਿੱਧੂ ਤੇ ਚੇਅਰਮੈਨ ਵਿਪਨ ਸੋਨੀ ਦੀ ਦੇਖ ਰੇਖ ਹੇਠ ਸਮੂਹ ਮੈਂਬਰਾਂ ਦੇ ਸਹਿਯੋਗ ਕਰਵਾਇਆ ਗਿਆ। ਜਿਸ ਵਿਚ ਵਿਸੇਸ਼ ਤੌਰ ਤੇ ਹਲਕਾ ਵਿਧਾਇਕ ਪਵਨ ਕੁਮਾਰ ਟੀਨੂੰ, ਜਥੇਦਾਰ ਗੁਰਦਿਆਲ ਸਿੰਘ ਕਾਲਰਾ, ਬੀਬੀ ਦਵਿੰਦਰ ਕੌਰ ਕਾਲਰਾ ਮੈਂਬਰ ਐਸ ਜੀ ਪੀ ਸੀ, ਸੇਠ ਸੱਤਪਾਲ ਮੱਲ, ਕੰਵਲਜੀਤ ਸਿੰਘ ਲਾਲੀ ਸਾਬਕਾ ਆਦਮਪੁਰ, ਸੁਰਿੰਦਰ ਸਿੰਘ ਸੋਢੀ (ਸੇਵਾ ਮੁਕਤ ਆਈ.ਜੀ. ਪੁਲਿਸ), ਡਾ.ਰਵੀ ਕੁਮਾਰ, ਡਾ. ਵਰਿੰਦਰ ਨਈਅਰ, ਰਾਜਵਿੰਦਰ ਕੌਰ ਪ੍ਰਧਾਨ, ਅਸ਼ਵਨ ਭੱਲਾ ਨੇ ਸ਼ਿਰਕਤ ਕੀਤੀ। ਸਾਰੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੱਤਰਕਾਰਾਂ ਨੂੰ ਲੋਕਤੰਤਰ ਦਾ ਚੌਥਾ ਸਤੰਭ ਕਿਹਾ ਜਾਂਦਾ ਹੈ ਤੇ ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਉਹ ਹਮੇਸਾ ਸੱਚ ਦਾ ਸਾਥ ਦੇਣ ਤਾਂ ਜੋ ਸਮਾਜ ’ਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾ ਸਕੇ ਉਨ੍ਹਾਂ ਕਿਹਾ ਕਿ ਰਿਪੋਟਰਜ਼ ਐਸੋਸੀਏਸ਼ਨ ਪੰਜਾਬ ਦੇ ਮੈਂਬਰ ਪੱਤਰਕਾਰੀ ਦੇ ਨਾਲ ਨਾਲ ਸਮਾਜ ਸੇਵਾ ਦੇ ਵੀ ਕੰਮ ਕਰਦੇ ਰਹਿੰਦੇ ਹਨ ਜੋ ਕਿ ਇੱਕ ਬਹੁਤ ਵਧੀਆ ਗੱਲ ਹੈ।



ਅੰਤ ’ਚ ਰਿਪੋਟਰਜ਼ ਐਸੋਸੀਏਸਨ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਕੇ ਕਸਬਿਆਂ ’ਚੋ ਆਏ ਹੋਏ ਪੱਤਰਕਾਰਾਂ ਨੂੰ ਸੰਸਥਾਂ ਵਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਡਾ. ਸਰਵਮੋਹਣ ਟੰਡਨ, ਡਾ,ਪਵਨ ਮਿਗਲਾਨੀ, ਬਲਵਿੰਦਰ ਸਿੰਘ ਭੰਗੂ ਪ੍ਰਧਾਨ, ਸਤਿੰਦਰ ਸਿੰਘ ਰਾਜਾ, ਵਿਕਾਸ ਸ਼ਰਮਾ, ਲਖਵਿੰਦਰ ਸਿੰਘ ਲੱਕੀ, ਤਲਵਿੰਦਰ ਬੇਬੀ, ਸੰਦੀਪ ਰੱਤੀ, ਸੁਖਮਿੰਦਰ ਸਿੰਘ ਸੁੱਖੀ ਬਠਿੰਡਾ, ਸੁਧੀਰ ਸਰਮਾ ਪ੍ਰਧਾਨ ਨੰਗਲ, ਕੁਲਵੀਰ ਸਿੰਘ ਨਿੰਨੀ ਸੰਗਰੂਰ, ਕਪਿਲ ਦੇਵ ਭਾਰਦਵਾਜ ਪ੍ਰਧਾਨ ਜਲੰਧਰ, ਪੰਕਜ ਸਿੱਬਲ ਪ੍ਰਧਾਨ ਜਲੰਧਰ (ਸਹਿਰੀ), ਰਵਿੰਦਰ ਮਹਿੰਦਰੂ, ਸਿਮਰਨ ਸਰਮਾ, ਸੁਰਿੰਦਰ ਸਿੰਘ, ਪਰਮਿੰਦਰ ਕੌਰ ਸੋਨੀਆ, ਸੁਖਵਿੰਦਰ ਕੌਰ ਮੋਨਿਕਾ, ਅਵਤਾਰ ਸਿੰਘ ਪੀਟਾ, ਪਰਮਿੰਦਰ ਕੌਰ ਮੈਂਬਰ , ਰਮਨ, ਮਾਸਟਰ ਕੰਵਲਜੀਤ ਸਿੰਘ ਚੇਅਰਮੈਨ ਗੁਰਦਾਸਪੁਰ, ਕੰਵਲਜੀਤ ਸਿੰਘ ਪੱਡਾ ਪ੍ਰਧਾਨ ਗੁਰਦਾਸਪੁਰ. ਮੂਲ ਰਾਜ ਭੱਟੀ, ਰਾਜ ਕੁਮਾਰ, ਚੇਤਨ ਕੁਮਾਰ, ਸੰਜੀਵ ਮਹਿਤਾ, ਵਿਜੇ ਸਰਮਾ ਉੱਪ ਪ੍ਰਧਾਨ, ਕੁਲਵਿੰਦਰ ਸਿੰਘ ਭਾਟੀਆਂ, ਸੁਸੀਲ ਬੱਬਰ, ਮਨਦੀਪ ਬੇਦੀ, ਸੋਹਣ ਸਿੰਘ ਠੰਡਲ ਤੇ ਵਿਨੋਦ ਸੋਨੀ, ਰਸ਼ਪਾਲ ਸਿੰਘ ਪ੍ਰਧਾਨ ਬਟਾਲਾ, ਅਰਵਿੰਦਰ ਮਠਾਰੂ, ਕਮਲਜੀਤ ਸਿੰਘ, ਸੋਨੂੰ, ਸ਼ਾਮ ਸਿੰਘ, ਰਾਜੂ ਖਹਿਰਾ, ਜਸਪਾਲ ਸਿੰਘ ਪ੍ਰਧਾਨ ਅਲਾਵਲਪੁਰ ਸਮੇਤ ਕਈ ਹੋਰ ਨਾਮਾਨਿਗਾਰ ਹਾਜ਼ਰ ਸਨ।






MAJESTIC HOMES

PRICE REDUCED
$1,655,555
7112 Westmoorland Dr
Berkeley

GORGEOUS HOME IN BERKELEY HILLS

Gorgeous 4000+ sqft home in Claremont Hills with 4 Bedrooms and 3.5 bathrooms. Stunning bay, & city lights views. Beautiful hardwood floors throughout. Granite counters, stainless steel appliance in the kitchen. Bonus room and a bar. Fire sprinklers, intercom and many upgrades. Court location. Just minutes away from the City. You have to see it to appreciate this GEM







JUST LISTED
$329,900
3314 Canim Ct
Antioch

3 Bedrooms and 2 Bathrooms - Best Deal in Antioch

Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509

Service Excellence - Experience the Difference

WWW.MajesticHomes.US Email: Ramesh@RameshSuman.com



COMING SOON
3201 Magicwoods Ct Sacramento
$278,888

3 Bedrooms and 2 Bathrooms - Home in Sacramento

Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

# ਸਰਹੱਦੋਂ ਪਾਰ ਤਨਾਵ ਹੈ ਕਿਆ, ਜ਼ਰਾ ਪਤਾ ਤੋ ਕਰੋ ਚੁਨਾਵ ਹੈ ਕਿਆ

ਭਾਰਤ-ਪਾਕਿਸਤਾਨ ਸਰਹੱਦ ਉੱਤੇ ਵੱਸੇ ਲੱਗਭੱਗ ਇੱਕ ਹਜ਼ਾਰ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਘਰ ਖ਼ਾਲੀ ਕਰਨ ਦੇ ਹੁਕਮ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਹਨ। ਸਰਹੱਦੀ ਖੇਤਾਂ 'ਚ ਫ਼ਸਲਾਂ ਲਹਿਲਹਾ ਰਹੀਆਂ ਹਨ। ਕੁਝ ਦਿਨਾਂ 'ਚ ਇਨ੍ਹਾਂ ਫ਼ਸਲਾਂ ਦੀ ਕਟਾਈ ਦਾ ਸਮਾਂ ਪੁੱਗਣ ਵਾਲਾ ਹੈ। ਕੌਣ ਕੱਟੇਗਾ ਫ਼ਸਲਾਂ? ਕੌਣ ਸੰਭਾਲੇਗਾ ਫ਼ਸਲਾਂ ਅਤੇ ਲੋਕਾਂ ਦੇ ਘਰ-ਬਾਰ? ਬੈਠਿਆਂ-ਸੁੱਤਿਆਂ ਹਜ਼ਾਰਾਂ ਲੋਕ ਰਫਿਊਜੀ ਬਣ ਰਹੇ ਹਨ, ਜੰਗ ਦੇ ਸਹਿਮ ਕਾਰਨ? ਕੀ ਜੰਗ ਨੇ ਸੱਚਮੁੱਚ ਦਸਤਕ ਦੇ ਦਿੱਤੀ ਹੈ ਜਾਂ ਕਾਰਨ ਹੀ ਕੋਈ ਹੋਰ ਹੈ? ਪ੍ਰਸਿੱਧ ਕਵੀ ਰਾਹਤ ਇੰਦੌਰੀ ਦੇ ਸ਼ਬਦ 'ਸਰਹੱਦੋਂ ਪਾਰ ਤਨਾਵ ਹੈ ਕਿਆ, ਜ਼ਰਾ ਪਤਾ ਤੋ ਕਰੋ ਚੁਨਾਵ ਹੈ ਕਿਆ' ਯਾਦ ਆ ਰਹੇ ਹਨ। ਇਹ ਜੰਗੀ ਤਨਾਅ ਪੰਜਾਬ 'ਚ ਹੀ ਆਖ਼ਿਰ ਕਿਉਂ ਹੈ, ਜਦੋਂ ਕਿ ਭਾਰਤ-ਪਾਕਿ ਸਰਹੱਦ ਤਾਂ 2900 ਕਿਲੋਮੀਟਰ ਲੰਮੀ ਹੈ?

ਪਿਛਲੀ ਲੱਗਭੱਗ ਪੌਣੀ ਸਦੀ 'ਚ ਪੰਜਾਬ ਕਈ ਵੇਰ ਉੱਜੜਿਆ ਹੈ। ਪੰਜਾਬ ਦੇ ਲੋਕਾਂ ਨੇ ਕਈ ਵੇਰ ਦਹਿਸ਼ਤ ਹੰਢਾਈ ਹੈ; ਮਨਾਂ 'ਚ ਵੀ, ਆਪਣੇ ਪਿੰਡੇ 'ਤੇ ਵੀ। ਇਧਰਲੇ ਪੰਜਾਬ ਵਾਲੇ ਜਾਂ ਉਧਰਲੇ ਪੰਜਾਬ ਵਾਲੇ ਲੱਖਾਂ ਲੋਕ ਜੰਗ, ਵੰਡ ਦੀ ਭੇਂਟ ਚੜ੍ਹੇ ਹਨ। ਦਹਿਸ਼ਤ ਨੇ ਉਨ੍ਹਾਂ ਨੂੰ ਕਲਾਵੇ 'ਚ ਰੱਖਿਆ ਹੈ। ਉਜਾੜਾ ਉਨ੍ਹਾਂ ਝੱਲਿਆ ਹੈ; ਇਨਸਾਨਾਂ ਦਾ ਵੀ, ਘਰਾਂ ਦਾ ਵੀ, ਪਸ਼ੂਆਂ ਦਾ ਵੀ, ਤੇ ਫ਼ਸਲਾਂ ਦਾ ਵੀ। ਜਦੋਂ ਬੰਦੇ ਦਾ ਘਰ ਉੱਜੜਦਾ ਹੈ, ਆਪੇ ਬਣਾਇਆ ਆਲ੍ਹਣਾ, ਉਸ ਦਾ ਦਰਦ ਸਹਿਣਾ ਅਤੇ ਉੱਜੜੇ ਘਰ ਨੂੰ ਮੁੜ ਬਣਾਉਣਾ ਉਹਨੂੰ ਚੁਰਾਸੀ ਦੇ ਗੇੜ ਵਰਗਾ ਲੱਗਦਾ ਹੈ। ਸੰਨ ਸੰਤਾਲੀ 'ਚ ਉੱਜੜਿਆ ਪੰਜਾਬ। ਸੰਨ 1965 ਤੇ 1971 ਦੀ ਜੰਗ ਪੰਜਾਬ ਨੇ ਆਪਣੇ ਪਿੰਡੇ ਉੱਤੇ ਹੰਢਾਈ। ਚੁਰਾਸੀ, ਛਿਆਸੀ ਦੀ ਪੀੜ ਨਾਲ ਵਿੰਨ੍ਹਿਆ ਪਿਆ ਹੈ ਪੰਜਾਬ, ਅਤੇ ਅੱਜ ਫਿਰ ਪੰਜਾਬ ਡੂੰਘੇ ਫ਼ਿਕਰਾਂ 'ਚ ਡੁੱਬਾ ਬੈਠਾ ਹੈ।

ਇਨ੍ਹਾਂ ਦੁਖਾਂਤਾਂ 'ਚ ਲੱਖਾਂ ਪੰਜਾਬੀ ਮਰੇ, ਅਰਬਾਂ ਦੀ ਜਾਇਦਾਦ ਦੀ ਤਬਾਹੀ ਹੋਈ, ਰਿਸ਼ਤਿਆਂ ਦਾ ਘਾਣ ਹੋਇਆ, ਬੱਚੇ ਅਨਾਥ ਹੋਏ, ਔਰਤਾਂ ਬੇਇੱਜ਼ਤ ਹੋਈਆਂ, ਲੱਖਾਂ ਲੋਕ ਘਰੋਂ ਬੇਘਰ ਹੋਏ। ਇਨ੍ਹਾਂ ਵਿੱਚੋਂ ਬਹੁਤੇ ਹਾਲੇ ਵੀ ਇਨ੍ਹਾਂ ਵਾਪਰੀਆਂ ਅਣਸੁਖਾਵੀਂਆਂ, ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ, ਘਟਨਾਵਾਂ ਨੂੰ ਯਾਦ ਕਰਦਿਆਂ ਜ਼ਾਰੋ-ਜ਼ਾਰ ਰੋਂਦੇ ਹਨ। ਆਖ਼ਿਰ ਕਸੂਰ ਕੀ ਹੈ ਇਨ੍ਹਾਂ ਲੋਕਾਂ ਦਾ, ਜੋ ਜੰਗ 'ਚ ਝੋਕ ਦਿੱਤੇ ਜਾਂਦੇ ਹਨ; ਜੋ ਬਿਨਾਂ ਕਾਰਨ ਘਰੋਂ ਬੇਘਰ ਕਰ ਦਿੱਤੇ ਜਾਂਦੇ ਹਨ; ਜਿਨ੍ਹਾਂ ਨੂੰ ਬਿਨਾਂ ਵਜ੍ਹਾ ਆਰਥਿਕ ਨੁਕਸਾਨ ਝੱਲਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ? ਕੀ ਇਸ ਦਾ ਕਾਰਨ ਸ਼ਾਸਕਾਂ ਵੱਲੋਂ ਆਪਣੀ ਕੁਰਸੀ ਸਲਾਮਤ ਰੱਖਣਾ ਤਾਂ ਨਹੀਂ? ਹਾਕਮ ਜਦੋਂ ਲੋਕ ਸੇਵਾ ਛੱਡ ਕੇ ਆਪਣੀ ਕੁਰਸੀ ਕਾਇਮ ਰੱਖਣ ਨੂੰ ਹੀ ਤਰਜੀਹ ਦੇਣ ਲੱਗਦੇ ਹਨ, ਉਦੋਂ ਦੇਸ਼ਾਂ ਵਿਚਕਾਰ ਜੰਗਾਂ, ਭਾਈਚਾਰਿਆਂ ਦਰਮਿਆਨ ਪਾੜੇ ਤੇ ਜਾਤਾਂ-ਗੋਤਾਂ ਦੇ ਵਖਰੇਵੇਂ ਅਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਤਰਕਸ਼ ਹੀ ਉਨ੍ਹਾਂ ਦੇ ਪੱਲੇ ਰਹਿ ਜਾਂਦਾ ਹੈ, ਜਿਸ ਵਿਚਲੇ ਤੀਰਾਂ ਦੀ ਵਰਤੋਂ ਨਿਰਦਈ ਸਵਾਰਥੀ ਹਾਕਮ ਕਰਨ ਤੋਂ ਗੁਰੇਜ਼ ਨਹੀਂ ਕਰਦੇ।

ਬੇਅਸੂਲੀਆਂ ਜੰਗਾਂ ਮਾਨਵਤਾ ਦੀਆਂ ਕਾਤਲ ਹਨ। ਦੇਸ਼ਾਂ ਦੀਆਂ ਸਰਹੱਦਾਂ ਉੱਤੇ ਕਬਜ਼ੇ ਤੇ ਵੱਡੀਆਂ ਤਾਕਤਾਂ 'ਚ ਤਾਕਤਵਰ ਬਣਨ ਦੀ ਦੌੜ ਮਾਰੂ ਜੰਗਾਂ ਦਾ ਕਾਰਨ ਬਣਦੀ ਹੈ। ਜਗਤ ਥਾਣੇਦਾਰੀ ਕਰਦਿਆਂ ਅਮਰੀਕਾ, ਬਰਤਾਨੀਆ, ਆਦਿ ਵਰਗੇ ਮੁਲਕ ਹਥਿਆਰ ਵੇਚਣ ਅਤੇ ਆਪਣੀ ਆਰਥਿਕਤਾ ਨੂੰ ਥਾਂ ਸਿਰ ਰੱਖਣ ਅਤੇ ਕਮਾਈ ਦੇ ਵੱਡੇ ਸਾਧਨ ਪੈਦਾ ਕਰੀ ਰੱਖਣ ਲਈ ਆਧੁਨਿਕ ਹਥਿਆਰ ਬਣਾਉਂਦੇ ਹਨ, ਵੇਚਦੇ ਹਨ, ਛੋਟੇ ਮੁਲਕਾਂ ਨੂੰ ਆਪਸ 'ਚ ਲੜਾਉਂਦੇ ਹਨ, ਮਨੁੱਖਤਾ ਦਾ ਘਾਣ ਕਰਦੇ ਹਨ। ਦੋ ਵੱਡੀਆਂ ਸੰਸਾਰ ਜੰਗਾਂ ਮੰਡੀਆਂ ਹਥਿਆਉਣ, ਚੌਧਰ ਦੀ ਭੁੱਖ ਅਤੇ ਜਗਤ ਥਾਣੇਦਾਰੀ ਕਾਇਮ ਰੱਖਣ ਦੀ ਦੌੜ 'ਚ ਪ੍ਰਮਾਣੂ ਬੰਬ ਦਾ ਸੇਕ ਝੱਲ ਚੁੱਕੀਆਂ ਹਨ ਅਤੇ ਬੇਸਮਝ ਮੁਲਕ, ਇੱਕ ਦੂਜੇ ਨੂੰ ਤਬਾਹ ਕਰਨ ਦਾ ਡਰਾਵਾ ਦੇ ਕੇ ਜਿਸ ਢੰਗ ਨਾਲ ਖਿੱਤੇ ਦੇ ਲੋਕਾਂ 'ਚ ਸਹਿਮ ਪੈਦਾ ਕਰੀ ਰੱਖਦੇ ਹਨ, ਉਹ ਵੀ ਅਸਲ 'ਚ ਆਪਣੀ ਕੁਰਸੀ ਸਲਾਮਤ ਰੱਖਣ ਦਾ ਇੱਕ ਹਥਿਆਰ ਹੈ, ਜਿਸ ਨੂੰ ਪੂਰੀ ਬੇਸ਼ਰਮੀ ਨਾਲ ਵਰਤਣ ਤੋਂ ਰਤਾ ਵੀ ਗੁਰੇਜ਼ ਨਹੀਂ ਕਰਦੇ।

**ਆਪੋ-ਆਪਣੇ ਡੋਰੂ ਵਜਾ ਰਹੇ, ਕੁਝ ਟੀ.ਵੀ. ਚੈਨਲ, ਆਪਣੀ ਹੋਂਦ ਦਰਸਾਉਣ ਅਤੇ ਲੋਕਾਂ ਦੀ ਹਰਮਨ ਪਿਆਰਤਾ ਪਾਉਣ ਲਈ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਬੜਕਾਂ ਮਾਰ ਰਹੇ ਹਨ। ਉਹ ਸ਼ਾਇਦ ਉਨ੍ਹਾਂ ਲੋਕਾਂ ਦਾ ਦਰਦ ਨਹੀਂ ਜਾਣ ਸਕਦੇ ਜਿਹੜੇ ਆਪਣਾ ਘਰ-ਘਾਟ, ਡੰਗਰ-ਪਸ਼ੂ, ਜ਼ਮੀਨਾਂ-ਜਾਇਦਾਦਾਂ ਛੱਡ ਸੁਰੱਖਿਅਤ ਠਿਕਾਣਿਆਂ ਵੱਲ ਮਜ਼ਬੂਰ ਕਰਕੇ ਤੋਰ ਦਿੱਤੇ ਗਏ ਹਨ।**

ਨਵੇਂ ਬਣੇ ਦੋ ਦੇਸ਼ਾਂ; ਹਿੰਦੋਸਤਾਨ ਤੇ ਪਾਕਿਸਤਾਨ ਕਾਰਨ ਪੰਜਾਬ, ਬੰਗਾਲ ਦੀ ਵੰਡ ਹੋਈ। 14.5 ਮਿਲੀਅਨ ਲੋਕਾਂ ਨੂੰ ਸਰਹੱਦਾਂ ਪਾਰ ਕਰ ਕੇ ਵੱਖਰੇ ਟਿਕਾਣੇ ਲੱਭਣੇ ਪਏ। ਸਾਲ 1951 ਦੀ ਮਰਦਮ-ਸ਼ੁਮਾਰੀ ਅਨੁਸਾਰ 7.226 ਮਿਲੀਅਨ ਇਸਲਾਮ ਦੇ ਪੈਰੋਕਾਰਾਂ ਨੂੰ ਹਿੰਦੋਸਤਾਨ ਛੱਡ ਕੇ ਪਾਕਿਸਤਾਨ ਜਾਣਾ ਪਿਆ ਅਤੇ 7.24 ਮਿਲੀਅਨ ਸਿੱਖਾਂ, ਹਿੰਦੂਆਂ ਨੂੰ ਪਾਕਿਸਤਾਨ ਛੱਡ ਕੇ ਹਿੰਦੋਸਤਾਨ 'ਚ ਡੇਰੇ ਲਾਉਣੇ ਪਏ। ਇਨ੍ਹਾਂ ਵਿੱਚੋਂ 5.3 ਮਿਲੀਅਨ ਮੁਸਲਿਮ ਆਬਾਦੀ ਪੂਰਬੀ ਤੋਂ ਪੱਛਮੀ (ਪਾਕਿਸਤਾਨ) ਵੱਲ ਗਈ ਅਤੇ 3.4 ਮਿਲੀਅਨ ਹਿੰਦੂ-ਸਿੱਖ ਪਾਕਿਸਤਾਨੋਂ ਪੂਰਬੀ ਪੰਜਾਬ (ਹਿੰਦੋਸਤਾਨ) ਵੱਲ ਆਏ। 3.5 ਮਿਲੀਅਨ ਹਿੰਦੂ ਪੂਰਬੀ ਬੰਗਾਲ ਤੋਂ ਆ ਕੇ (ਪੱਛਮੀ ਬੰਗਾਲ) ਹਿੰਦੋਸਤਾਨ 'ਚ ਵੱਸੇ ਅਤੇ ਸਿਰਫ਼ 0.7 ਮਿਲੀਅਨ ਮੁਸਲਿਮ ਪੱਛਮੀ ਬੰਗਾਲ ਤੋਂ ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਗਏ। ਦੇਸ਼ ਦੀ ਇਸ ਵੰਡ, ਜੋ ਇੱਕ ਕਿਸਮ ਦੀ ਲੋਕਾਂ ਉੱਤੇ ਸਵਾਰਥੀ ਨੇਤਾਵਾਂ ਤੇ ਬਰਤਾਨਵੀ ਸਾਮਰਾਜੀਆਂ ਵੱਲੋਂ ਥੋਪੀ ਜੰਗ ਹੀ ਸੀ, ਵਿੱਚ, ਵੱਖ-ਵੱਖ ਅਨੁਮਾਨਾਂ ਅਨੁਸਾਰ, ਦੋ ਲੱਖ ਤੋਂ ਪੰਜ ਲੱਖ ਲੋਕ ਮਾਰੇ ਗਏ ਅਤੇ ਇਸ ਤੋਂ ਵੀ ਜ਼ਿਆਦਾ ਜ਼ਖ਼ਮੀ ਹੋਏ। ਕੀ ਇਹ ਹਿਜਰਤ/ਵੰਡ ਮਨੁੱਖਤਾ ਦੇ ਮੱਥੇ 'ਤੇ ਕਲੰਕ ਨਹੀਂ ਸੀ? ਕੀ ਇਹ ਅਣ-ਐਲਾਨੀ ਜੰਗ ਨਹੀਂ ਸੀ? ਪੰਜਾਬ ਦੇ ਲੋਕ ਅੱਜ ਫਿਰ ਅਣ-ਐਲਾਨੀ ਜੰਗ ਦੇ ਸ਼ਿਕਾਰ ਬਣੇ ਹੋਏ ਹਨ। ਸਿਰਫ਼ ਸਰਹੱਦੀ ਇਲਾਕਿਆਂ ਦੇ ਲੋਕ ਹੀ ਨਹੀਂ, ਸਗੋਂ ਪੂਰਾ ਪੰਜਾਬ ਸਕਤੇ ਵਿੱਚ ਹੈ। ਕਿਸ ਵੇਲੇ ਕੀ ਵਾਪਰ ਜਾਏ ਤੇ ਕੀਹਦੇ ਨਾਲ ਵਾਪਰ ਜਾਏ, ਇਹ ਸੰਸੇ ਲੋਕਾਂ ਦੇ ਮਨਾਂ 'ਤੇ ਛਾਏ ਹੋਏ ਹਨ। ਇਹ ਚਿੰਤਾ ਪੰਜਾਬੀਆਂ ਦੇ ਚਿਹਰਿਆਂ ਉੱਤੇ ਨਹੀਂ, ਧੁਰ ਮਨਾਂ 'ਚ ਵਸੀ ਬੈਠੀ ਹੈ; ਕੀ ਪੰਜਾਬ ਫਿਰ ਕਿਸੇ ਤ੍ਰਾਸਦੀ ਦਾ ਸ਼ਿਕਾਰ ਹੋ ਜਾਏਗਾ?

ਬੇਭਰੋਸਗੀ ਦੇ ਬੱਦਲ ਚਾਰੇ ਪਾਸੇ ਛਾਏ ਹੋਏ ਹਨ। ਪੰਜਾਬ ਅੱਜ ਵੱਖਰੇ-ਵੱਖਰੇ ਫ਼ਰੰਟਾਂ ਉੱਤੇ ਲੜਾਈ ਲੜ ਰਿਹਾ ਹੈ। ਪ੍ਰੇਸ਼ਾਨ ਮਾਪੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ, ਨਸ਼ਿਆਂ ਤੋਂ ਮੁਕਤ ਰੱਖਣ ਅਤੇ ਉਨ੍ਹਾਂ ਦੇ ਰੁਜ਼ਗਾਰ ਦਾ, ਸਗੋਂ ਬੰਨ-ਛੁੱਭ ਕਰਨ ਦੇ ਆਹਰ 'ਚ ਫਸੇ ਬੈਠੇ ਹਨ। ਵਿਦਿਆਰਥੀ-ਨੌਜਵਾਨ ਦੁਨੀਆ ਦੇ ਤੇਜ਼ ਰਫ਼ਤਾਰ ਚੱਲਦੇ ਚੱਕਰ 'ਚ ਆਪਣੇ ਆਪ ਨੂੰ ਥਾਂ ਸਿਰ ਕਰਨ ਲਈ ਸੰਘਰਸ਼ ਕਰ ਰਹੇ ਹਨ। ਪੰਜਾਬ ਦਾ ਕਿਰਤੀ, ਕਿਸਾਨ, ਮੁਲਾਜ਼ਮ ਆਪਣੇ ਹਿੱਤਾਂ ਦੀ ਰਾਖੀ ਲਈ ਹੱਥ-ਪੈਰ ਮਾਰ ਰਿਹਾ ਹੈ ਅਤੇ ਰੋਟੀ-ਰੋਜ਼ੀ ਦੇ ਜੁਗਾੜ ਲਈ ਸਿਰ ਭਾਰ ਖੜੋਤਾ ਨਜ਼ਰ ਆ ਰਿਹਾ ਹੈ। ਪੰਜਾਬ ਦਾ ਆਮ ਆਦਮੀ ਗ਼ਰੀਬੀ, ਦੁਸ਼ਵਾਰੀ, ਮਿਲਾਵਟਖੋਰੀ, ਰਿਸ਼ਵਤਖੋਰੀ, ਮਹਿੰਗਾਈ ਦਾ ਭੰਨਿਆ, ਅੱਧੀਆਂ-ਅਧੂਰੀਆਂ ਦਿੱਤੀਆਂ ਜਾ ਰਹੀਆਂ ਸਰਕਾਰੀ ਸਮਾਜਿਕ ਭਲਾਈ ਸਕੀਮਾਂ ਤੋਂ ਅਸੰਤੁਸ਼ਟ ਦਿੱਸ ਰਿਹਾ ਹੈ। ਸੂਬੇ ਦੀ ਅੱਧੀ ਆਬਾਦੀ ਦੇ ਹੱਥ ਗ਼ਰੀਬੀ ਰੇਖਾ ਵਾਲਾ ਨੀਲਾ ਕਾਰਡ ਹੈ, ਪਰ ਉਹਦੀ ਸਹੂਲਤ ਉਹਨੂੰ ਮਿਲ ਹੀ ਨਹੀਂ ਰਹੀ। ਤੁੱਛ ਜਿਹੀ 500 ਰੁਪਏ ਦੀ ਬੁਢਾਪਾ ਪੈਨਸ਼ਨ ਬਜ਼ੁਰਗਾਂ ਨੂੰ ਕੋਈ ਰਾਹਤ ਨਹੀਂ ਦੇ ਰਹੀ। ਜਗਤ ਪ੍ਰਸਿੱਧ ਕੀਤੀ ਮਨਰੇਗਾ ਵਰਗੀ ਯੋਜਨਾ ਦਾ ਸੂਬੇ 'ਚ ਪਹਿਲਾਂ ਹੀ ਸਾਹ ਨਿਕਲ ਚੁੱਕਾ ਹੈ। ਇਹੋ ਜਿਹੀ ਹਾਲਤ ਵਿੱਚ ਪੰਜਾਬ ਦੇ ਲੋਕਾਂ ਉੱਤੇ ਜੰਗ ਦਾ ਪਰਛਾਵਾਂ, ਉਨ੍ਹਾਂ ਦੀ ਪਹਿਲਾਂ ਹੀ ਪ੍ਰੇਸ਼ਾਨ ਮਨੋ-ਸਥਿਤੀ ਨੂੰ ਹੋਰ ਪ੍ਰੇਸ਼ਾਨ ਨਹੀਂ ਕਰ ਦੇਵੇਗਾ?



ਗੁਰਮੀਤ ਸਿੰਘ ਪਲਾਹੀ
91-98158-02070

ਆਪੋ-ਆਪਣੇ ਡੋਰੂ ਵਜਾ ਰਹੇ ਕੁਝ ਟੀ ਵੀ ਚੈਨਲ, ਆਪਣੀ ਹੋਂਦ ਦਰਸਾਉਣ ਅਤੇ ਲੋਕਾਂ ਦੀ ਹਰਮਨ-ਪਿਆਰਤਾ ਪਾਉਣ (ਟੀ ਆਰ ਪੀ ਵਧਾਉਣ) ਲਈ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਬੜ੍ਹਕਾਂ ਮਾਰ ਰਹੇ ਹਨ। ਉਹ ਸ਼ਾਇਦ ਉਨ੍ਹਾਂ ਲੋਕਾਂ ਦਾ ਦਰਦ ਨਹੀਂ ਜਾਣ ਸਕਦੇ, ਜਿਹੜੇ ਆਪਣਾ ਘਰ-ਘਾਟ, ਡੰਗਰ-ਪਸ਼ੂ, ਜ਼ਮੀਨਾਂ-ਜਾਇਦਾਦਾਂ ਛੱਡ ਕੇ ਸੁਰੱਖਿਅਤ ਟਿਕਾਣਿਆਂ ਵੱਲ ਮਜਬੂਰ ਕਰ ਕੇ ਤੋਰ ਦਿੱਤੇ ਗਏ ਹਨ। ਆਰਥਿਕ ਪੱਖੋਂ ਖੋਖਲਾ ਹੋ ਚੁੱਕਾ ਪੰਜਾਬ, ਜੋ ਆਪਣੀ ਹੋਂਦ ਬਚਾਉਣ ਦੀ ਲੜਾਈ ਪਹਿਲਾਂ ਹੀ ਲੜ ਰਿਹਾ ਹੈ, ਕਿਸੇ ਨਵੀਂ ਥੋਪੀ ਜੰਗ ਨੂੰ ਸਹਿਣ ਜੋਗਾ ਨਹੀਂ। ਇਧਰਲੇ-ਉਧਰਲੇ ਪੰਜਾਬੀ ਦਿਲੋਂ-ਮਨੋਂ ਜੰਗ ਦਾ ਵਿਰੋਧ ਕਰਨ ਲਈ ਨਿੱਤਰ ਰਹੇ ਹਨ, ਤਾਂ ਕਿ ਹਾਕਮਾਂ ਦੇ ਉਨ੍ਹਾਂ ਮਨਸੂਬਿਆਂ ਨੂੰ ਨੰਗਿਆ ਕੀਤਾ ਜਾਏ, ਜਿਨ੍ਹਾਂ ਦੀ ਖ਼ਾਤਰ ਉਹ ਲੋਕਾਂ ਨੂੰ ਜੰਗ ਦੀ ਭੱਠੀ 'ਚ ਝੋਕਣ ਜਾ ਰਹੇ ਹਨ। ਸੰਸਾਰ ਪ੍ਰਸਿੱਧ ਫਰਾਂਸੀਸੀ ਮਹਾਰਾਜੇ ਅਤੇ ਮਿਲਟਰੀ ਸ਼ਾਸਕ ਨੇ ਕਿਹਾ ਸੀ ਕਿ ਜਦੋਂ ਸਰਕਾਰਾਂ ਹਰ ਪਾਸੇ ਤੋਂ ਫ਼ੇਲ੍ਹ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਵੱਲੋਂ ਜੰਗ ਲਾ ਕੇ ਤੇ ਮੀਡੀਆ ਰਾਹੀਂ ਲੋਕਾਂ ਦੇ ਦੇਸ਼ ਭਗਤੀ ਦਾ ਮੋਟੀ ਸੂਈ ਵਾਲਾ ਟੀਕਾ ਲਾ ਕੇ ਉਨ੍ਹਾਂ ਨੂੰ ਅਸਲ ਮੁੱਦਿਆਂ ਤੋਂ ਭਟਕਾਇਆ ਜਾਂਦਾ ਹੈ। ਕੀ ਦੇਸ਼ ਦੇ ਲੋਕ ਅੱਜ ਇਹੋ ਜਿਹੀ ਸਥਿਤੀ ਦਾ ਸ਼ਿਕਾਰ ਤਾਂ ਨਹੀਂ ਹੋ ਰਹੇ? ਕੀ ਇਸ ਦਾ ਖਮਿਆਜ਼ਾ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਹੀ ਤਾਂ ਨਹੀਂ ਭੁਗਤਣਾ ਪੈ ਰਿਹਾ?

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ

ਸੰਸਾਰ ਦੇ ਕਈ ਦੇਸ਼ਾਂ ਵਿੱਚ ਨਸਲ, ਰੰਗ, ਧਰਮ, ਜਾਤ ਆਦਿ ਦੇ ਅਧਾਰ ਤੇ ਲੰਬਾ ਸਮਾਂ ਵਿਤਕਰਾ ਤੇ ਭੇਦਭਾਵ ਹੁੰਦਾ ਰਿਹਾ ਹੈ। ਸਾਡੇ ਦੇਸ਼ ਭਾਰਤ ਵਿੱਚ ਵੀ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ। ਸਾਡਾ ਦੇਸ਼ ਲੰਬਾ ਸਮਾਂ ਵਿਦੇਸ਼ੀਆਂ ਦਾ ਗੁਲਾਮ ਰਿਹਾ ਹੈ ਪਰੰਤੂ ਦੇਸ਼ ਵਿੱਚ ਰਹਿਣ ਵਾਲੇ ਇੱਕ ਵਿਸ਼ੇਸ਼ ਵਰਣ ਦੇ ਲੋਕ ਅਪਣੇ ਹੀ ਦੇਸ਼ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਵਰਣ ਵਿਵਸਥਾ ਅਤੇ ਜਾਤ ਅਧਾਰਤ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਅਤੇ ਇਸ ਸਮਾਜਿਕ ਢਾਂਚੇ ਨੂੰ ਬਦਲਣ ਲਈ ਮੁਹਿੰਮ ਚਲਾਈ ਹੈ। ਇਨ੍ਹਾਂ ਰਹਿਬਰਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਇਤਿਹਾਸਕ ਕਸਬਾ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਸਵਰਗੀ ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਬਾਬੂ ਜੀ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਰੱਖਦੇ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਉਨ੍ਹਾਂ ਦੇ ਨਾਨਾ ਜੀ ਦਾ ਨਾਮ ਸਾਹਿਬ ਦਿਤਾ ਸੀ ਅਤੇ ਉਨ੍ਹਾਂ ਦਾ ਬਾਬੂ ਜੀ ਦੇ ਜਨਮ ਤੋਂ ਪਹਿਲਾਂ ਹੀ ਸਵਰਗਵਾਸ ਹੋ ਚੁੱਕਾ ਸੀ। ਬਾਬੂ ਜੀ ਦੀ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ ਅਤੇ ਬਾਬੂ ਜੀ ਦੇ ਨਾਨਕੇ ਪਰਿਵਾਰ ਵਿੱਚ ਹੋਰ ਕੋਈ ਮਾਮਾ ਨਾਂ ਹੋਣ ਕਾਰਨ ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ। ਨਾਨਕੇ ਪਿੰਡ ਨਾਲ ਪਿਆਰ ਕਾਰਨ ਹੀ ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਅਛੂਤਾਂ ਵਾਂਗ ਅਛੂਤਾਂ ਨਾਂਲ ਹੋ ਰਹੇ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਬਾਬੂ ਜੀ ਨੇ ਬਚਪਨ ਵਿੱਚ ਹੀ ਇਸ ਸਮਾਜਿਕ ਬੁਰਾਈ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ। ਬਾਬੂ ਕਾਂਸ਼ੀ ਰਾਮ ਅਪਣੇ ਸਾਰੇ ਭੈਣ ਭਰਾਵਾਂ ਵਿਚੋਂ ਸਭ ਨਾਲੋਂ ਵੱਧ ਪੜੇ ਲਿਖੇ ਸਨ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ ਵਿਗਿਆਨ ਵਿੱਚ ਗ੍ਰੈਜੂਏਸ਼ਨ ਕੀਤੀ। 1958 ਵਿੱਚ ਬਾਬੂ ਕਾਂਸ਼ੀ ਰਾਮ ਨੇ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਵਿੱਚ ਬਤੌਰ ਸਹਾਇਕ ਵਿਗਆਿਨੀ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਹੋਰ ਸਟਾਫ ਮੈਂਬਰ ਦੀਨਾ ਭਾਨ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਛੁੱਟੀ ਨਾਂ ਹੋਣ ਕਾਰਨ ਰੋਸ ਪ੍ਰਦਰਸ਼ਨ ਕੀਤਾ। ਬਾਬੂ ਜੀ ਨੇ ਦੀਨਾ ਭਾਨ ਨਾਲ ਮਿਲਕੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਇਸ ਕੰਪਨੀ ਵਿੱਚ ਬਾਬਾ ਸਾਹਿਬ ਦੇ ਜਨਮ ਦਿਵਸ ਅਤੇ ਬੁੱਧ ਜਯੰਤੀ ਦੀ ਬੰਦ ਕੀਤੀ ਗਈ ਛੁੱਟੀ ਮੁੜ੍ਹ ਸ਼ੁਰੂ ਕਰਵਾਈ। ਬਾਬੂ ਜੀ ਨੇ ਇਸਤੋਂ ਬਾਦ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਅਪਣੇ ਸਾਥੀ ਦੀਨਾ ਭਾਨ ਨਾਲ ਮਿਲਕੇ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗਾਂ ਨਾਲ ਸਬੰਧਿਤ ਕਰਮਚਾਰੀਆਂ ਦੀ ਭਲਾਈ ਲਈ ਸੰਸਥਾ ਬਾਮਸੇਫ ਦੀ ਸਥਾਪਨਾ ਕੀਤੀ। ਬਾਬੂ ਜੀ ਨੇ ਅਪਣੀ ਨੋਕਰੀ ਦੌਰਾਨ ਦਲਿਤ ਰਹਿਵਰਾਂ ਵਲੋਂ ਕੀਤੇ ਗਏ ਸੰਘਰਸ ਨੂੰ ਪੜਿਆ ਅਤੇ ਸਮਝਿਆ। ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਬਾਬੂ ਜੀ ਨੇ ਅਪਣਾ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਬਾਬੂ ਜੀ ਨੇ ਅਪਣੇ ਸੰਘਰਸ਼ ਵਿੱਚ ਘੱਟ ਗਿਣਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸ਼ਾਮਿਲ ਕਰਕੇ ਇੱਕ ਵੱਡੀ ਤਾਕਤ ਬਣਾਈ। ਬਾਬੂ ਜੀ ਨੇ ਦਲਿਤਾਂ ਨੂੰ ਇਸ ਦੇਸ਼ ਦੇ ਮੁਢਲੇ ਵਾਸੀ ਕਹਿਕੇ ਆਦਿ ਦਾ ਨਾਮ ਦਿਤਾ। ਬਾਬੂ ਕਾਂਸ਼ੀ ਰਾਮ ਨੇ ਮੋਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਹ ਅਕਸਰ ਪੂਨਾ ਪੈਕਟ ਦੀ ਵਿਰੋਧਤਾ ਕਰਦਿਆਂ ਕਹਿੰਦੇ ਸਨ ਕਿ ਇਸ ਸਮਝੌਤੇ ਕਾਰਨ ਪੀ ਐਮ ਰਾਮਸੇ ਮੈਕਡੋਨਲਡ ਦੇ ਕਮਿਊਨਲ ਐਵਾਰਡ ਦੁਆਰਾ ਦੱਸੇ ਗਏ ਵੱਖਰੇ ਵੋਟ ਦੇ ਅਧਿਕਾਰ ਤੋਂ ਸਦੀਆਂ ਤੋਂ ਲਿਤਾੜੇ ਵਰਗਾਂ ਨੂੰ ਬਾਂਝੇ ਰਹਿਣਾ ਪਿਆ ਹੈ। ਬਾਬੂ ਜੀ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਬਾਬੂ ਜੀ ਨੇ ਦਲਿਤ ਕਰਮਚਾਰੀਆਂ ਨੂੰ ਸੰਗਠਿਤ ਕੀਤਾ ਅਤੇ ਉੱਚ ਜਾਤਿ ਦੇ ਕਰਮਚਾਰੀਆਂ ਅਤੇ ਲੋਕਾਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਦਾ ਸੰਘਰਸ਼ਮਈ ਵਿਰੋਧ ਕਰਨ ਲਈ ਤਿਆਰ ਕੀਤਾ। ਬਾਬੂ ਜੀ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ। ਬਾਬੂ ਜੀ ਨੇ 06 ਦਸੰਬਰ, 1978 ਨੂੰ ਬੈਕਵਰਡ ਐਂਡ ਮਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਬਾਬ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਬਾਬੂ ਜੀ ਨੇ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਬਾਬੂ ਜੀ ਦੁਆਰਾ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਲਈਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬਾਬੂ ਜੀ ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਪੰਜਾਬ ਦੇ ਲੱਖਾਂ ਦਲਿਤਾਂ ਲਈ ਇਹ ਮਾਣ ਵਾਲੀ ਗੱਲ ਸੀ ਕਿ ਜਿਸ ਹਲਕੇ ਵਿੱਚ 1926 ਵਿੱਚ ਆਦਿ ਧਰਮ ਮੁਹਿੰਮ ਦੀ ਸ਼ੁਰੂਆਤ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਕੀਤੀ ਸੀ ਅਤੇ ਉਸ ਵੇਲੇ ਦੇ ਪੰਜਾਬ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਮਿਲਕੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਸੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ। ਲੱਗਭੱਗ 50 ਸਾਲ ਬਾਦ 1996 ਵਿੱਚ ਦਲਿਤ ਆਗੂ ਬਾਬੂ ਕਾਂਸ਼ੀ ਰਾਮ ਲੋਕ ਸਭਾ ਚੋਣ ਲੜੇ ਤੇ ਲੋਕ ਸਭਾ ਮੈਂਬਰ ਬਣੇ। ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਆਦਿ ਧਰਮ ਮੁਹਿੰਮ ਦੇ 75 ਸਾਲ ਪੂਰੇ ਹੋਣ ਤੇ 18 ਫਰਵਰੀ 2001 ਨੂੰ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਬਾਬੂ ਜੀ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਇੱਕ ਮੰਦਰ ਬਣਾਇਆ ਗਿਆ ਹੈ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜੀਆਂ ਵਸਤਾਂ ਦੀ ਇੱਕ ਲਾਇਬ੍ਰੇਰੀ ਤਿਆਰ ਕੀਤੀ ਗਈ ਹੈ। ਵਰਣਨਯੋਗ ਹੈ ਕਿ ਇਸ ਮੰਦਿਰ ਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਇਸ ਮੋਕੇ ਕਰਵਾਏ ਗਏ ਸਮਾਗਮ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ, ਸ਼ਮਸ਼ੇਰ ਸਿੰਘ ਦੂਲੋ, ਰਾਣਾ ਕੇ ਪੀ ਸਿੰਘ, ਪਵਨ ਕੁਮਾਰ ਟੀਨੂੰ, ਸ਼ਿੰਗਾਰਾ ਰਾਮ ਸਹੂੰਗੜਾ ਆਦਿ ਹਾਜਰ ਸਨ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਭਾਰਤੀ ਜਨਤਾ ਪਾਰਟੀ ਵਲੋਂ ਵੀ ਬਾਬੂ ਕਾਂਸ਼ੀ ਰਾਮ ਦੇ ਸਨਮਾਨ ਵਿੱਚ ਵਿਸ਼ੇਸ਼ ਯਾਤਰਾ ਕੱਢੀ ਗਈ, ਆਰ ਪੀ ਆਈ ਆਗੂ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਪੋਤੇ ਪ੍ਰਕਾਸ਼ ਅੰਬੇਡਕਰ, ਭਾਰਤੀ ਸ਼ੋਸ਼ਿਤ ਸਮਾਰ ਸੰਘਰਸ਼ ਸੰਗਠਨ ਦੇ ਆਗੂ ਜਸਵਿੰਦਰ ਕੌਰ, ਹਰਨੇਕ ਸਿੰਘ, ਕੁਲਦੀਪ ਚੰਦ, ਪਰਮਿੰਦਰ ਪਾਲ, ਕ੍ਰਿਪਾਲ ਸਿੰਘ, ਜੇਮਜ਼ ਰਾਇਲ, ਤ੍ਰਿਲੋਕੀ ਨਾਥ, ਰਾਕੇਸ਼ ਕੁਮਾਰ, ਕਾਂਗਰਸੀ ਆਗੂ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜ਼ਰੀਵਾਲ ਵੀ ਅਪਣੇ ਹੋਰ ਸਾਥੀਆਂ ਨਾਲ ਇਸ ਸਥਾਨ ਤੇ ਵਿਸ਼ੇਸ਼ ਤੋਰ ਤੇ ਪਹੁੰਚੇ ਸਨ। ਇਸੇ ਤਰਾਂ ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਪਾਰਟੀਆਂ ਦੇ ਹੋਰ ਆਗੂ ਬਾਬੂ ਜੀ ਦੇ ਨਾਮ ਤੇ ਬਣਾਏ ਗਏ ਟਰੱਸਟ ਵਿੱਚ ਜਾਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ।



ਕੁਲਦੀਪ ਚੰਦ
91-9417563054

## 9 ਅਕਤੂਬਰ ਪ੍ਰੀਨਿਰਵਾਣ ਦਿਵਸ 'ਤੇ ਵਿਸ਼ੇਸ਼

# ਕਮੀ ਖਲਦੀ ਹੈ ਸਾਹਿਬ ਕਾਂਸ਼ੀ ਰਾਮ ਜੀ ਦੀ



ਦਰਸ਼ਨ ਸਿੰਘ ਬਾਜਵਾ (91-98783-83053)



ਦੁਆਬਾ ਇਲਾਕਾ ਪੰਜਾਬ ਦੇ ਬਾਕੀ ਇਲਾਕਿਆਂ ਮਾਲਵੇ ਅਤੇ ਮਾਝੇ ਤੋਂ ਜ਼ਿਆਦਾ ਅੱਗੇ ਰਿਹਾ ਹੈ। ਇਸ ਦਾ ਕਾਰਨ ਸ਼ਾਇਦ ਇਹ ਰਿਹਾ ਹੈ ਕਿ ਇੱਥੇ ਦੀ ਰਜਵਾੜਾਸ਼ਾਹੀ ਪਹਿਲਾਂ ਸਮਾਪਤ ਹੋ ਗਈ ਸੀ ਅਤੇ ਅੰਗਰੇਜ਼ਾਂ ਨੇ ਇਸ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ ਸੀ। ਅੰਗਰੇਜ਼ਾਂ ਦੀ ਆਮਦ ਦੇ ਨਾ਼ਲ ਹੀ ਇਸ ਇਲਾਕੇ ਵਿੱਚ ਵਿੱਦਿਆ ਆਈ। ਵਿੱਦਿਆ ਦੇ ਚਾਨਣ ਨੇ ਆਮ ਲੋਕਾਂ ਦੇ ਮਨਾਂ ਵਿੱਚ ਵੀ ਆਸਾਂ ਦੇ ਦੀਵੇ ਜਗਾਏ। ਇੱਥੋਂ ਦੇ ਕਾਫ਼ੀ ਜ਼ਿਆਦਾ ਲੋਕ ਵਿਦੇਸ਼ਾਂ ਵਿੱਚ ਗਏ। ਉੱਥੇ ਜਾ ਕੇ ਉਹਨਾਂ ਨੇ ਖ਼ੂਬ ਤਰੱਕੀਆਂ ਕੀਤੀਆਂ ਅਤੇ ਆਪਣੇ ਪਰਿਵਾਰਾਂ ਨੂੰ ਖੁਸ਼ਹਾਲ ਬਣਾਉਣ ਦੇ ਨਾ਼ਲ-ਨਾ਼ਲ ਇਲਾਕੇ ਨੂੰ ਵੀ ਚਾਰ ਚੰਨ ਲਾਏ। ਕਾਫ਼ੀ ਲੋਕ ਵਿਦੇਸ਼ਾਂ ਵਿੱਚ ਵਸ ਗਏ ਹਨ ਅਤੇ ਕਾਫ਼ੀ ਲੋਕ ਦੇਸ਼ ਵਿੱਚ ਰਹਿੰਦਿਆਂ ਹੀ ਉੱਚੇ ਅਹੁਦਿਆਂ ਤੱਕ ਪਹੁੰਚੇ ਹਨ। ਪੰਜਾਬ ਦਾ ਦੁਆਬਾ ਇਲਾਕਾ ਹੀ ਅਜਿਹਾ ਇਲਾਕਾ ਹੈ ਜਿੱਥੋਂ ਦੇ ਅਛੂਤ ਕਹੇ ਜਾਣ ਵਾ਼ਲੇ ਪਰਿਵਾਰਾਂ ਦੇ ਧੀਆਂ-ਪੁੱਤਰ ਸਭ ਤੋਂ ਜ਼ਿਆਦਾ ਆਈ.ਏ.ਐਸ. ਬਣੇ ਹਨ। ਦਲਿਤ ਰਾਜਨੀਤੀ ਉੱਪਰ ਵੀ ਇਹ ਇਲਾਕਾ ਛਾਇਆ ਹੋਇਆ ਹੈ। ਇਸ ਇਲਾਕੇ ਵਿੱਚੋਂ ਹੀ ਪੈਦਾ ਹੋ ਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਦਲਿਤ-ਬਹੁਜਨਾਂ ਵਿੱਚ ਰਾਜ ਭਾਗ ਦਾ ਸੁਪਨਾ ਪੈਦਾ ਕੀਤਾ। ਭਾਵੇਂ ਦਲਿਤ ਰਾਜਨੀਤੀ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਤੋਂ ਪਹਿਲਾਂ ਵੀ ਦੁਆਬੇ ਦੇ ਲੋਕ ਅੱਗੇ ਰਹੇ ਹਨ ਪਰ ਕਿਸੇ ਹੋਰ ਵੱਡੀ ਸਥਾਪਤ ਪਾਰਟੀ ਦੇ ਸਹਾਰੇ ਤੋਂ ਬਿਨਾਂ ਹੀ ਆਪਣੇ ਬਲਬੂਤੇ ਰਾਸ਼ਟਰੀ ਰਾਜਨੀਤੀ 'ਤੇ ਛਾ ਜਾਣਾ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋਏ ਕਿਸੇ ਵੀ ਵਿਅਕਤੀ ਲਈ ਭਾਰਤ ਵਿੱਚ ਕੋਈ ਛੋਟਾ ਕ੍ਰਿਸ਼ਮਾ ਨਹੀਂ। ਪਰ ਇਹ ਕ੍ਰਿਸ਼ਮਾ ਜਾਂ ਤਾਂ ਬਾਬਾ ਸਾਹਿਬ ਡਾ: ਅੰਬੇਡਕਰ ਦੇ ਹਿੱਸੇ ਆਇਆ ਜਾਂ ਉਹਨਾਂ ਤੋਂ ਮਗਰੋਂ ਪੰਜਾਬ ਦੇ ਖੁਆਸਪੁਰ ਪਿੰਡ ਦੇ ਕਾਂਸ਼ੀ ਰਾਮ ਨੇ ਕਰ ਦਿਖਾਇਆ। ਕਾਂਸ਼ੀ ਰਾਮ ਜੀ ਪੰਜਾਬ ਦੇ ਛੋਟੇ ਜਿਹੇ ਪਿੰਡ ਖੁ਼ਆਸਪੁਰਾ, ਜ਼ਿਲ੍ਹਾ ਰੋਪੜ ਵਿਖੇ, ਪਿਤਾ ਸਰਦਾਰ ਹਰੀ ਸਿੰਘ ਸਪੁੱਤਰ ਸਰਦਾਰ ਤੇਲੂ ਸਿੰਘ ਜੀ ਦੇ ਘਰ, ਮਾਤਾ ਬਿਸ਼ਨ ਕੌਰ ਦੀ ਕੁੱਖੋਂ 15 ਮਾਰਚ ਸੰਨ 1935 ਈਸਵੀ ਨੂੰ ਪੈਦਾ ਹੋਏ। ਕਾਂਸ਼ੀ ਰਾਮ ਜੀ ਆਪਣੇ ਮਾਤਾ-ਪਿਤਾ ਦੀ ਪਹਿਲੀ ਸੰਤਾਨ ਸਨ। ਉਹਨਾਂ ਤੋਂ ਛੋਟੀਆਂ ਚਾਰ ਭੈਣਾਂ- ਹਰਬੰਸ ਕੌਰ, ਸਵਰਨ ਕੌਰ, ਗੁਰਚਰਨ ਕੌਰ, ਕੁਲਵੰਤ ਕੌਰ ਅਤੇ ਦੋ ਭਰਾ ਹਰਬੰਸ ਸਿੰਘ ਅਤੇ ਦਲਬਾਰਾ ਸਿੰਘ ਹਨ।

ਲੱਗਭੱਗ ਛੇ ਸਾਲਾਂ ਦੀ ਉਮਰ ਵਿੱਚ ਕਾਂਸ਼ੀ ਰਾਮ ਜੀ ਨੂੰ ਸਕੂਲ ਵਿੱਚ ਪੜ੍ਹਨ ਲਈ ਦਾਖ਼ਲ ਕਰਵਾਇਆ ਗਿਆ। ਉਹ ਬਚਪਨ ਤੋਂ ਹੀ ਤੇਜ਼ ਦਿਮਾਗ਼, ਬੇਹੱਦ ਮਿਹਨਤੀ, ਜ਼ਿੱਦੀ, ਮਜ਼ਾਕੀਆ ਸੁਭਾਅ ਅਤੇ ਵਿਸ਼ੇਸ਼ ਰੁਚੀਆਂ ਵਾ਼ਲੇ ਵਿਅਕਤੀਤਵ ਦੇ ਮਾਲਕ ਰਹੇ ਹਨ। ਮਾਤਾ ਬਿਸ਼ਨ ਕੌਰ ਜੀ ਦੇ ਅਨੁਸਾਰ ਕਾਂਸ਼ੀ ਰਾਮ ਬਚਪਨ ਤੋਂ ਹੀ ਆਪਣੀ ਧੁਨ ਵਿੱਚ ਮਸਤ ਰਹਿਣ ਵਾ਼ਲਾ ਆਗਿਆਕਾਰੀ ਬੱਚਾ ਰਿਹਾ। ਖੇਡਾਂ ਵਿੱਚੋਂ ਉਹ ਕੁਸ਼ਤੀ ਦਾ ਵੱਧ ਸ਼ੌਕੀਨ ਰਿਹਾ ਹੈ ਅਤੇ ਉਸਦੀ ਖ਼ੁਰਾਕ ਸ਼ੁਰੂ ਤੋਂ ਹੀ ਜ਼ਿਆਦਾ ਰਹੀ ਹੈ। ਇੱਕ ਵਾਰ ਘਰ ਵਿੱਚ ਬਣੀ ਹੋਈ ਖ਼ੀਰ ਨੂੰ ਉਹ ਇਕੱਲੇ ਹੀ ਖਾ ਗਏ। ਇਸੇ ਤਰ੍ਹਾਂ ਉੱਘੇ ਲਿਖਾਰੀ ਫਤਿਹਜੰਗ ਸਿੰਘ ਵੀ ਲਿਖਦੇ ਹਨ ਕਿ ਉਹਨਾਂ ਦੇ ਘਰ ਆ ਕੇ ਇੱਕ ਵਾਰ ਸਾਹਿਬ ਕਾਂਸ਼ੀ ਰਾਮ ਜੀ ਨੇ ਕੜਾਹ ਬਣਵਾਇਆ। ਚਮਚਿਆਂ ਦੀ ਉਡੀਕ ਕਰਨ ਦੀ ਬਜਾਏ ਉਹਨਾਂ ਨੇ ਸਾਰਾ ਡੌਂਗਾ ਹੀ ਆਪਣੇ ਵੱਲ ਕਰ ਲਿਆ ਅਤੇ ਹੱਸਦਿਆਂ ਹੱਸਦਿਆਂ ਸਾਰਾ ਕੜਾਹ ਹੀ ਖਾ ਗਏ।

ਕਹਿੰਦੇ ਹਨ ਕਿ ਉਹਨਾਂ ਦਿਨਾਂ ਵਿੱਚ ਉਹਨਾਂ ਦੇ ਇਲਾਕੇ ਵਿੱਚ 'ਕਾਂਸ਼ੀ ਰਾਮ' ਨਾਂਅ ਦਾ ਇੱਕ ਸੰਤ ਮਹਾਂਪੁਰਸ਼ ਬਹੁਤ ਮਸ਼ਹੂਰ ਸੀ। ਹਰ ਪਿੰਡ, ਹਰ ਗ਼ਲੀ-ਮੁਹੱਲੇ ਵਿੱਚ ਉਸ ਦੇ ਨਾਂਅ ਦੀ ਹੀ ਚਰਚਾ ਹੁੰਦੀ ਸੀ। ਕਿਸੇ ਨੇ ਆਪਣੇ ਘਰ ਵਿੱਚ ਕੋਈ ਵਿਸ਼ੇਸ਼ ਕੰਮ ਕਰਨਾ ਹੁੰਦਾ ਤਾਂ ਸੰਤ ਕਾਂਸ਼ੀ ਰਾਮ ਜੀ ਦੀ ਰਾਇ ਲਈ ਜਾਂਦੀ ਸੀ। ਕਾਂਸ਼ੀ ਰਾਮ ਨਾਂਅ ਦੀ ਮਸ਼ਹੂਰੀ ਨੂੰ ਦੇਖਦੇ ਹੋਏ ਹਰ ਕੋਈ ਸੋਚਦਾ ਸੀ ਕਿ ਉਹਨਾਂ ਦੇ ਘਰ ਵੀ ਇਹੋ ਜਿਹਾ ਬੱਚਾ ਪੈਦਾ ਹੋਵੇ। ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਸਮੇਂ ਉਹਨਾਂ ਦੀ ਨਾਨੀ, ਮਾਤਾ ਪ੍ਰਸਿੰਨੀ ਕੌਰ ਜੀ ਨੇ ਨਵੇਂ ਜਨਮੇ ਬਾਲਕ ਨੂੰ ਚੁੱਕ ਕੇ ਛਾਤੀ ਨਾ਼ਲ ਲਾਉਂਦਿਆਂ ਕਿਹਾ - ''ਮੇਰੇ ਦੋਹਤੇ ਦਾ ਨਾਮ ਵੀ 'ਕਾਂਸ਼ੀ ਰਾਮ' ਹੋਵੇਗਾ ਅਤੇ ਇਹ ਵੀ ਦੁਨੀਆਂ ਵਿੱਚ ਖ਼ੂਬ ਨਾਮ ਕਮਾਏਗਾ।'' ਉਸ ਸਮੇਂ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਬਾਲਕ ਸੱਚਮੁੱਚ ਇੱਕ ਦਿਨ ਭਾਰਤ ਦੀ ਰਾਜਨੀਤੀ ਨੂੰ ਆਪਣੀਆਂ ਉਂਗ਼ਲਾਂ 'ਤੇ ਘੁੰਮਾਏਗਾ।

ਜਦੋਂ ਉਹਨਾਂ ਨੇ ਬਹੁਜਨ ਸਮਾਜ ਪਾਰਟੀ ਬਣਾ ਲਈ ਅਤੇ ਉਹ ਦੇਸ਼ ਭਰ ਵਿੱਚ ਪ੍ਰਸਿੱਧ ਹੋ ਗਏ ਸਨ ਤਾਂ ਗਠਜੋੜਾਂ ਦੇ ਦੌਰ ਵਿੱਚ ਹਰ ਕੋਈ ਪਾਰਟੀ ਉਹਨਾਂ ਦੀ ਪਾਰਟੀ ਨਾ਼ਲ ਗਠਬੰਧਨ ਕਰਨਾ ਚਾਹੁੰਦੀ ਸੀ। ਪਰ ਉਹ ਕਦੇ ਵੀ ਗਠਬੰਧਨ ਕਰਨ ਲਈ ਕਿਸੇ ਦੇ ਦਰ 'ਤੇ ਨਹੀਂ ਗਏ। ਜਿੰਨੇ ਵੀ ਗਠਬੰਧਨ ਹੋਏ ਸਭ ਦੂਸਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਉਹਨਾਂ ਦੇ ਦਰ 'ਤੇ ਆ ਕੇ ਹੀ ਕੀਤੇ।

ਦਰਿਆ ਸਤਲੁਜ ਦੇ ਕਿਨਾਰੇ ਵਸੇ ਪਿੰਡ ਖੁਆਸਪੁਰ ਵਿਖੇ ਦਰਿਆ ਵਿੱਚ ਤਾਰੀਆਂ ਲਾਉਂਦਿਆਂ'ਤੇ ਕੁਸ਼ਤੀ ਸਮੇਤ ਖੇਡਾਂ ਖੇਡਦਿਆਂ ਉਹਨਾਂ ਦਾ ਬਚਪਨ ਬੀਤਿਆ। ਖੇਡਦਿਆਂ ਅਤੇ ਪੜ੍ਹਾਈ ਦੌਰਾਨ ਉਹਨਾਂ ਦਾ ਵੱਡਿਆਂ ਘਰਾਂ ਦੇ ਕਾਕਿਆਂ ਨਾ਼ਲ ਵਾਹ ਵੀ ਪੈਂਦਾ। ਅਕਸਰ ਹੀ ਹਰ ਰੋਜ਼ ਕੋਈ ਨਾ ਕੋਈ ਉਹਨਾਂ ਤੋਂ ਕੁੱਟ ਖਾਂਦਾ। ਕਾਂਸ਼ੀ ਰਾਮ ਜੀ ਨੂੰ ਵਰਜਿਆ ਜਾਂਦਾ ਕਿ ਉਹ ਵੱਡਿਆਂ ਘਰਾਂ ਦਿਆਂ ਬੱਚਿਆਂ ਨਾ਼ਲ ਪੰਗੇ ਨਾ ਲਿਆ ਕਰਨ। ਪਰ ਕਾਂਸ਼ੀ ਰਾਮ ਜੀ ਨੇ ਕਿਸੇ ਅੱਗੇ ਝੁਕਣਾ ਕਦੇ ਸਿੱਖਿਆ ਹੀ ਨਹੀਂ ਸੀ। ਇਸ ਕਰਕੇ ਉਹਨਾਂ 'ਤੇ ਕੋਈ ਅਸਰ ਨਾ ਹੁੰਦਾ। ਬਚਪਨ ਦੀ ਇਹੀ ਆਦਤ ਉਹਨਾਂ ਨੇ ਅਖੀਰ ਤੱਕ ਛੱਡੀ ਨਹੀਂ। ਜਦੋਂ ਸਮੁੱਚੇ ਦੇਸ਼ ਵਿੱਚੋਂ ਕਾਂਸ਼ੀ ਰਾਮ ਜੀ ਕੋ਼ਲ ਲੋਕ ਫਰਿਆਦਾਂ ਲੈ ਕੇ ਆਉਂਦੇ ਤਾਂ ਉਹਨਾਂ ਦੀਆਂ ਗੱਲਾਂ ਸੁਣ ਕੇ ਉਹ ਭੜਕ ਜਾਂਦੇ। ਇੱਕ ਵਾਰ ਪੰਜਾਬ 'ਚੋਂ ਇੱਕ ਗਰੁੱਪ ਦਿੱਲੀ ਗਿਆ ਹੋਇਆ ਸੀ। ਇਸ ਗਰੁੱਪ ਵਿੱਚ ਇਹਨਾਂ ਸਤਰਾਂ ਦਾ ਲੇਖਕ ਵੀ ਸ਼ਾਮਲ ਸੀ। ਇਸ ਸਮੇਂ ਹੀ ਰਾਜਸਥਾਨ 'ਚੋਂ ਵੀ ਇੱਕ ਗਰੁੱਪ ਦਿੱਲੀ ਆਇਆ। ਉਹਨਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਕੋ਼ਲ ਗੱਲ ਕੀਤੀ ਕਿ ਉਹਨਾਂ ਦੇ ਪਿੰਡ ਦੇ ਇੱਕ ਬੰਦੇ ਨੂੰ ਸਵੇਰ ਸਮੇਂ ਜੰਗਲ ਪਾਣੀ ਗਏ ਨੂੰ ਕਿਸੇ ਜਿਮੀਂਦਾਰ ਨੇ ਕੁੱਟਿਆ ਅਤੇ ਉਸ ਤੋਂ ਉਸ ਦਾ ਗੰਦਾ ਚੁਕਾ ਕੇ ਖੇਤ 'ਚੋਂ ਬਾਹਰ ਸੁਟਵਾਇਆ। ਸਾਹਿਬ ਕਾਂਸ਼ੀ ਰਾਮ ਜੀ ਨੇ ਸਵਾਲ ਕੀਤਾ ਕਿ ਉਹ ਆਦਮੀ ਜਿਉਂਦਾ ਹੈ? ਤਾਂ ਇੱਕ ਬੰਦੇ ਵੱਲ ਇਸ਼ਾਰਾ ਕਰਕੇ ਉਹਨਾਂ ਨੇ ਕਿਹਾ ਕਿ ਹਾਂ ਜੀ ਆਹ ਬੈਠਾ ਹੈ। ਕਾਂਸ਼ੀ ਰਾਮ ਜੀ ਨੇ ਉਸ ਨਾ਼ਲ ਹਮਦਰਦੀ ਪ੍ਰਗਟਾਉਣ ਦੀ ਬਜਾਏ ਕਿਹਾ ਕਿ ਇੰਨੀ ਬੇਇੱਜ਼ਤੀ ਸਹਿਕੇ ਤਾਂ ਇਸ ਨੂੰ ਮਰ ਜਾਣਾ ਚੰਗਾ ਸੀ। ਨਾ਼ਲ ਹੀ ਉਹਨਾਂ ਨੇ ਕਿਹਾ ਕਿ ਮੇਰੇ ਕੋ਼ਲ ਇਹੋ ਜਿਹੀਆਂ ਸ਼ਿਕਾਇਤਾਂ ਲੈ ਕੇ ਆਉਣ ਦੀ ਲੋੜ ਨਹੀਂ। ਮੌਕੇ 'ਤੇ ਹੀ ਭਾਜੀ ਮੋੜ ਦਿਆ ਕਰੋ।

1990 ਵਿੱਚ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਦਿੱਲੀ ਬੋਟ ਕਲੱਬ 'ਤੇ ਬਸਪਾ ਵੱਲੋਂ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਨੂੰ ਲੈ ਕੇ 45 ਦਿਨ ਤੱਕ ਲਗਾਤਾਰ ਧਰਨਾ ਲਗਾਇਆ ਗਿਆ। ਇਸ ਵਿੱਚ ਪੰਜਾਬੀ ਨੌਜਵਾਨਾਂ ਨੇ ਵੱਡੀ ਪੱਧਰ 'ਤੇ ਹਿੱਸਾ ਪਾਇਆ। ਜਦੋਂ ਪੰਜਾਬੀਆਂ ਦਾ ਜ਼ਿਲ੍ਹਾ ਸੰਗਰੂਰ ਤੋਂ ਆਇਆ ਇੱਕ ਕਾਫ਼ਲਾ ਧਰਨੇ ਵਾ਼ਲੀ ਜਗ੍ਹਾ ਵੱਲ ਜਾ ਰਿਹਾ ਸੀ ਤਾਂ ਅਸੀਂ ਦੇਖਦੇ ਜਾ ਰਹੇ ਸਾਂ ਕਿ ਬੋਟ ਕਲੱਬ ਦੇ ਨੇੜੇ ਦੀਆਂ ਥਾਵਾਂ ਨੂੰ ਨੀਲੀਆਂ ਝੰਡੀਆਂ ਨਾ਼ਲ ਸਜਾਇਆ ਹੋਇਆ ਸੀ। ਪਰ ਇੱਕ ਜਗ੍ਹਾ ਮਿਉਂਸਪਲਟੀ ਦੇ ਮੁਲਾਜ਼ਮ ਖੰਭਿਆਂ ਤੋਂ ਝੰਡੀਆਂ ਉਤਾਰ ਕੇ ਕੋ਼ਲ ਖੜ੍ਹੇ ਇੱਕ ਟੈਂਪੂ ਵਿੱਚ ਸੁੱਟ ਰਹੇ ਸਨ। ਅਸੀਂ ਸਭ ਦੇਖ ਕੇ ਅਜੇ ਸੋਚ ਹੀ ਰਹੇ ਸੀ ਕਿ ਖੁੱਡੀ ਕਲਾਂ ਦੇ ਇੱਕ ਸਰੀਰ ਤੋਂ ਮਾੜਚੂ ਜਿਹੇ ਪਾਰਟੀ ਵਰਕਰ ਰਾਮ ਲਾਲ ਨੂੰ ਗੁੱਸਾ ਆ ਗਿਆ। ਉਸ ਨੇ ਵੱਡੀ ਸਾਰੀ ਡਾਂਗ 'ਤੇ ਲਪੇਟੇ ਝੰਡੇ ਨੂੰ ਇਕੱਠਾ ਕਰ ਲਿਆ ਅਤੇ ਖੰਭੇ 'ਤੇ ਚੜ੍ਹ ਕੇ ਝੰਡੀਆਂ ਉਤਾਰ ਰਹੇ ਵਿਅਕਤੀ ਦੇ ਜ਼ੋਰ ਨਾ਼ਲ ਡਾਂਗ ਮਾਰ ਦਿੱਤੀ। ਉਹ ਵਿਚਾਰਾ ਚੀਕਾਂ ਮਾਰਦਾ ਹੇਠਾਂ ਡਿਗ ਪਿਆ। ਉਸਦੇ ਬਾਕੀ ਸਾਥੀ ਟੈਂਪੂ ਉੱਥੇ ਹੀ ਛੱਡ ਕੇ ਦੌੜ ਗਏ। ਅਸੀਂ ਸਾਰੀਆਂ ਝੰਡੀਆਂ ਇਕੱਠੀਆਂ ਕੀਤੀਆਂ ਅਤੇ ਧਰਨੇ ਵਾ਼ਲੀ ਜਗ੍ਹਾ ਵੱਲ ਨਾਅਰੇ ਮਾਰਦੇ ਹੋਏ ਤੁਰ ਪਏ। ਜਦੋਂ ਅਸੀਂ ਧਰਨੇ ਵਿੱਚ ਪਹੁੰਚੇ ਤਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਸੰਗਰੂਰ ਜ਼ਿਲ੍ਹੇ ਵਾ਼ਲਿਆਂ ਦੀ ਬਹਾਦਰੀ ਨੂੰ ਸਰਾਹਿਆ।

ਪੰਜਾਬ ਦੇ ਬਲਾਚੌਰ ਸ਼ਹਿਰ ਵਿਖੇ, ਡੀ.ਐੱਸ.ਫੋਰ ਦੇ ਵਰਕਰਾਂ ਦੀ ਰੈਲੀ ਹੋ ਰਹੀ ਸੀ। ਭੈਣ ਮਾਇਆਵਤੀ ਜੀ ਦਾ ਲੈਕਚਰ ਚੱਲ ਰਿਹਾ ਸੀ। ਸ਼ਹਿਰ ਦੇ ਕਿਸੇ ਚੌਧਰੀ ਦਾ ਲੜਕਾ ਸਕੂਟਰ 'ਤੇ ਆਇਆ ਅਤੇ ਆਪਣੀ ਮਨੂੰਵਾਦੀ ਹੈਂਕੜ ਵਿੱਚ ਉਸ ਨੇ ਪੰਡਾਲ ਦੇ ਬਾਹਰ ਲਗਾਈਆਂ ਹੋਈਆਂ ਰੱਸੀਆਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ। ਵਲੰਟੀਅਰਾਂ ਨੇ ਜਦੋਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੇ ਮੂਹਰੋਂ ਉੱਚਾ-ਨੀਂਵਾਂ ਬੋਲਣਾ ਸ਼ੁਰੂ ਕਰ ਦਿੱਤਾ। ਜ਼ਿਲ੍ਹਾ ਸੰਗਰੂਰ ਦੇ ਬਰਨਾ਼ਲਾ ਇਲਾਕੇ ਦੇ ਪਾਰਟੀ ਵਰਕਰਾਂ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਸਮਝਿਆ ਨਾ। ਵਰਕਰਾਂ ਵਿੱਚ ਗਏ ਨਿਹੰਗ ਸਿੰਘ ਮਹਿੰਦਰ ਸਿੰਘ ਖੁੱਡੀ ਕਲਾਂ ਨੇ ਆਪਣਾ ਗੰਡਾਸਾ ਪੁੱਠਾ ਕਰਕੇ ਉਸ ਵਿਅਕਤੀ ਦੇ ਮੌਰਾਂ ਵਿੱਚ ਜੜ ਦਿੱਤਾ, ਜਿਸ ਨਾ਼ਲ ਉਹ ਸਕੂਟਰ ਤੋਂ ਥੱਲੇ ਡਿੱਗ ਪਿਆ। ਕਾਫ਼ੀ ਰੌ਼ਲਾ ਪੈ ਗਿਆ ਅਤੇ ਮੌਜੂਦ ਪੁਲਿਸ ਫੋਰਸ ਨੇ ਵਿੱਚ ਪੈ ਕੇ ਚੌਧਰੀਆਂ ਦੇ ਕਾਕੇ ਦਾ ਬਚਾਅ ਕਰ ਲਿਆ।

ਉਸ ਉਪਰੰਤ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਤ ਗ਼ਰਮ ਸ਼ਬਦਾਂ ਵਿੱਚ ਆਪਣਾ ਭਾਸ਼ਣ ਸ਼ੁਰੂ ਕੀਤਾ- ''ਬਹੁਤ ਸ਼ਰਮ ਦੀ ਗੱਲ ਹੈ ਕਿ ਸਿਰਫ਼ ਇੱਕ ਆਦਮੀ! ਤੇ ਉਹ ਵੀ ਲਾਲਾ!! ਜਿਹੜਾ ਤੁਹਾਡੇ ਇੱਕੋ ਥੱਪੜ ਨਾ਼ਲ ਲੁੜ੍ਹਕ ਜਾਣਾ ਚਾਹੀਦਾ ਸੀ, ਉਹ ਤੁਹਾਡੇ ਪੰਡਾਲ ਵਿੱਚ ਆ ਕੇ, ਤੁਹਾਡੀਆਂ ਰੱਸੀਆਂ ਨੂੰ ਤੋੜ ਕੇ ਆਰਾਮ ਨਾ਼ਲ ਸੁੱਕਾ ਚਲਾ ਗਿਆ ਹੈ। ਬਲਾਚੌਰ ਵਾਲਿਓ! ਜਿਹੜਾ ਕੰਮ ਤੁਹਾਨੂੰ ਕਰਨਾ ਚਾਹੀਦਾ ਸੀ, ਉਹ ਜ਼ਿਲ੍ਹਾ ਸੰਗਰੂਰ ਵਾਲਿਆਂ ਨੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਮੈਂ ਤਾਂ ਇਹਨਾਂ ਸੰਗਰੂਰ ਵਾਲਿਆਂ ਨੂੰ ਵੀ ਕਮਜ਼ੋਰ ਗਿਣਦਾ ਹਾਂ। ਇਹਨਾਂ ਨੂੰ ਵੀ ਮੈਂ ਤਾਂ ਮੰਨਦਾ, ਜੇ ਇਹ ਉਸ ਮਨੂੰਵਾਦੀ ਦੇ ਟੋਟੇ ਕਰਕੇ, ਮੇਰੀ ਸਟੇਜ 'ਤੇ ਲੈ ਕੇ ਆਉਂਦੇ। ਉਹਨਾਂ ਟੋਟਿਆਂ ਨੂੰ ਬੋਰੀ ਵਿੱਚ ਪਾ ਕੇ, ਮੈਂ ਉਹਨਾਂ ਦੀ ਮਾਂ ਕੋ਼ਲੇ ਦਿੱਲੀ ਲੈ ਕੇ ਜਾਂਦਾ ਅਤੇ ਜਾ ਕੇ ਇੰਦਰਾ ਨੂੰ ਕਹਿੰਦਾ - ਆਹ ਚੱਕ ਤੇਰੇ ਕੁੱਤੇ ਦੀਆਂ ਬੋਟੀਆਂ। ਮੇਰੇ ਸ਼ੇਰਾਂ ਨੇ ਇਸਨੂੰ ਪਾੜ ਦਿੱਤਾ ਹੈ।''

ਰੈਲੀ ਖ਼ਤਮ ਹੋਣ ਉਪਰੰਤ ਸ਼ਹਿਰ ਦੇ ਕਾਂਗਰਸੀਆਂ ਨੇ ਫਿਰ ਹਰਕਤ ਸ਼ੁਰੂ ਕੀਤੀ ਅਤੇ ਵਰਕਰਾਂ ਦੀਆਂ ਟਰਾਲੀਆਂ ਘੇਰ ਲਈਆਂ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਤੇ ਕੁੱਝ ਬਾਹਰਲੇ ਵਰਕਰ ਬੈਠੇ ਅਜੇ ਦੁੱਧ ਪੀ ਰਹੇ ਸਨ। ਇਹ ਦੁੱਧ ਮਾਤਾ ਬਿਸ਼ਨ ਕੌਰ ਜੀ ਆਪਣੇ ਲਾਡਲੇ ਬੇਟੇ ਕਾਂਸ਼ੀ ਰਾਮ ਜੀ ਲਈ ਪਿੰਡ ਖ਼ੁਆਸਪੁਰਾ, ਜ਼ਿਲ੍ਹਾ ਰੋਪੜ ਤੋਂ ਲੈ ਕੇ ਆਏ ਸਨ। ਇੱਕ ਆਦਮੀ ਨੇ ਆ ਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਕਿਹਾ ਕਿ ਕਾਂਗਰਸੀ ਸਾਡੀਆਂ ਟਰਾਲੀਆਂ ਨਹੀਂ ਲੰਘਣ ਦੇ ਰਹੇ, ਤਾਂ ਸਾਹਿਬ ਜੀ ਨੇ ਕਿਹਾ - ''ਤੁਸੀਂ ਚੱਲ ਕੇ ਟ੍ਰੈਕਟਰ ਸਟਾਰਟ ਕਰੋ। ਅਸੀਂ ਹੁਣੇ ਆਏ। ਸਿੰਘਾਂ ਨੂੰ ਸਮੁੰਦਰ ਛਕ ਲੈਣ ਦਿਓ।''

ਲਾਡਲੀਆਂ ਫੌਜਾਂ ਨੇ ਮਿਆਨਾਂ ਵਿੱਚੋਂ ਤਲਵਾਰਾਂ ਧੂਹ ਲਈਆਂ। ਜਦੋਂ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਨੰਗੀਆਂ ਤਲਵਾਰਾਂ ਉੱਪਰ ਉਠਾ ਕੇ ਅਤੇ ਇੱਕ ਸੁਰ ਹੋ ਕੇ ''ਬੋਲੇ ਸੋ ਨਿਹਾਲ, ਸਤਿ ਸ਼੍ਰੀ ਅਕਾਲ'' ਦਾ ਜੈਕਾਰਾ ਗੂੰਜਿਆ, ਤਾਂ ਸਾਰੇ ਬਹੁਜਨ ਵਰਕਰ ਜੋਸ਼ ਵਿੱਚ ਆ ਗਏ। ਜਿਉਂ ਹੀ ਸ੍ਰ. ਮਹਿੰਦਰ ਸਿੰਘ ਖੁੱਡੀ ਕਲਾਂ ਨੇ ਆਪਣੇ ਰਿਵਾਲਵਰ ਨਾ਼ਲ ਹਵਾਈ ਫ਼ਾਇਰ ਕੀਤਾ, ਤਾਂ ਬਜ਼ਾਰ ਵਿੱਚ ਹਫ਼ੜਾ-ਦਫ਼ੜੀ ਮੱਚ ਗਈ ਅਤੇ ਸਭ ਮਨੂੰਵਾਦੀ ਆਪਣਾ ਆਪਾ ਬਚਾ ਕੇ ਦੌੜਦੇ ਨਜ਼ਰ ਆਏ।

ਅੱਜ ਦੇ ਦਲਿਤ ਅੱਤਿਆਚਾਰਾਂ ਦੀਆਂ ਕਾਰਵਾਈਆਂ ਨੂੰ ਦੇਖਦਿਆਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਯਾਦ ਆਉਂਦੀ ਕਿ ਕਾਸ਼! ਜੇ ਉਹ ਜਿਉਂਦੇ ਹੁੰਦੇ ਤਾਂ ਸ਼ਾਇਦ ਨਜ਼ਾਰਾ ਕੁੱਝ ਹੋਰ ਹੁੰਦਾ।

ਭਾਵੇਂ ਅੱਜ ਅੰਬੇਡਕਰਵਾਦ ਪੂਰੇ ਭਾਰਤ ਵਿੱਚ ਪੈਰ ਪਸਾਰ ਰਿਹਾ ਹੈ ਅਤੇ ਦਲਿਤਾਂ ਨੇ ਸਵਰਨਾਂ ਦੇ ਐਕਸ਼ਨ ਤੋਂ ਪਿੱਛੋਂ ਗੁਜਰਾਤ ਵਿੱਚ ਬਹੁਤ ਹੀ ਵਧੀਆ ਤਰੀਕੇ ਨਾ਼ਲ ਮੋੜਵਾਂ ਪ੍ਰਤੀਕਰਮ ਕੀਤਾ ਹੈ। ਪਰ ਫਿਰ ਵੀ ਜੇਕਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਹੁੰਦੇ ਤਾਂ ਅੱਜ ਜਾਂ ਤਾਂ ਦਲਿਤਾਂ 'ਤੇ ਇੰਨੇ ਅੱਤਿਆਚਾਰ ਨਾ ਹੁੰਦੇ ਜਾਂ ਜੇਕਰ ਹੁੰਦੇ ਤਾਂ ਉਹ ਇਹਨਾਂ ਅੱਤਿਆਚਾਰਾਂ ਦਾ ਹੋਰ ਢੰਗ ਨਾ਼ਲ ਜਵਾਬ ਦਿੰਦੇ।

# ਕੌਣ ਦੇਵੇਗਾ ਦਲਿਤਾਂ ਨੂੰ ਮਾਣ ਸਨਮਾਨ?

ਦਰਸ਼ਨ ਸਿੰਘ ਬਾਜਵਾ (91-98783-83053)

ਲੰਘੀ 14 ਸਤੰਬਰ ਨੂੰ ਪੰਜਾਬ ਵਿਧਾਨ ਸਭਾ ਦੇ ਆਖਰੀ ਸੈਸ਼ਨ ਦੇ ਆਖਰੀ ਦਿਨ ਕਾਫ਼ੀ ਰੌ਼ਲਾ-ਰੱਪਾ ਤੇ ਸ਼ੋਰ-ਸ਼ਰਾਬਾ ਹੋਇਆ। ਅਜਿਹਾ ਅਕਸਰ ਦੇਖਣ ਨੂੰ ਮਿਲਦਾ ਰਹਿੰਦਾ ਹੈ। ਪਰ ਇੱਥੇ ਸਾਡਾ ਵਿਸ਼ਾ ਇਹ ਨਹੀਂ ਕਿ ਰੌ਼ਲਾ-ਰੱਪਾ ਪਿਆ। ਇੱਥੇ ਵਿਸ਼ਾ ਹੈ ਕਿ ਦਲਿਤ ਵਰਗ 'ਤੇ ਹੁੰਦੇ ਅੱਤਿਆਚਾਰਾਂ ਪ੍ਰਤੀ ਸਮਾਜ ਦੀ ਸੋਚ ਕਿਸ ਤਰ੍ਹਾਂ ਦੀ ਬਣ ਗਈ ਹੈ। ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਬਿਨਾਂ ਸ਼ੱਕ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਵਧਿਆ ਹੈ। ਇਸ ਦੌਰਾਨ ਦਲਿਤਾਂ ਨੂੰ ਲੱਤਾਂ-ਬਾਹਾਂ ਵੱਢ ਕੇ ਮਾਰਿਆ ਗਿਆ। ਝੂਠੇ ਮੁਕਾਬਲੇ ਬਣਾ ਕੇ ਮਾਰਿਆ ਗਿਆ। ਜ਼ਮੀਨੀ ਅਧਿਕਾਰ ਮੰਗਦਿਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ। ਦਲਿਤ ਲੜਕੀਆਂ ਨਾ਼ਲ ਬਲਾਤਕਾਰਾਂ ਦੀਆਂ ਘਟਨਾਵਾਂ ਵਧੀਆਂ। ਇਸ ਤਰ੍ਹਾਂ ਦੇ ਮਾਮਲਿਆਂ ਨੂੰ ਲੈ ਕੇ ਕਾਂਗਰਸੀ ਵਿਧਾਇਕ ਤਰਲੋਚਨ ਸਿੰਘ ਸੂੰਢ ਨੇ ਅਕਾਲੀ ਮੰਤਰੀ ਵਿਕਰਮਜੀਤ ਸਿੰਘ ਮਜੀਠੀਆ ਦੀ ਵੱਖੀ ਵਿੱਚ ਵਗਾਹ ਕੇ ਜੁੱਤੀ ਮਾਰੀ। ਸਰਕਾਰ ਚਲਾ ਰਹੀ ਧਿਰ ਨੇ ਇਸ ਕਦਮ ਨੂੰ ਗ਼ਲਤ ਦੱਸਦਿਆਂ ਸੂੰਢ ਵਿਰੁੱਧ ਐਕਸ਼ਨ ਲੈਣ ਦੀ ਮੰਗ ਕੀਤੀ। ਕਾਂਗਰਸੀ ਵਿਧਾਇਕ ਤਰਲੋਚਨ ਸਿੰਘ ਸੂੰਢ ਨੇ ਸਫਾਈ ਦਿੰਦਿਆਂ ਕਿਹਾ ਕਿ ਉਹਨਾਂ ਨੇ ਇਹ ਜੁੱਤੀ ਮਜੀਠੀਆ ਵੱਲ ਨਹੀਂ ਬਲਕਿ ਵਿਧਾਇਕ ਵਿਰਸਾ ਸਿੰਘ ਵਲਟੋਹਾ ਵੱਲ ਸੁੱਟੀ ਸੀ। ਉਹਨਾਂ ਕਿਹਾ ਕਿ ਜਦ ਉਹ ਸਰਕਾਰ ਵੱਲੋਂ ਦਲਿਤਾਂ ਨਾ਼ਲ ਕੀਤੀਆਂ ਜਾ ਰਹੀਆਂ ਵਧੀਕੀਆਂ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ ਤਾਂ ਅਕਾਲੀ ਵਿਧਾਇਕ ਵਲਟੋਹਾ ਨੇ ਕਿਹਾ ਕਿ ''ਇਸ ਸਾ਼ਲੇ ਨੇ ਚੂਹੜੇ ਚਮਾਰਾਂ ਦਾ ਠੇਕਾ ਲੈ ਰੱਖਿਆ ਹੈ।'' ਇਸ 'ਤੇ ਉਹ ਭੜਕ ਗਏ ਤੇ ਉਹਨਾਂ ਨੇ ਗੁੱਸੇ ਵਿੱਚ ਆਪਣੀ ਜੁੱਤੀ ਵਲਟੋਹਾ ਵੱਲ ਵਗਾਹ ਮਾਰੀ। ਜੁੱਤੀ ਕਿਸ ਨੂੰ ਵੱਜੀ ਇਸ ਦਾ ਉਹਨਾਂ ਨੂੰ ਪਤਾ ਨਹੀਂ। ਕਾਂਗਰਸੀ ਵਿਧਾਇਕ ਤਰਲੋਚਨ ਸਿੰਘ ਸੂੰਢ ਅਨੁਸੂਚਿਤ ਜਾਤੀਆਂ ਲਈ ਰਾਖਵੀਂ ਸੀਟ ਬੰਗਾ ਤੋਂ ਜਿੱਤ ਕੇ ਆਇਆ ਅਨੁਸੂਚਿਤ ਜਾਤੀਆਂ ਦਾ ਨੁਮਾਇੰਦਾ ਹੈ। ਉਸ ਦਾ ਗੁੱਸਾ ਵੀ ਜਾਇਜ਼ ਹੈ। ਜੇਕਰ ਰਿਜ਼ਰਵ ਸੀਟਾਂ ਤੋਂ ਜਿੱਤ ਕੇ ਵਿਧਾਨ ਸਭਾਵਾਂ ਵਿੱਚ ਪਹੁੰਚਣ ਵਾ਼ਲੇ ਵਿਅਕਤੀ ਵੀ ਅਨੁਸੂਚਿਤ ਜਾਤੀਆਂ 'ਤੇ ਹੋਣ ਵਾ਼ਲੇ ਅੱਤਿਆਚਾਰਾਂ ਦੇ ਵਿਰੁੱਧ ਨਹੀਂ ਬੋਲਣਗੇ ਤਾਂ ਹੋਰ ਕੌਣ ਬੋਲੇਗਾ? ਆਪਣੇ ਵਰਗ ਦੇ ਅਧਿਕਾਰਾਂ ਅਤੇ ਮਾਣ ਸਨਮਾਨ ਲਈ ਲੜਨਾ ਉਹਨਾਂ ਦਾ ਫ਼ਰਜ਼ ਹੈ। ਪਰ ਇਹ ਪਹਿਲਾ ਮੌਕਾ ਨਹੀਂ ਹੈ ਕਿ ਦਲਿਤਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚੀ ਹੋਵੇ। ਇਸ ਤੋਂ ਪਹਿਲਾਂ ਵੀ ਅਜਿਹਾ ਕੁੱਝ ਹੁੰਦਾ ਆਇਆ ਹੈ। ਇਸ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਅਕਾਲੀ ਦਲ ਦੇ ਇਸੇ ਵਿਧਾਇਕ ਨੇ ਇੱਕ ਨਿਜੀ ਟੀ.ਵੀ. ਚੈਨਲ 'ਤੇ ਹੋ ਰਹੀ ਬਹਿਸ ਵਿੱਚ ਹਿੱਸਾ ਲੈਂਦਿਆਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਜਾਤ ਪਾਤ ਤਾਂ ਅੰਬੇਡਕਰ ਨੇ ਫੈਲਾਈ ਹੈ। ਉਦੋਂ ਵੀ ਹੰਗਾਮਾ ਤਾਂ ਹੋਇਆ ਸੀ ਪਰ ਬਾਬਾ ਸਾਹਿਬ ਦੀ ਬਦੌਲਤ ਰਿਜ਼ਰਵ ਸੀਟਾਂ ਤੋਂ ਜਿੱਤ ਕੇ ਵਿਧਾਨ ਸਭਾ ਵਿੱਚ ਜਾਣ ਵਾ਼ਲੇ ਕਿਸੇ ਵੀ ਵਿਧਾਇਕ ਨੇ ਇਸ ਦਾ ਬਹੁਤਾ ਨੋਟਿਸ ਨਹੀਂ ਸੀ ਲਿਆ। ਸ਼ਾਇਦ ਉਹ ਜਾਂ ਤਾਂ ਬਾਬਾ ਸਾਹਿਬ ਅੰਬੇਡਕਰ ਦੇ ਸੰਘਰਸ਼ ਨੂੰ ਜਾਣਦੇ ਨਹੀਂ ਜਾਂ ਆਪਣੀਆਂ ਪਾਰਟੀਆਂ ਦੇ ਉੱਚ ਨੇਤਾਵਾਂ ਤੋਂ ਡਰਦੇ ਹੋਏ ਆਪਣੇ ਮਨ ਦੀ ਗੱਲ ਕਹਿ ਨਹੀਂ ਸਕਦੇ।

ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਨੇ ਅਨੁਸੂਚਿਤ ਜਾਤੀਆਂ ਨੂੰ ਉਹਨਾਂ ਦੇ ਬਣਦੇ ਅਧਿਕਾਰ ਦਿਵਾਉਣ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ। ਇਸ ਸੰਘਰਸ਼ ਵਿੱਚ ਉਹਨਾਂ ਦੇ ਚਾਰ ਬੱਚੇ (ਤਿੰਨ ਲੜਕੇ ਤੇ ਇੱਕ ਲੜਕੀ) ਕੁਰਬਾਨ ਹੋ ਗਏ। ਉਹਨਾਂ ਕੋ਼ਲ ਆਪਣੇ ਬੱਚਿਆਂ ਦੇ ਇਲਾਜ ਲਈ ਦਵਾਈ ਦੇ ਪੈਸੇ ਵੀ ਨਹੀਂ ਹੁੰਦੇ ਸਨ। ਇੱਕ ਬੱਚੇ ਦੇ ਉੱਪਰ ਪਾਉਣ ਲਈ ਤਾਂ ਕੱਫਣ ਵੀ ਨਸੀਬ ਨਹੀਂ ਹੋਇਆ। ਉਹਨਾਂ ਦੀ ਧਰਮ ਪਤਨੀ ਰਮਾਬਾਈ ਅੰਬੇਡਕਰ ਨੇ ਆਪਣੀ ਸਾੜ੍ਹੀ ਦਾ ਪੱਲਾ ਫਾੜ ਕੇ ਬੱਚੇ ਦੀ ਮ੍ਰਿਤਕ ਦੇਹ ਨੂੰ ਢਕਿਆ ਸੀ। ਆਖਰ ਵਿੱਚ ਜਦੋਂ 1932 ਵਿੱਚ ਕਮਿਊਨਲ ਅਵਾਰਡ ਦੇ ਤਹਿਤ ਦਲਿਤਾਂ ਨੂੰ ਦੋ ਵੋਟਾਂ ਦਾ ਅਧਿਕਾਰ ਮਿਲ ਗਿਆ ਤਾਂ ਕਾਂਗਰਸ ਦੇ ਆਗੂ ਗਾਂਧੀ ਜੀ ਨਾ਼ਲ ਹੋਏ ਮਜ਼ਬੂਰੀ ਵਸ ਸਮਝੌਤੇ 'ਪੂਨਾ ਪੈਕਟ' ਤਹਿਤ ਬਾਬਾ ਸਾਹਿਬ ਨੂੰ ਅਲਿਹਦਾ ਮਤਦਾਨ ਸਮੇਤ ਕੁੱਝ ਅਧਿਕਾਰ ਛੱਡਣੇ ਪਏ। ਫਿਰ ਵੀ ਜਿੰਨਾਂ ਹੋ ਸਕਿਆ ਬਾਬਾ ਸਾਹਿਬ ਨੇ ਜ਼ੋਰ ਲਗਾ ਕੇ ਅਨੁਸੂਚਿਤ ਜਾਤੀਆਂ 'ਚੋਂ ਉਹਨਾਂ ਦੇ ਨੁਮਾਇੰਦੇ ਚੁਣੇ ਜਾਣ ਲਈ ਯਤਨ ਕੀਤਾ। ਅੱਜ ਜੋ ਵੀ ਅਨੁਸੂਚਿਤ ਜਾਤੀਆਂ ਦੇ ਲੋਕ ਵਿਧਾਇਕ ਜਾਂ ਸਾਂਸਦ ਬਣਦੇ ਹਨ, ਉਹ ਸਭ ਇਸੇ ਪੂਨਾ ਪੈਕਟ ਤਹਿਤ ਹੀ ਬਣਦੇ ਹਨ। ਪਰ ਅਫ਼ਸੋਸ ਹੈ ਕਿ ਬਾਬਾ ਸਾਹਿਬ ਦੇ ਸੰਘਰਸ਼ ਦੀ ਬਦੌਲਤ ਵਿਧਾਨ ਘਾੜਨੀ ਸਭਾਵਾਂ ਵਿੱਚ ਜਾ ਕੇ ਅਨੰਦ ਮਾਣਨ ਵਾ਼ਲੇ ਅਨੁਸੂਚਿਤ ਜਾਤੀਆਂ ਦੇ ਨੁਮਾਇੰਦੇ ਆਪਣੇ ਰਹਿਬਰ ਨੂੰ ਤਾਂ ਭੁੱਲੇ ਹੀ ਹਨ, ਨਾ਼ਲ ਹੀ ਆਪਣੇ ਵਰਗ ਨੂੰ ਵੀ ਭੁੱਲ ਬੈਠੇ ਹਨ। ਉਹਨਾਂ ਲਈ ਆਪੋ-ਆਪਣੀਆਂ ਪਾਰਟੀਆਂ ਦੇ ਉੱਚ ਲੀਡਰ ਹੀ ਸਭ ਕੁੱਝ ਬਣ ਗਏ ਹਨ। ਇਹਨਾਂ ਲੋਕਾਂ ਨੂੰ ਡਰ ਰਹਿੰਦਾ ਹੈ ਕਿ ਜੇਕਰ ਉਹਨਾਂ ਨੇ ਸਚਾਈ ਬਿਆਨ ਕਰ ਦਿੱਤੀ ਤਾਂ ਉਹਨਾਂ ਦੀਆਂ ਪਾਰਟੀਆਂ ਦੇ ਆਗੂ ਅਗਲੀ ਵਾਰ ਉਹਨਾਂ ਦੀ ਟਿਕਟ ਕੱਟ ਦੇਣਗੇ।

ਇਸੇ ਤਰ੍ਹਾਂ ਹੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਫਰੀਦਕੋਟ ਵਿਖੇ ਕਹਿ ਦਿੱਤਾ ਸੀ ਕਿ ਉਹਨਾਂ ਨੂੰ ਸਪੀਕਰ ਦੀ ਕੁਰਸੀ ਤੱਕ ਪਹੁੰਚਾਉਣ ਵਾ਼ਲੇ ਬਾਦਲ ਨਹੀਂ, ਬਾਬਾ ਸਾਹਿਬ ਡਾ: ਅੰਬੇਡਕਰ ਹਨ। ਇਸ ਬਾਰੇ ਪੱਕਾ ਨਹੀਂ ਕਹਿ ਸਕਦੇ ਕਿ ਅਟਵਾਲ ਸਾਹਿਬ ਨੂੰ ਬਾਬਾ ਸਾਹਿਬ ਦਾ ਸੰਘਰਸ਼ ਥੋੜ੍ਹਾ ਜਿਹਾ ਯਾਦ ਆਇਆ ਜਾਂ ਸਾਹਮਣੇ ਬੈਠੇ ਚੇਤਨ ਦਲਿਤਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਮੌਕੇ ਅਨੁਸਾਰ ਉਹਨਾਂ ਨੂੰ ਕਹਿਣ ਲਈ ਮਜ਼ਬੂਰ ਹੋਣਾ ਪਿਆ। ਅਗਲੇ ਦਿਨ ਅਖ਼ਬਾਰਾਂ ਵਿੱਚ ਛਪੇ ਇਸ ਬਿਆਨ ਨਾ਼ਲ ਉਹਨਾਂ ਦੀ ਬੱਲੇ ਬੱਲੇ ਹੋ ਗਈ। ਪਰ ਦੂਸਰੇ ਦਿਨ ਹੀ ਅਖ਼ਬਾਰਾਂ ਵਿੱਚ ਉਹਨਾਂ ਦਾ ਬਿਆਨ ਸੀ ਕਿ ਦਲਿਤਾਂ ਦੀ ਬਿਹਤਰੀ ਲਈ ਬਾਦਲ ਸਾਹਿਬ ਨੇ ਵੀ ਬਹੁਤ ਕੁੱਝ ਕੀਤਾ ਹੈ। ਇਹ ਬਿਆਨ ਉਹਨਾਂ ਨੂੰ ਕਿਉਂ ਦੇਣਾ ਪਿਆ? ਸ਼ਾਇਦ ਉਹਨਾਂ ਦੇ ਪਹਿਲੇ ਬਿਆਨ ਬਾਰੇ ਉਹਨਾਂ ਦੀ ਹਾਈ ਕਮਾਂਡ ਵੱਲੋਂ ਉਹਨਾਂ ਨੂੰ ਘੁਰਕੀ ਮਿਲ ਗਈ ਸੀ। ਇਸ ਲਈ ਉਹਨਾਂ ਨੂੰ ਮਜ਼ਬੂਰੀ ਵਜੋਂ ਬਾਦਲ ਸਾਹਿਬ ਦਾ ਨਾਂਅ ਲੈਣਾ ਪਿਆ। ਇੱਕ ਗੱਲ ਜਾਨਣ ਵਾ਼ਲੀ ਹੈ ਕਿ ਪੰਜਾਬ ਵਿਧਾਨ ਸਭਾ ਦੇ ਵਿਹੜੇ ਵਿੱਚ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ ਬੁੱਤ ਲਗਾਉਣ ਲਈ ਕਿਹਾ ਜਾ ਰਿਹਾ ਹੈ ਪਰ ਉਹਨਾਂ ਨੂੰ ਸਰਕਾਰ ਵੱਲੋਂ ਕਿੰਨਾਂ ਕੁ ਸਨਮਾਨ ਦਿੱਤਾ ਜਾ ਰਿਹਾ ਹੈ ਇਹ ਸਪੱਸ਼ਟ ਹੋ ਚੁੱਕਾ ਹੈ।

ਇਸ ਦੇ ਨਾ਼ਲ ਹੀ ਇੱਕ ਗੱਲ ਹੋਰ ਵੀ ਕਰਨੀ

**(ਬਾਕੀ ਸਫਾ 21 ਤੇ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 24ਵਾਂ ਸਥਾਪਨਾ ਦੀਆਂ ਕੁਝ ਯਾਦਗਾਰੀ ਤਸਵੀਰਾਂ



ਰਿਪੋਰਟ ਦੇਖੋ ਸਫਾ 4 ਤੇ
(ਤਸਵੀਰਾਂ- ਦੇਸ਼ ਦੁਆਬਾ)

















ਰਮੇਸ਼ ਬੰਗੜ














## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦਾ 24ਵਾਂ ਸਥਾਪਨਾ ਦਿਵਸ ਮਨਾਏ ਜਾਣ ਦੀਆਂ ਭਾਰਦਵਾਜ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ।



ਮਨਜੀਤ ਕੁਮਾਰ ਭਾਰਦਵਾਜ ਆਪਣੇ ਸਮੂਹ ਪਰਿਵਾਰ ਨਾਲ

ਇਸ ਸ਼ੁਭ ਦਿਹਾੜੇ ਤੇ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਅਤੇ ਸੇਵਾ ਕਰਨ ਲਈ ਸਮੂਹ ਸਾਧ ਸੰਗਤ ਦਾ ਧੰਨਵਾਦ

# ਮਨਜੀਤ ਕੁਮਾਰ ਭਾਰਦਵਾਜ ਅਤੇ ਸਮੂਹ ਭਾਰਦਵਾਜ ਪਰਿਵਾਰ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

## ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ

# ਇੰਟਰਨੈਸ਼ਨਲ ਕਬੱਡੀ ਕੱਪ 2016

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

Sikh Temple, 7676 Bradshaw Road, Sacramento, 95829 ਦੀਆਂ ਖੇਡ ਗਰਾਊਂਡਾਂ ਵਿਚ

# 9 ਅਕਤੂਬਰ ਦਿਨ ਐਤਵਾਰ



ਸ਼ਹੀਦ ਬਾਬਾ ਦੀਪ ਸਿੰਘ ਜੀ।



### ਇਨਾਮਾਂ ਦਾ ਵੇਰਵਾ ਕਬੱਡੀ ਓਪਨ

ਪਹਿਲਾ ਇਨਾਮ $14000



ਦੂਜਾ ਇਨਾਮ $13000

ਤੀਜਾ ਇਨਾਮ $12000

ਚੌਥਾ ਇਨਾਮ $11000



### ਅੰਡਰ 21 ਇਨਾਮ

| | |
|---|---|
| ਪਹਿਲਾ ਇਨਾਮ | $ 2100 |
| ਦੂਜਾ ਇਨਾਮ | $ 1500 |
| ਤੀਜਾ ਇਨਾਮ | $ 1000 |
| ਚੌਥਾ ਇਨਾਮ | $ 1000 |

### ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ

- ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ
- ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਫਰਿਜ਼ਨੋ (ਮੜ੍ਹੇਰਾ)
- ਬੇਅ ਏਰੀਆ ਸਪੋਰਟਸ ਕਲੱਬ
- ਸੈਂਟਰਲ ਵੈਲੀ ਸਪੋਰਟਸ ਕਲੱਬ,
- ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ
- ਫਤਿਹ ਸਪੋਰਟਸ ਕਲੱਬ

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।









### ਸ਼ਰਤਾਂ ਤੇ ਨਿਯਮ :

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਹੋਣਗੀਆਂ।



### ਹੋਰ ਵੇਰਵੇ ਲਈ ਸੰਪਰਕ ਕਰੋ




Designed By : Punjab Mail USA



ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ
ਅਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆੱਫ ਯੂ.ਐਸ.ਏ. ਵੱਲੋਂ
ਇੰਟਰਨੈਸ਼ਨਲ ਕੱਬਡੀ ਕੱਪ 2016
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ
Sikh Temple, 7676 Bradshaw Road, Sacramento, 95829 ਦੀਆਂ ਖੇਡ ਗਰਾਊਂਡਾਂ ਵਿਚ
9 ਅਕਤੂਬਰ ਦਿਨ ਐਤਵਾਰ
ਸ਼ਹੀਦ ਬਾਬਾ ਦੀਪ ਸਿੰਘ ਜੀ।
ਇਨਾਮਾਂ ਦਾ ਵੇਰਵਾ ਕਬੱਡੀ ਓਪਨ
ਪਹਿਲਾ ਇਨਾਮ $14000
ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ
ਦੂਜਾ ਇਨਾਮ $13000
ਤੀਜਾ ਇਨਾਮ $12000
ਚੌਥਾ ਇਨਾਮ $11000
ਅੰਡਰ 21 ਇਨਾਮ
ਪਹਿਲਾ ਇਨਾਮ $ 2100
ਦੂਜਾ ਇਨਾਮ $ 1500
ਤੀਜਾ ਇਨਾਮ $ 1000
ਚੌਥਾ ਇਨਾਮ $ 1000
ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜਨੋ
ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਫਰਿਜਨੋ (ਮਡੇਰਾ)
ਬੇਅ ਏਰੀਆ ਸਪੋਰਟਸ ਕਲੱਬ
ਸੈਂਟਰਲ ਵੈਲੀ ਸਪੋਰਟਸ ਕਲੱਬ,
ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ
ਫਤਿਹ ਸਪੋਰਟਸ ਕਲੱਬ
US Truck & Trailer Repair
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।
ਸ਼ਰਤਾਂ ਤੇ ਨਿਯਮ।
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ 'ਤੇ ਲਾਗੂ ਰਹਿਣਗੀਆਂ।
ਹੋਰ ਵੇਰਵੇ ਲਈ ਸੰਪਰਕ ਕਰੋ
John Singh Gill 916-715-2581
Gurmit Wraich 916-240-0369
Pargat Sandhu 209-810-5667
Jassi Sangha 916-613-1253
Sukhdev Lambardar 916-213-9307
Narinder Thandi 916-813-1442
Laddy Gill 916-717-2277
Sukhi Virk 916-826-8003
Balwant S. Virk 916-370-1989
Bittu Rai 916-715-5990
Tejinder Mann 916-804-2845

# ਫਰਿਜ਼ਨੋ ਵਿਖੇ ਹੋਇਆ ਇੰਟਰਨੈਸ਼ਨਲ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ






















# MAHA RISHI VALMIK SABHA USA

## YUBA CITY, CALIFORNIA




ਗੁਰੂ ਪਿਆਰੀ ਸਾਧ ਸੰਗਤ ਜੀਓ!

ਆਪ ਸਭ ਨੂੰ ਜਾਣ ਕੇ ਬੜੀ ਖ਼ੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿੱਚ ਪਰਿਵਾਰਾਂ ਸਮੇਤ ਟੈਂਪਲ ਵਿੱਚ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਸ੍ਰੀ ਗੁਰੂ ਰਵੀਦਾਸ ਸਭਾ ਯੂਬਾ ਸਿਟੀ, ਰਿਓਲਿੰਡਾ, ਪਿਟਸਵਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## PROGRAM

**Saturday, 22nd October 2016**

*Rasam Nishan Sahib : 10:00 am*

**Sunday, 23rd October 2016**

*Katha Sri Valmik Ramayan 10:00 am*

*Bhog Sri Valmik Ramayan 11:30 am*

*Bhajan and Speaches : 11:30am to 4: pm*

## Music By : Maharishi Valmik Sangeet Mandali

**PERFORMANCES :** Bhupinder Bhinda, Amarjit Lali, Sukhdev Sahil,Raj Kumar, Jiwan Rattu, Des raj Shubh, Rohtas Bhagani, Rajinder Sahota, Gurdeep Singh Heera, Swaran Lata Sondhi,Joginder Singh Shonki.

## ਗੁਰੂ ਕਾ ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ

ਨੋਟ : 5ਵੀਂ ,8ਵੀਂ ਅਤੇ 12ਵੀ ਜ਼ਮਾਤਾਂ 'ਚੋਂ ਪਾਸ ਹੋਣ ਵਾਲੇ ਕਮਿਊਨਿਟੀ ਦੇ ਬੱਚਿਆਂ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਇਸ ਲਈ ਬੇਨਤੀ ਹੈ ਕਿ ਆਪਣੇ ਨਾਂ ਸਭਾ ਕੋਲ 16 ਅਕਤੂਬਰ ਤੱਕ ਪਹੁੰਚਾ ਦਿਉ।

**PLACE : 84/86 Percy Ave, Yuba City, CA 95991. ✆ 530.777.9385**

**MANAGING COMMETTEE :** President- Prem Sondhi : 530.751.3887, Vice President- Santokh Singh Gill : 530.740.3056, Secretary- Sohan Lal Sahota : 530.674.9766, Vice Secretary- Balbir Singh Dhariwal 916-243-9017 Chairman- Gurpal Singh : 916.873.0311, Vice Chairman- Balbir Singh Thaper : 916.607.4650, Cashier : Vinod Gill : 530.822.9587, Avinash Sondhi : 530.301.1157, Maintenance Organizer : Jagjit Singh Gill : 530-315-1425

# 'ਪਹਿਲੇ ਲਾਹੌਰ ਸਾਜ਼ਿਸ਼ ਕੇਸ ਤੇ ਗਦਰ ਲਹਿਰ ਦਾ ਇਤਿਹਾਸ'



ਪ੍ਰੋ: ਐਚ. ਐਲ. ਕਪੂਰ
001- 916- 587-4002

**ਪਿਛਲੇ ਅੰਕ ਤੋਂ ਬਾਅਦ ...**

1914 :- ਸੰਸਾਰ ਦੇ ਪਹਿਲੇ ਮਹਾਂ-ਯੁੱਧ ਦੌਰਾਨ ਬਰਤਾਨਵੀ-ਭਾਰਤੀ ਫੌਜ ਨੇ ਅੰਗਰੇਜ਼ ਸਰਕਾਰ ਦੇ ਹੱਕ 'ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸਿੱਟੇ ਵਜੋਂ, ਘੱਟੋ-ਘੱਟ ਇਕ ਅਨੁਮਾਨ ਅਨੁਸਾਰ 15000 ਫੌਜੀ ਜਵਾਨ 1914 ਦੇ ਆਖਰ ਦਿਨਾਂ 'ਚ ਭਾਰਤ 'ਚ ਖਾਸ ਤੌਰ 'ਤੇ ਇਕ ਜਗ੍ਹਾ 'ਤੇ ਤਾਇਨਾਤ ਕੀਤੀ ਗਈ ਸੀ ਕਿ ਜਦੋਂ ਵੀ ਕਿਤੇ ਕੋਈ ਵਿਦਰੋਹ ਉੱਠੇ ਉਸ ਨੂੰ ਉਸੇ ਸਮੇਂ ਦਬਾਅ ਦਿੱਤਾ ਜਾਵੇ।

ਸਤੰਬਰ 1913 'ਚ, ਡਾ. ਮਥਰਾ ਸਿੰਘ ਇਕ ਗਦਰੀ ਕ੍ਰਾਂਤੀਕਾਰੀ ਸੀ ਜਿਸ ਨੇ ਸ਼ੰਘਾਈ ਦੀ ਯਾਤਰਾ ਕੀਤੀ ਤੇ ਉਥੇ ਰਹਿੰਦੇ ਭਾਰਤੀਆਂ ਨੂੰ ਗਦਰ ਲਹਿਰ ਦੇ ਸਿਧਾਂਤਾਂ ਨਾਲ ਪ੍ਰੇਰਿਤ ਕੀਤਾ। ਜਨਵਰੀ 1914 'ਚ ਡਾ. ਮਥਰਾ ਸਿੰਘ ਨੇ ਭਾਰਤ ਦੀ ਯਾਤਰਾ ਕੀਤੀ ਤੇ ਵਾਪਿਸ ਹਾਂਗਕਾਂਗ ਆਉਣ ਤੋਂ ਪਹਿਲਾਂ ਗੁਪਤ ਤਰੀਕੇ ਨਾਲ ਗਦਰੀ ਸਾਹਿਤ ਭਾਰਤੀ ਸਿਪਾਹੀਆਂ ਨੂੰ ਪਹੁੰਚਾਇਆ। ਡਾ. ਮਥਰਾ ਸਿੰਘ ਨੇ ਆਪਣੀ ਭਾਰਤ ਫੇਰੀ ਦੀ ਸਾਰੀ ਰਿਪੋਰਟ ਗਦਰ ਪਾਰਟੀ ਨੂੰ ਦਿੱਤੀ ਜਿਸ 'ਚ ਉਸ ਨੇ ਕਿਹਾ ਕਿ ਭਾਰਤ 'ਚ ਲੋਕ ਗਦਰ ਲਈ ਪੂਰੀ ਤਰ੍ਹਾਂ ਤਿਆਰ ਹਨ।

ਮਈ 1914 'ਚ ਕੈਨੇਡਾ ਸਰਕਾਰ ਨੇ 400 ਭਾਰਤੀ ਯਾਤਰੀਆਂ, ਜੋ 'ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼' 'ਚ ਸਵਾਰ ਸਨ, ਨੂੰ ਵੈਨਕੋਵਰ ਦੀ ਬੰਦਰਗਾਹ 'ਤੇ ਪਹੁੰਚਣ ਤੋਂ ਪਹਿਲਾਂ ਹੀ ਕਾਫੀ ਦੂਰੀ 'ਤੇ ਸਮੁੰਦਰ 'ਚ ਹੀ ਰੋਕ ਲਿਆ ਤੇ ਉਹਨਾਂ ਨੂੰ ਕੈਨੇਡਾ ਪ੍ਰਵੇਸ਼ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਕਿਉਂਕਿ ਉਹ ਕੈਨੇਡਾ ਦੇ ਕਾਨੂੰਨ ਮੁਤਾਬਕ ਗੈਰ-ਕਾਨੂੰਨੀ ਸਨ। ਵੈਨਕੋਵਰ ਦੀ ਬੰਦਰਗਾਹ 'ਤੇ ਪਹੁੰਚਣ ਤੋਂ ਪਹਿਲਾਂ ਹੀ, ਇਸ ਦੇ ਪਹੁੰਚਣ ਦੀ ਖ਼ਬਰ ਜਰਮਨ ਰੇਡੀਓ 'ਤੇ ਆ ਗਈ ਸੀ ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰਸ਼ਾਸਨ ਨੇ ਇਸ ਨੂੰ ਬੰਦਰਗਾਹ 'ਤੇ ਪਹੁੰਚਣ ਤੋਂ ਪਹਿਲਾਂ ਹੀ ਸਮੁੰਦਰ 'ਚ ਰੋਕ ਲਿਆ ਤਾਂ ਕਿ ਇਹ ਯਾਤਰੂ ਕੈਨੇਡਾ 'ਚ ਦਾਖਲ ਨਾ ਹੋ ਸਕਣ। ਕੈਨੇਡਾ 'ਚ ਰਹਿੰਦੇ ਭਾਰਤੀਆਂ ਲਈ ਇਹ ਘਟਨਾ ਕੇਂਦਰ ਬਿੰਦੂ ਬਣ ਗਈ ਤੇ ਉਹਨਾਂ ਨੇ ਇਹਨਾਂ ਯਾਤਰੂਆਂ ਦੇ ਹੱਕ 'ਚ ਤੇ ਸਰਕਾਰ ਦੀਆਂ ਨੀਤੀਆਂ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤੇ। ਦੋ ਮਹੀਨੇ ਦੀ ਕਾਨੂੰਨੀ ਲੜਾਈ ਤੋਂ ਬਾਅਦ ਸਿਰਫ਼ 24 ਯਾਤਰੂਆਂ ਨੂੰ ਕੈਨੇਡਾ 'ਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ। 'ਐਚ. ਐਮ. ਸੀ. ਐਸ. ਰੇਨਬੋ ਕਰੂਜ਼ਰ' ਜਹਾਜ਼ ਨੇ 'ਕਾਮਾਗਾਟਾ ਮਾਰੂ' ਜਹਾਜ਼ ਦੀ ਇਕ ਰੱਖਿਅਕ ਦੇ ਤੌਰ 'ਤੇ ਜ਼ਿੰਮੇਵਾਰੀ ਨਿਭਾਈ ਤੇ ਇਸ ਜਹਾਜ਼ ਨੂੰ ਵਾਪਸ ਭਾਰਤ ਭੇਜ ਦਿੱਤਾ। ਜਹਾਜ਼ ਦੇ ਕਲਕੱਤਾ ਪਹੁੰਚਣ 'ਤੇ ਯਾਤਰੂਆਂ ਨੂੰ ਬਜ-ਬਜ ਦੀ ਬੰਦਰਗਾਹ 'ਤੇ 'ਭਾਰਤੀ ਡੀਫੈਂਸ ਆਫ਼ ਇੰਡੀਆ ਐਕਟ' ਦੇ ਤਹਿਤ, 'ਬ੍ਰਿਟਿਸ਼ ਇੰਡੀਆ' ਸਰਕਾਰ ਨੇ ਹਿਰਾਸਤ ਵਿਚ ਲੈ ਲਿਆ ਤੇ ਉਹਨਾਂ ਨੂੰ ਜ਼ਬਰਦਸਤੀ ਪੰਜਾਬ ਭੇਜਣ ਦਾ ਯਤਨ ਕੀਤਾ ਗਿਆ। ਇਸ ਤਰਾਂ ਜ਼ਬਰਦਸਤੀ ਕਰਨ ਨਾਲ ਯਾਤਰੂਆਂ ਦੀ ਪੁਲਿਸ ਨਾਲ ਬੜੀ ਜਬਰਦਸਤ ਝੜੱਪ ਹੋਈ, ਜਿਸ ਨਾਲ ਦੋਵਾਂ ਪਾਸਿਆਂ 'ਚੋਂ ਕਈ ਜਾਨਾਂ ਚਲੀਆਂ ਗਈਆਂ। ਕਈ ਨੇਤਾ ਜਿਵੇਂ:- ਬਰਕਤਉੱਲਾ ਖ਼ਾਨ ਤੇ ਤਾਰਕ ਨਾਥ ਦਾਸ ਭੜਕਾਊ ਮਨੋਵੇਗ 'ਚ ਆ ਗਏ ਤੇ ਉਹਨਾਂ ਨੇ ਕਾਮਾਗਾਟਾ ਮਾਰੂ ਘਟਨਾ ਦੇ ਖ਼ਿਲਾਫ਼ ਕਲਕੱਤਾ 'ਚ ਰੈਲੀ ਕੀਤੀ ਤੇ ਜਿਸ ਦਾ ਉੱਤਰੀ ਅਮਰੀਕਾ 'ਚ ਰਹਿੰਦੇ ਭਾਰਤੀ ਗਦਰੀ ਕ੍ਰਾਂਤੀਕਾਰੀਆਂ 'ਤੇ ਬੜਾ ਗਹਿਰਾ ਪ੍ਰਭਾਵ ਪਿਆ।

**ਗਦਰ ਦੀ ਰੂਪ-ਰੇਖਾ :-** ਅਕਤੂਬਰ 1914 ਤੱਕ ਵੱਡੀ ਗਿਣਤੀ 'ਚ ਗਦਰੀ ਕ੍ਰਾਂਤੀਕਾਰੀ ਲੋਕ ਭਾਰਤ ਪਹੁੰਚ ਗਏ ਸਨ ਤੇ ਉਹ ਆਪਣਾ ਭਾਰਤ 'ਚ ਗਦਰੀ ਸਾਹਿਤ ਵੰਡ ਕੇ ਤੇ ਜੁਬਾਨੀ ਵਾਰਤਾਲਾਪ ਕਰਕੇ ਗਦਰ ਦਾ ਪ੍ਰਚਾਰ ਕਰ ਰਹੇ ਸਨ ਤੇ ਦੇਸ਼ 'ਚ ਹੀ ਹਥਿਆਰ ਪ੍ਰਾਪਤ ਕਰਨ ਦਾ ਪ੍ਰਬੰਧ ਕਰ ਰਹੇ ਸਨ, ਜਿਹੜਾ ਕਿ ਜਰਮਨ ਦੀ ਮਦਦ ਨਾਲ ਅਮਰੀਕਾ ਤੋਂ ਸਮੁੰਦਰੀ ਜਹਾਜ਼ 'ਚ ਭੇਜਿਆ ਗਿਆ ਸੀ। ਜਵਾਲਾ ਸਿੰਘ ਦੀ ਅਗਵਾਈ 'ਚ 60 ਗਦਰੀਆਂ ਦਾ ਪਹਿਲਾ ਗਰੁੱਪ ਸਾਨਫਰਾਂਸਿਸਕੋ ਤੋਂ ਕੋਰੀਆ ਕੈਨਟਨ ਸਮੁੰਦਰੀ ਜਹਾਜ਼ ਸੀ 'ਚ 29 ਅਗਸਤ ਨੂੰ ਸਵਾਰ ਹੋ ਕੇ ਭਾਰਤ ਲਈ ਰਵਾਨਾ ਹੋਇਆ ਤੇ ਭਾਰਤ ਆ ਕੇ ਉਹਨਾਂ ਨੂੰ ਗਦਰ 'ਚ ਸ਼ਾਮਲ ਹੋਣ ਲਈ ਅਸਲਾ ਤੇ ਹਥਿਆਰ ਦੇਣਾ ਸੀ। ਇਸ ਕੈਨਟਨ ਜਹਾਜ਼ 'ਤੇ ਉਹਨਾਂ ਨਾਲ ਕੁਝ ਹੋਰ ਭਾਰਤੀ ਗਦਰੀ ਆ ਮਿਲੇ ਜਿਹੜੇ ਕਿ ਇਕ ਜਾਪਾਨੀ ਪੋਤ 'ਤੇ ਆਏ ਸਨ ਤੇ ਹੁਣ ਉਹਨਾਂ ਦੀ ਗਿਣਤੀ 150 ਸੀ ਤੇ ਉਹ ਸਭ ਕਲਕੱਤਾ ਲਈ ਰਵਾਨਾ ਹੋ ਗਏ। ਉਹਨਾਂ ਨਾਲ ਹੋਰ ਛੋਟੇ-ਛੋਟੇ ਗਰੁੱਪਾਂ 'ਚ ਭਾਰਤੀ ਮਿਲਦੇ ਗਏ ਤੇ ਇਹਨਾਂ ਦੀ ਗਿਣਤੀ 300 ਸੀ। ਇਹ ਸਾਰੇ ਨਵੇਂ ਗਰੁੱਪ ਅਲੱਗ-ਅਲੱਗ ਜਹਾਜ਼ਾਂ ਜਿਵੇਂ- ਐਸ. ਐਸ. ਸਾਇਬੇਰੀਆ, ਚਿੰਨੇ ਉਮਾਰੂ, ਚਾਈਨਾ, ਮਨਚੂਰੀਆ, ਐਸ. ਐਸ. ਟੇਨੀਓਮਾਰੂ, ਐਸ. ਐਸ. ਮੰਗੋਲੀਆ ਤੇ ਐਸ. ਐਸ. ਸੀਨੀਓਮਾਰੂ 'ਚ ਆ ਰਹੇ ਸਨ। ਐਸ. ਐਸ. ਕੋਰੀਆ ਦੇ ਗਰੁੱਪ ਦਾ ਜਹਾਜ਼ ਬਿਨਾਂ ਛੱਤ ਤੋਂ ਸੀ ਤੇ ਉਸ 'ਚ ਸਵਾਰ ਸਾਰੇ ਗਦਰੀ ਭਾਰਤੀਆਂ ਨੂੰ ਕਲਕੱਤੇ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਇਲਾਵਾ ਗਦਰ ਪਾਰਟੀ ਦਾ ਇਕ ਬਹੁਤ ਵੱਡਾ ਗੁਪਤ ਤਾਣਾ-ਬਾਣਾ ਸੀ ਜਿਹੜਾ ਕਿ ਅਮਰੀਕਾ ਤੇ ਭਾਰਤ ਵਿਚ ਗਦਰ ਲਹਿਰ ਲਈ ਕੰਮ ਕਰ ਰਿਹਾ ਸੀ, ਜਿਹੜਾ ਕਿ ਇਸ ਨੂੰ ਸ਼ੰਘਾਈ, ਸਵਾਤੋ ਤੇ ਸ਼ਿਆਮ ਤੋਂ ਚਲਾ ਰਿਹਾ ਸੀ। ਟਹਿਲ ਸਿੰਘ ਇਸ ਗਦਰ ਲਹਿਰ ਨੂੰ ਸ਼ੰਘਾਈ ਤੋਂ ਚਲਾ ਰਿਹਾ ਸੀ। ਉਸ ਨੇ ਗਦਰੀਆਂ ਨੂੰ ਭਾਰਤ 'ਚ ਦਾਖਲ ਕਰਵਾਉਣ ਲਈ ਉਸ ਸਮੇਂ 30,000 ਅਮਰੀਕੀ ਡਾਲਰ ਖਰਚੇ ਸਨ।

ਹੋਰਾਂ ਤੋਂ ਇਲਾਵਾ ਗਦਰ ਦੀ ਸਾਜ਼ਿਸ਼ ਨੂੰ ਸਫਲ ਬਣਾਉਣ ਲਈ ਗਦਰ ਪਾਰਟੀ ਦੇ ਪ੍ਰਮੁੱਖ ਨੇਤਾ ਵਿਸ਼ਨੂੰ ਗਣੇਸ਼ ਪਿੰਗਲੇ, ਕਰਤਾਰ ਸਿੰਘ ਸਰਾਭਾ, ਸੰਤੋਖ ਸਿੰਘ, ਪੰਡਤ ਕਾਂਸ਼ੀ ਰਾਮ, ਭਾਈ ਭਗਵਾਨ ਸਿੰਘ, ਅਮਰੀਕਾ ਤੋਂ ਭਾਰਤ ਆਏ ਸਨ। ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਉਸ ਸਮੇਂ ਸੱਤਿਅਨ ਭੂਸ਼ਨ (ਜਤਿੰਨ ਮੁਖਰਜੀ) ਦੇ ਦੂਤ ਵਜੋਂ ਜਾਣਿਆ ਜਾਂਦਾ ਸੀ। ਇਹ ਠੀਕ ਉਸੇ ਤਰਾਂ ਹੀ ਸੀ ਜਿਵੇਂ ਕਰਤਾਰ ਸਿੰਘ ਸਰਾਭਾ ਨੂੰ ਬਰਕਲੇ ਯੂਨੀਵਰਸਿਟੀ 'ਚ ਪਾਰਟੀ ਦਾ ਇਕ ਪ੍ਰਮੁੱਖ ਵਿਅਕਤੀ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਗਦਰ ਦੀ ਸਾਜ਼ਿਸ਼ ਦੀ ਸਾਰੀ ਜ਼ਿੰਮੇਵਾਰੀ ਸੱਤਿਅਨ ਭੂਸ਼ਣ ਸੈਨ, ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਸਿੱਖ ਉੱਗਰਵਾਦੀ ਉਹ ਗਰੁੱਪ ਜਿਹੜਾ ਅਮਰੀਕਾ ਤੋਂ ਐਸ. ਐਸ. ਸਾਲਾਮਿਨ ਸਮੁੰਦਰੀ ਜਹਾਜ਼ 'ਚ ਅਕਤੂਬਰ 1914 ਦੇ ਅੱਧ 'ਚ ਭਾਰਤ ਆਇਆ ਸੀ, ਨੂੰ ਸੌਂਪੀ ਗਈ ਸੀ। ਸੱਤਿਅਨ ਤੇ ਪਿੰਗਲੇ ਕੁਝ ਦਿਨਾਂ ਲਈ ਚੀਨ 'ਚ, ਖਾਸ ਤੌਰ 'ਤੇ ਗਦਰੀ ਨੇਤਾ ਟਹਿਲ ਸਿੰਘ ਨੂੰ ਮਿਲਣ ਲਈ ਰੁਕ ਗਏ ਤਾਂ ਕਿ ਉਹਨਾਂ ਨਾਲ ਗਦਰ ਦੀ ਭਵਿੱਖ 'ਚ ਹੋਣ ਵਾਲੀ ਸਾਜ਼ਿਸ਼ ਤੇ ਹੋਰ ਯੋਜਨਾਵਾਂ ਸਬੰਧੀ ਸਲਾਹ ਮਸ਼ਵਰਾ ਕੀਤਾ ਜਾ ਸਕੇ। ਉਹ ਇਸ ਗਦਰ 'ਚ ਸਹਿਯੋਗ ਕਰਨ ਲਈ ਡਾ. ਸੱਨਆਤ ਸੈਨ ਨੂੰ ਵੀ ਮਿਲੇ। ਡਾ. ਸੱਨਿਆਤ ਸੈਨ ਅੰਗਰੇਜ਼ ਸਰਕਾਰ ਨੂੰ ਨਰਾਜ਼ ਕਰਨ ਦੇ ਹੱਕ ਵਿਚ ਨਹੀਂ ਸਨ। ਇਸ ਉਪਰੰਤ ਸੱਤਿਅਨ ਤੇ ਪਾਰਟੀ ਦੇ ਦੂਸਰੇ ਮੈਂਬਰ, ਭਾਰਤ ਲਈ ਰਵਾਨਾ ਹੋ ਗਏ। ਟਹਿਲ ਸਿੰਘ ਨੇ ਆਤਮਾ ਰਾਮ ਕਪੂਰ, ਸਨਤੋਸ਼ ਸਿੰਘ ਤੇ ਸਿਵਦਿਆਲ ਕਪੂਰ ਨੂੰ ਇਸ ਗਦਰ ਦੀ ਸਾਜ਼ਿਸ਼ ਸਬੰਧੀ ਕੁਝ ਹੋਰ ਪੁਖਤਾ ਪ੍ਰਬੰਧ ਕਰਨ ਲਈ ਬੈਂਕਾਕ ਭੇਜ ਦਿੱਤਾ। ਵਿਸ਼ਨੂੰ ਗਣੇਸ਼ ਪਿੰਗਲੇ, ਕਰਤਾਰ ਸਿੰਘ ਸਰਾਭਾ ਤੇ ਸੱਤਿਅਨ ਸੈਨ ਨਵੰਬਰ 1914 'ਚ ਕਲਕੱਤੇ ਪਹੁੰਚ ਗਏ। ਸੱਤਿਅਨ ਨੇ ਪਿੰਗਲੇ ਤੇ ਕਰਤਾਰ ਸਿੰਘ ਸਰਾਭੇ ਦੀ ਜਤਿਨ ਮੁਖਰਜੀ ਨਾਲ ਜਾਣ-ਪਛਾਣ ਕਰਵਾਈ। ਪਿੰਗਲੇ ਨੇ ਜਤਿਨ ਮੁਖਰਜੀ ਨਾਲ ਲੰਬੀ-ਚੌੜੀ ਵਾਰਤਾ ਕੀਤੀ ਤੇ ਉਹਨਾਂ ਨੂੰ ਰਾਸ ਬਿਹਾਰੀ ਬੋਸ ਜਿਹੜੇ ਕਿ ਉਸ ਸਮੇਂ ਬਨਾਰਸ 'ਚ ਸਨ, ਪਾਸ ਕੁਝ ਮਹੱਤਵਪੂਰਨ ਜਾਣਕਾਰੀਆਂ ਦੇ ਕੇ ਦਸੰਬਰ ਦੇ ਤੀਸਰੇ ਹਫਤੇ 'ਚ ਭੇਜ ਦਿੱਤਾ। ਸੱਤਿਆਨ 159 ਬੋਅ ਬਾਜ਼ਾਰ (ਗਲੀ) ਵਿਖੇ ਹੀ ਰੁਕੇ ਰਹੇ। ਟਗਾਰਟ ਨੂੰ ਇਹ ਸੂਚਨਾ ਮਿਲੀ ਕਿ ਕੁਝ ਸਿੱਖ ਫੌਜੀਆਂ ਨਾਲ ਦਕਸ਼ਨੇਸ਼ਵਰ ਵਿਖੇ ਗਦਰੀਆਂ ਨੇ ਗਦਰ ਬਾਰੇ ਕੁਝ ਗੰਢ-ਤੁੱਪ ਕੀਤਾ ਹੈ। ਫੌਜੀ ਪ੍ਰਸ਼ਾਸਨ ਦੇ ਪ੍ਰਸੰਗਾਂ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ 93 ਬਰਮਨਜ਼ ਬਟਾਲੀਅਨ ਦੇ ਫੌਜੀਆਂ ਕੋਲੋਂ ਗਦਰੀਆਂ ਨਾਲ ਕੀਤੀ ਗਈ ਗੰਢ-ਤੁੱਪ ਬਾਰੇ ਕਈ ਪ੍ਰਸ਼ਨ ਕਰਕੇ ਪੁੱਛਿਆ ਗਿਆ ਤੇ ਉਹਨਾਂ ਨੂੰ ਮੈਸੋਪਟਾਮੀਆ ਭੇਜ ਦਿੱਤਾ। ਜਤਿਨ ਮੁਖਰਜੀ ਤੇ ਸੱਤਿਅਨ ਭੂਸ਼ਣ ਸੈਨ ਨੂੰ ਉਹਨਾਂ ਫੌਜੀਆਂ ਨਾਲ ਗੱਲਬਾਤ ਕਰਦਿਆਂ ਦੇਖਿਆ ਵੀ ਗਿਆ ਸੀ। ਗਦਰੀਆਂ ਨੇ ਬਹੁਤ ਜਲਦੀ ਨਾਲ, ਭਾਰਤ ਦੇ ਰੂਪੋਸ਼ ਹੋਏ ਕ੍ਰਾਂਤੀਕਾਰੀਆਂ ਨਾਲ ਆਪਣੇ ਸੰਪਰਕ ਸਥਾਪਤ ਕਰ ਲਏ। ਖਾਸ ਤੌਰ 'ਤੇ ਬੰਗਾਲ 'ਚ ਤੇ ਇਸ ਗਦਰ ਦੀ ਸਾਜ਼ਿਸ਼ ਦੀ ਯੋਜਨਾ ਨੂੰ ਰਾਸ ਬਿਹਾਰੀ ਬੋਸ ਤੇ ਜਤਿਨ ਮੁਖਰਜੀ ਨੇ ਗਦਰੀਆਂ 'ਚ ਤਾਲਮੇਲ ਬਣਾ ਕੇ ਭਾਰਤ 'ਚ ਸਰਵਜਨਕ ਬਣਾ ਦਿੱਤਾ।

**ਨਿਸ਼ਚਿਤ ਸਮੇਂ ਤੋਂ ਪਹਿਲਾਂ ਵਿਦਰੋਹ:-** ਸੰਨ 1900 ਤੋਂ ਬਨਾਰਸ ਵਿਖੇ ਲੋਕ ਮਾਨਿਆ ਤਿਲਕ ਦੀ ਅਗਵਾਈ 'ਚ ਭਾਰਤੀ ਕ੍ਰਾਂਤੀਕਾਰੀਆਂ ਨੇ ਵਿਦਰੋਹ ਕੀਤਾ ਤੇ ਇਹ ਸ਼ਹਿਰ ਉਦੋਂ ਤੋਂ ਹੀ ਕ੍ਰਾਂਤੀਕਾਰੀ ਗਤੀਵਿਧੀਆਂ ਦਾ ਕੇਂਦਰ ਬਣਿਆ ਹੋਇਆ ਸੀ। ਸੁੰਦਰ ਲਾਲ ਸਪੁੱਤਰ ਸ੍ਰੀ ਤੋਤਾ ਰਾਮ ਜਿਹਨਾਂ ਦਾ ਜਨਮ 1885 'ਚ ਮੁਜ਼ੱਫਰਾਬਾਦ ਵਿਖੇ ਹੋਇਆ ਸੀ, ਨੇ 1907 'ਚ ਬਨਾਰਸ ਵਿਖੇ ਸ਼ਿਵਾ ਜੀ ਮੇਲੇ 'ਤੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਕ੍ਰਾਂਤੀਕਾਰੀ ਭਾਸ਼ਣ ਦਿੱਤਾ ਸੀ। ਇਸ ਭਾਸ਼ਣ 'ਤੇ ਸਰਕਾਰ ਨੇ ਉਸ ਸਮੇਂ ਬੜਾ ਇਤਰਾਜ਼ ਤੇ ਆਪਣੀ ਬੜੀ ਚਿੰਤਾ ਜ਼ਾਹਿਰ ਕੀਤੀ ਸੀ। ਬਾਲ ਗੰਗਾਧਰ ਤਿਲਕ ਦੇ ਚੇਲਿਆਂ ਲਾਲਾ ਲਾਜਪਤ ਰਾਏ ਤੇ ਸ੍ਰੀ ਅਰਵਿੰਦੋ 'ਚੋਂ ਜਦੋਂ 1908 'ਚ ਲਾਲਾ ਲਾਜਪਤ ਰਾਏ. ਯੂ. ਪੀ. ਦੀ ਯਾਤਰਾ ਸਮੇਂ ਦਿੱਤੇ ਭਾਸ਼ਣਾਂ 'ਚ ਸੁੰਦਰ ਲਾਲ ਨੇ ਹਿੱਸਾ ਲਿਆ ਸੀ। ਇਲਾਹਾਬਾਦ ਦੇ ਸਵਰਾਜ ਨੇ 1908 'ਚ ਇਸ ਤਰ੍ਹਾਂ ਦੇ ਵਿਦਰੋਹੀ ਭਾਸ਼ਣਾਂ ਦੇ ਖ਼ਿਲਾਫ਼ ਚਿਤਾਵਨੀ ਦਿੱਤੀ ਸੀ। ਅਗਸਤ 22, 1909 'ਚ ਸੁੰਦਰ ਲਾਲ ਤੇ ਸ੍ਰੀ ਅਰਵਿੰਦੋ ਨੇ ਕਲਕੱਤੇ ਦੇ ਕਾਲਜ 'ਚ ਬੜੇ ਭੜਕਾਊ ਤੇ ਸਰਕਾਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਭਾਸ਼ਣ ਦਿੱਤੇ ਸਨ। ਹਿੰਦੀ 'ਚ 'ਕਰਮਯੋਗੀ' ਅਖ਼ਬਾਰ ਸਤੰਬਰ 1909 'ਚ ਕੱਢਿਆ ਗਿਆ। ਇਸ ਦਾ ਸਾਰਾ ਪ੍ਰਬੰਧ ਸ੍ਰੀ ਅਰਵਿੰਦੋ ਦੇ ਹੱਥਾਂ 'ਚ ਸੀ। ਕਲਕੱਤਾ ਤੋਂ 'ਕਰਮਯੋਗਨ' ਅਮਰਿੰਦਰ ਚੈਟਰਜੀ ਕੱਢਦੇ ਸਨ ਤੇ ਇਹਨਾਂ ਨੇ ਹੀ ਰਾਸ ਬਿਹਾਰੀ ਬੋਸ ਦੀ ਸੁੰਦਰ ਲਾਲ ਨਾਲ ਜਾਣ-ਪਛਾਣ ਕਰਵਾਈ ਸੀ। ਸੰਨ 1915 'ਚ ਵਿਸ਼ਨੂੰ ਗਣੇਸ਼ ਪਿੰਗਲੇ ਦੀ ਇਲਾਹਾਬਾਦ 'ਚ ਸਵਰਾਜ ਗਰੁੱਪ ਨਾਲ ਮੁਲਾਕਾਤ ਹੋਈ। ਰਾਸ ਬਿਹਾਰੀ ਬੋਸ 1910 ਦੇ ਆਰੰਭ ਤੋਂ ਹੀ ਬਨਾਰਸ 'ਚ ਸਨ। ਅਕਤੂਬਰ 1914 ਤੇ ਸਤੰਬਰ 1915 ਦੇ ਵਿਚਕਾਰ ਕਈ ਵਿਦਰੋਹੀ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਗਿਆ। ਇਹਨਾਂ 'ਚੋਂ 45 ਅਜਿਹੀਆਂ ਘਟਨਾਵਾਂ ਫਰਵਰੀ ਮਹੀਨੇ ਤੱਕ ਹੋ ਚੁੱਕੀਆਂ ਸਨ। ਨਵੰਬਰ 18, 1914 ਨੂੰ ਦੋ ਬੰਬਾਂ ਦੀਆਂ ਨਿਪਲਾਂ ਨੂੰ ਚੈੱਕ ਕਰਦਿਆਂ ਰਾਸ ਬਿਹਾਰੀ ਤੇ ਸਚਿਨ ਸਾਨੇਆਲ ਜ਼ਖਮੀ ਹੋ ਗਏ। ਉਹਨਾਂ ਨੇ ਉਹ ਮਕਾਨ ਛੱਡ ਦਿੱਤਾ ਤੇ ਬੰਗਾਲੀ ਟੋਲਾ ਚਲੇ ਗਏ। ਉਥੇ ਉਹਨਾਂ ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਮਿਲਿਆ ਤੇ ਉਸ ਪਾਸ ਜਤਿਨ ਮੁਖਰਜੀ ਦਾ ਦਿੱਤਾ ਹੋਇਆ ਇਕ ਪੱਤਰ ਸੀ, ਜਿਸ 'ਚ ਇਹ ਲਿਖਿਆ ਹੋਇਆ ਸੀ ਕਿ 4000 ਗਦਰੀ ਕ੍ਰਾਂਤੀਕਾਰੀ ਸਿੱਖ ਪਹਿਲਾਂ ਹੀ ਕਲਕੱਤੇ ਪਹੁੰਚ ਚੁੱਕੇ ਸਨ ਤੇ 15000 ਹੋਰ ਗਦਰੀ ਕ੍ਰਾਂਤੀਕਾਰੀ ਸਿੱਖਾਂ ਦੀ ਉਡੀਕ ਕੀਤੀ ਜਾ ਰਹੀ ਸੀ। ਜਿਹਨਾਂ ਨੇ ਪਹਿਲਾਂ ਪਹੁੰਚ ਚੁੱਕੇ ਗਦਰੀ ਕ੍ਰਾਂਤੀਕਾਰੀਆਂ ਨਾਲ ਸ਼ਾਮਲ ਹੋਣਾ ਸੀ। ਰਾਸ ਬਿਹਾਰੀ ਨੇ ਪਿੰਗਲੇ ਤੇ ਸਚਿਨ ਨੂੰ ਅੰਮ੍ਰਿਤਸਰ ਭੇਜਿਆ ਤਾਂ ਕਿ ਉਹ ਸ਼ੰਘਾਈ ਤੋਂ ਆਏ ਗਦਰੀ ਕ੍ਰਾਂਤੀਕਾਰੀ ਮੂਲਾ ਸਿੰਘ ਨਾਲ ਇਸ ਵਿਦਰੋਹ ਦੀ ਯੋਜਨਾ 'ਤੇ ਵਿਚਾਰ ਵਟਾਂਦਰਾ ਕਰ ਸਕਣ। ਪਿੰਗਲੇ ਰਾਸ ਬਿਹਾਰੀ ਬੋਸ ਦਾ ਬਹੁਤ ਹੀ ਭਰੋਸੇਯੋਗ ਆਦਮੀ ਸੀ ਤੇ ਉਸ ਨੇ ਯੂ. ਪੀ. ਤੇ ਪੰਜਾਬ 'ਚ ਕਈ ਹਫਤਿਆਂ ਤੱਕ ਬਹੁਤ ਹੀ ਉਤੇਜਨਾ ਭਰਪੂਰ ਗਦਰ ਲਹਿਰ ਲਈ ਕੰਮ ਕੀਤਾ।

29 ਸਤੰਬਰ 1914 ਨੂੰ ਕਲਕੱਤੇ ਦੀ ਬਜਬਜ ਬੰਦਰਗਾਹ 'ਤੇ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਦੀਆਂ ਪ੍ਰਸ਼ਾਸਨ ਨਾਲ ਝੜੱਪਾਂ ਦੇ ਦੌਰਾਨ ਬਾਬਾ ਗੁਰਮੁਖ ਸਿੰਘ ਨੇ ਅਤੁਲਕ੍ਰਿਸ਼ਨਾ ਘੋਸ਼ ਤੇ ਸਤੀਸ਼ ਚੱਕਰਵਰਤੀ ਜਿਹੜੇ ਕਿ ਜਤਿਨ ਮੁਖਰਜੀ ਦੇ ਬਹੁਤ ਉੱਘੇ ਸਾਥੀ ਸਨ, ਨਾਲ ਸੰਪਰਕ ਬਣਾਇਆ ਤੇ ਜਿਹਨਾਂ ਨੇ ਪੂਰੀ ਤਨਦੇਹੀ ਨਾਲ ਉਹਨਾਂ ਦੀ ਸਹਾਇਤਾ ਕੀਤੀ। ਉਦੋਂ ਤੋਂ ਅਮਰੀਕਾ ਤੋਂ ਪ੍ਰਵਾਸੀ ਭਾਰਤੀਆਂ ਦੇ ਬੜੇ ਰੋਹ ਭਰਪੂਰ ਪੱਤਰ ਆ ਰਹੇ ਸਨ ਤੇ ਉਹਨਾਂ ਨੂੰ ਉਮੀਦ ਸੀ ਕਿ ਜਰਮਨੀ ਪਹਿਲੇ ਸੰਸਾਰ ਮਹਾਂ-ਯੁੱਧ 'ਚ ਜਿੱਤ ਜਾਏਗਾ। ਇਕ ਉੱਘੇ ਭਾਰਤੀ ਗਦਰੀ ਨੇਤਾ ਨੇ ਇਹ ਤਾੜਨਾ ਕੀਤੀ ਕਿ ਉਹਨਾਂ ਦੇ ਸਾਥੀ ਬੰਗਾਲ ਦੇ ਕ੍ਰਾਂਤੀਕਾਰੀਆਂ ਦੇ ਪੂਰੀ ਤਰ੍ਹਾਂ ਸੰਪਰਕ 'ਚ ਹਨ। ਇਸ ਸਮੇਂ 'ਤੇ ਦਸੰਬਰ 1914 ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਪੰਜਾਬ ਪਹੁੰਚਿਆ ਤੇ ਉਸ ਨੇ ਬੰਗਾਲੀਆਂ ਦੇ ਸਹਿਯੋਗ ਦਾ ਪੂਰਾ ਭਰੋਸਾ ਦਿੱਤਾ। ਉਸ ਸਮੇਂ ਇਕ ਸਭਾ ਕੀਤੀ ਗਈ, ਜਿਸ 'ਚ ਇਹ ਮਤੇ ਪਾਸ ਹੋਏ ਕਿ ਸੰਪੂਰਨ ਕ੍ਰਾਂਤੀ, ਸਰਕਾਰੀ ਖ਼ਜ਼ਾਨਿਆਂ ਨੂੰ ਲੁੱਟਣਾ, ਫੌਜ 'ਚ ਵਿਦਰੋਹ ਕਰਵਾਉਣਾ, ਹਥਿਆਰਾਂ ਨੂੰ ਪ੍ਰਾਪਤ ਕਰਨਾ, ਬੰਬ ਤਿਆਰ ਕਰਨਾ ਤੇ ਡਾਕੇ ਮਾਰਨ ਦਾ ਇਹ ਸੰਗਠਨ ਬਣਾਉਣਾ ਆਦਿ ਮਤੇ ਪਾਸ ਕੀਤੇ ਗਏ। ਰਾਸ ਬਿਹਾਰੀ ਬੋਸ ਨੇ ਪਿੰਡਾਂ 'ਚ ਕ੍ਰਾਂਤੀਕਾਰੀ ਜੱਥੇ ਬਣਾਏ। ਇਸੇ ਤਰ੍ਹਾਂ ਹੀ ਉਸੇ ਸਮੇਂ ਲਾਹੌਰ, ਫਿਰੋਜ਼ਪੁਰ ਤੇ ਰਾਵਲਪਿੰਡੀ 'ਚ ਵੀ ਇਸੇ ਤਰ੍ਹਾਂ ਦੀ ਯੋਜਨਾ ਤਿਆਰ ਕੀਤੀ ਗਈ। ਇਸੇ ਤਰ੍ਹਾਂ ਦੀ ਯੋਜਨਾ ਢਾਕਾ, ਬਨਾਰਸ ਤੇ ਜਬਲਪੁਰ ਆਦਿ 'ਚ ਵੀ ਬਣਾਈ ਜਾਵੇਗੀ।

ਗਦਰ ਦੀ ਯੋਜਨਾ 'ਚ ਬੰਬ ਬਣਾਉਣਾ ਇਕ ਬਹੁਤ ਹੀ ਮਹੱਤਵਪੂਰਨ ਕੰਮ ਸੀ। ਸਿੱਖ ਗਦਰੀ ਕ੍ਰਾਂਤੀਕਾਰੀਆਂ ਨੂੰ ਬੰਬ ਬਣਾਉਣਾ ਨਹੀਂ ਆਉਂਦਾ ਸੀ। ਇਹ ਫੈਸਲਾ ਕੀਤਾ ਗਿਆ ਕਿ ਇਸ ਕੰਮ ਲਈ ਕਿਸੇ ਨਿਪੁੰਨ ਬੰਗਾਲੀ ਬਾਬੂ ਦੀ ਮਦਦ ਲਈ ਜਾਵੇ। ਇਸ ਸਬੰਧੀ ਉਹ ਕੈਲੇਫੋਰਨੀਆ, ਅਮਰੀਕਾ 'ਚ ਹੀ ਜਾਣਦੇ ਸਨ ਕਿ ਪ੍ਰੋਫੈਸਰ ਸੁਰਿੰਦਰ ਬੋਸ ਜਿਹੜਾ ਕਿ ਤਾਰਿਕ ਨਾਥ ਦਾਸ ਦਾ ਨਜ਼ਦੀਕੀ ਸਾਥੀ ਹੈ, ਬੰਬ ਬਣਾਉਣ 'ਚ ਪੂਰੀ ਤਰ੍ਹਾਂ ਮਾਹਿਰ ਹੈ। ਦਸੰਬਰ, 1914 ਦੇ ਅੰਤ ਤੱਕ, ਕਪੂਰਥਲਾ ਵਿਖੇ ਹੋਈ ਸਭਾ 'ਚ ਇਹ ਨਿਰਣਾ ਲਿਆ ਗਿਆ ਤੇ ਪਿੰਗਲੇ ਨੇ ਐਲਾਨ ਕੀਤਾ ਕਿ ਇਕ ਬੰਗਾਲੀ ਬਾਬੂ, ਬੰਬ ਬਣਾਉਣ ਦੇ ਕੰਮ 'ਚ ਉਹਨਾਂ ਦੀ ਮਦਦ ਕਰੇਗਾ। ਜਨਵਰੀ 3, 1915 ਨੂੰ ਬੰਬ ਬਣਾਉਣ ਲਈ ਅੰਮ੍ਰਿਤਸਰ ਵਿਖੇ ਗਦਰੀਆਂ ਨੇ ਪਿੰਗਲੇ ਤੇ ਸਚਿੰਦਰ ਨਾਥ ਨੂੰ 500 ਰੁਪਏ ਦਿੱਤੇ ਤੇ ਉਹ ਵਾਪਸ ਬਨਾਰਸ ਚਲੇ ਗਏ।

**ਗਦਰ 'ਚ ਤਾਲਮੇਲ :-** ਵਿਸ਼ਨੂੰ ਗਣੇਸ਼ ਪਿੰਗਲੇ ਵਾਪਸ ਕਲਕੱਤੇ ਆ ਗਿਆ ਤੇ ਰਾਸ ਬਿਹਾਰੀ ਬੋਸ ਦੇ ਸੱਦੇ 'ਤੇ ਯੁਗਾਂਤਰ ਆਸ਼ਰਮ ਦੇ ਨੇਤਾਵਾਂ ਨੂੰ ਮਿਲਣ ਲਈ ਤੇ ਉਹਨਾਂ ਨਾਲ ਵਿਦਰੋਹ ਦੀ ਯੋਜਨਾ ਨੂੰ ਆਖਰੀ ਰੂਪ ਦੇਣ ਲਈ, ਉਹ ਬਨਾਰਸ ਆ ਗਿਆ। ਜਤਿਨ ਮੁਖਰਜੀ, ਅਤੁਲ ਕ੍ਰਿਸ਼ਨਾ ਘੋਸ਼, ਨਾਰਿਨ ਭੱਟਾਚਾਰੀਆ ਜਨਵਰੀ 1915 ਦੇ ਆਰੰਭ 'ਚ ਬਨਾਰਸ ਲਈ ਰਵਾਨਾ ਹੋ ਗਏ। ਇਸ ਲਈ ਬਹੁਤ ਹੀ ਮਹੱਤਵਪੂਰਨ ਸਭਾ 'ਚ ਰਾਸ ਬਿਹਾਰੀ ਨੇ ਗਦਰੀਆਂ ਨੂੰ ਐਲਾਨ ਕੀਤਾ- "ਆਪਣੇ ਦੇਸ਼ ਲਈ ਮਰ ਮਿਟੋ"। ਫੋਰਟ ਵਿਲੀਅਮ ਵਿਖੇ 16ਵੀਂ ਰਾਈਫਲ ਬਟਾਲੀਅਨ 'ਚ ਨਿਯੁਕਤ ਹਵਾਲਦਾਰ ਮਨਸ਼ਾ ਸਿੰਘ ਨਾਲ ਜਤਿਨ ਮੁਖਰਜੀ ਨੇ ਸਫਲਤਾ ਪੂਰਵਕ ਸੰਪਰਕ ਬਣਾ ਲਏ ਸਨ ਕਿ ਫੌਜ 'ਚ ਵਿਦਰੋਹ ਦੀ ਸਥਿਤੀ, ਕੋਈ ਦੋ ਮਹੀਨੇ ਤੱਕ ਬਣਾਈ ਰੱਖੀ ਜਾਵੇ। ਇਹ ਉਮੀਦ ਕੀਤੀ ਜਾਂਦੀ ਸੀ ਕਿ ਇਤਨੇ ਸਮੇਂ 'ਚ ਜਰਮਨ ਤੋਂ ਹਥਿਆਰ ਵੀ ਪਹੁੰਚ ਜਾਣਗੇ। ਉਸ ਨੇ ਇਸ 'ਚ ਲਚਕੀਲਾਪਣ ਇਸ ਲਈ ਰੱਖਿਆ ਕਿ ਗਦਰੀ ਕ੍ਰਾਂਤੀਕਾਰੀ ਜਿਹੜੇ ਕਿ ਤੁਰੰਤ ਸਖ਼ਤ ਕਾਰਵਾਈ ਕਰਨ ਲਈ ਉਤਾਵਲੇ ਸਨ ਦਾ ਹੌਸਲਾ ਬਣਿਆ ਰਹੇ। ਰਾਸ ਬਿਹਾਰੀ ਤੇ ਪਿੰਗਲੇ ਲਾਹੌਰ ਚਲੇ ਗਏ। ਸਚਿਨ ਨੇ 7ਵੀਂ ਰਾਜਪੂਤ ਬਟਾਲੀਅਨ ਬਨਾਰਸ ਤੇ 89ਵੀਂ ਪੰਜਾਬੀ ਬਟਾਲੀਅਨ ਦੀਨਾਪੁਰ ਨਾਲ ਗੰਢ-ਤੁਪ ਕਰਕੇ ਵਿਦਰੋਹ ਦੀ ਯੋਜਨਾ ਬਣਾ ਲਈ। ਦਾਮੋਦਰ ਸਰੂਪ ਸੇਠ ਇਲਾਹਾਬਾਦ ਚਲਾ ਗਿਆ। ਵਿਨਾਇਕ ਰਾਓ ਕਪਲੀ ਨੇ ਬੰਗਾਲ ਤੋਂ ਬੰਬ ਪੰਜਾਬ ਨੂੰ ਭੇਜ ਦਿੱਤੇ। ਬਿਭੂਤੀ ਹਲਧਰ ਤੇ ਪਰੀਓ ਨਾਥ ਭੱਟਾਚਾਰੀਆ ਨੇ ਬਨਾਰਸ 'ਚ ਫੌਜੀਆਂ ਨਾਲ ਵਿਦਰੋਹ ਕਰਨ ਦਾ ਤਾਲ-ਮੇਲ ਪੈਦਾ ਕਰ ਲਿਆ ਤੇ ਇਸੇ ਤਰ੍ਹਾਂ ਨਲਨੀ ਮੁਖਰਜੀ ਨੇ ਜਬਲਪੁਰ ਫੌਜ 'ਚ ਵਿਦਰੋਹ ਕਰਨ ਦਾ ਸੰਪਰਕ ਬਣਾ ਲਿਆ। ਫਰਵਰੀ 14 ਨੂੰ ਕਪਲੀ, ਬਨਾਰਸ ਤੋਂ ਲਾਹੌਰ ਨੂੰ 18 ਬੰਬ ਬਣਾਉਣ ਲਈ ਅਸਲੇ ਦਾ ਇਕ ਪਾਰਸਲ ਲੈ ਕੇ ਚੱਲ ਪਿਆ।

ਜਨਵਰੀ ਦੇ ਅੱਧ 'ਚ ਪਿੰਗਲੇ ਰਾਸ ਬਿਹਾਰੀ ਬੋਸ ਨਾਲ ਵਾਪਿਸ ਅੰਮ੍ਰਿਤਸਰ ਆ ਗਿਆ। ਇੱਥੇ ਰਾਸ ਬਿਹਾਰੀ ਨੇ ਭੇਦ ਰੱਖਣ ਦੀ ਖਾਤਰ ਜ਼ਿਆਦਾ ਆਦਮੀਆਂ ਨੂੰ ਮਿਲਣ ਤੋਂ ਗੁਰੇਜ਼ ਹੀ ਕੀਤਾ ਤੇ ਇੱਥੇ ਉਹ ਇਕ ਰਾਤ ਰੁਕਣ ਉਪਰੰਤ ਲਾਹੌਰ ਚਲੇ ਗਿਆ। ਅੰਮ੍ਰਿਤਸਰ ਤੇ ਲਾਹੌਰ ਦੋਹਾਂ ਹੀ ਥਾਂਵਾਂ 'ਤੇ ਉਸ ਨੇ 80 ਬੰਬਾਂ ਦੇ ਖੋਲ ਬਣਾਉਣ ਦਾ ਸਮਾਨ ਇਕੱਤਰ ਕੀਤਾ ਤੇ ਖੋਲ ਬਣਾਉਣ ਲਈ ਲਾਹੌਰ ਵਿਖੇ ਇਕ ਫੈਕਟਰੀ ਨੂੰ ਆਰਡਰ ਦੇ ਦਿੱਤਾ। ਫਿਕਟਰੀ ਦੇ ਮਾਲਕ ਨੂੰ ਸ਼ੱਕ ਹੋ ਗਿਆ ਤੇ ਉਸ ਨੇ ਬੰਬਾਂ ਦੇ ਖੋਲ ਬਣਾਉਣ ਤੋਂ ਇਨਕਾਰ ਕਰ ਦਿੱਤਾ। ਫਿਰ ਕਈ ਡਾਕਿਆਂ 'ਚ ਦਵਾਤਾਂ ਨੂੰ ਬੰਬਾਂ ਦੇ ਖੋਲ ਵਜੋਂ ਵਰਤ ਕੇ, ਬੰਬ ਬਣਾ ਕੇ ਵਰਤਿਆ। ਰਾਸ ਬਿਹਾਰੀ ਬੋਸ ਦੇ ਉਥੋਂ ਬਚ ਨਿਕਲਣ 'ਤੇ ਪੁਲਿਸ ਨੇ ਉਸਦੇ ਘਰ ਦੀ ਤਲਾਸ਼ੀ ਲੈਣ 'ਤੇ ਕਈ ਪੂਰੇ ਬੰਬ ਤਿਆਰ ਪਏ, ਆਪਣੇ ਕਬਜ਼ੇ 'ਚ ਕਰ ਲਏ। ਰਾਸ ਬਿਹਾਰੀ ਬੋਸ ਦੀ ਅਗਵਾਈ 'ਚ ਪ੍ਰਵਾਸੀ ਗਦਰੀ ਕ੍ਰਾਂਤੀਕਾਰੀਆਂ ਨੇ ਭਾਰਤ ਦੇ ਗਦਰੀ ਕ੍ਰਾਂਤੀਕਾਰੀਆਂ ਤੇ ਫੌਜ ਨਾਲ ਭਾਰਤ ਦੇ ਉੱਤਰੀ-ਪੂਰਬੀ ਖੇਤਰ 'ਚ ਵਿਦਰੋਹ ਕਰਨ ਲਈ ਤਾਲਮੇਲ ਕਾਇਮ ਕੀਤੇ ਪਰ ਉਹ ਪ੍ਰਤੱਖ ਰੂਪ 'ਚ ਬੇਅਸਰ ਰਹੇ। ਇਹ ਉਮੀਦ ਕੀਤੀ ਜਾਂਦੀ ਸੀ ਕਿ ਜਿਵੇਂ ਹੀ ਵਿਦਰੋਹ ਦਾ ਇਸ਼ਾਰਾ ਹੋਵੇਗਾ ਤੇ ਮਿੰਟਾਂ 'ਚ ਹੀ ਵਿਦਰੋਹ, ਪੰਜਾਬ ਤੋਂ ਬੰਗਾਲ ਤੱਕ ਫੈਲ ਜਾਏਗਾ, ਪਰ ਇਸ ਤਰ੍ਹਾਂ ਇਸ 'ਚ ਸਫਲਤਾ ਪ੍ਰਾਪਤ ਨਹੀਂ ਹੋਈ। ਕੁੱਲ 81 ਗਦਰੀ ਕ੍ਰਾਂਤੀਕਾਰੀਆਂ 'ਚੋਂ 48 ਕ੍ਰਾਂਤੀਕਾਰੀਆਂ ਨੂੰ 'ਪਹਿਲੇ ਲਾਹੌਰ ਸਾਜ਼ਿਸ਼ ਕੇਸ 'ਚ ਦੋਸ਼ੀ ਨਾਮਜ਼ਦ ਕੀਤਾ ਗਿਆ, ਜਿਹਨਾਂ 'ਚ ਰਾਸ ਬਿਹਾਰੀ ਤੇ ਉਸਦੇ ਬਹੁਤ ਹੀ ਕਰੀਬੀ ਸਾਥੀ ਵਿਸ਼ਨੂੰ ਗਣੇਸ਼ ਪਿੰਗਲੇ, ਡਾ. ਮਥਰਾ ਸਿੰਘ ਤੇ ਕਰਤਾਰ ਸਿੰਘ ਸਰਾਭਾ ਜਿਹੜੇ ਕਿ ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਅਮਰੀਕਾ ਤੋਂ ਭਾਰਤ ਆਏ ਸਨ, ਵੀ ਸ਼ਾਮਲ ਸਨ।

ਰਾਸ ਬਿਹਾਰੀ ਸਮੇਤ ਸਚਿਨ ਸਾਨੇਆਲ, ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਫਰਵਰੀ 1915 ਦੇ ਵਿਦਰੋਹ ਦੇ ਮੁੱਖ ਤਾਲਮੇਲ ਕਰਤਾ ਸਨ। ਰਾਸ ਬਿਹਾਰੀ ਦੀ ਅਗਵਾਈ 'ਚ ਵਿਸ਼ਨੂੰ ਗਣੇਸ਼ ਪਿੰਗਲੇ ਨੇ ਦਸੰਬਰ 1914 ਤੋਂ ਬਹੁਤ ਤੀਬਰਤਾ ਨਾਲ ਇਸ ਦਾ ਪ੍ਰਚਾਰ ਕੀਤਾ, ਕਦੀ-ਕਦੀ ਉਹ ਭੇਸ ਬਦਲ ਕੇ ਸ਼ਿਆਮ ਲਾਲ ਬੰਗਾਲੀ ਤੇ ਕਦੀ ਗਣਪੱਤ ਸਿੰਘ ਪੰਜਾਬੀ ਵੀ ਬਣਿਆ।

**ਗਦਰ ਦਾ ਸਮਾਂ ਨਿਸ਼ਚਿਤ ਕਰਨਾ :-** ਜਦੋਂ ਵਿਦਰੋਹੀ ਨੇਤਾਵਾਂ ਤੇ ਵਿਦਰੋਹੀ ਭਾਰਤੀ ਤੇ ਪ੍ਰਵਾਸੀ ਕ੍ਰਾਂਤੀਕਾਰੀਆਂ ਨੂੰ ਇਹ ਭਰੋਸਾ ਹੋ ਗਿਆ ਕਿ ਹੁਣ ਲੋਕ ਤੇ ਫੌਜੀ ਸਿਪਾਹੀ ਗਦਰ ਲਈ ਪੂਰੀ ਤਰ੍ਹਾਂ ਤਿਆਰ ਹਨ ਤਾਂ ਇਸ ਨੂੰ ਆਖਰੀ ਰੂਪ ਦੇ ਦਿੱਤਾ ਗਿਆ। ਪੰਜਾਬ 'ਚ ਫੌਜ ਦੇ 23ਵੇਂ ਰਸਾਲੇ 'ਚ 21 ਫਰਵਰੀ ਨੂੰ ਫੌਜ ਦੀ ਹਾਜ਼ਰੀ ਸਮੇਂ ਹਥਿਆਰ ਕਾਬੂ ਕਰਕੇ ਆਪਣੇ ਅਫਸਰਾਂ ਨੂੰ ਮਾਰ ਦੇਣ ਦਾ ਫੈਸਲਾ ਹੋਇਆ। ਠੀਕ ਇਸੇ ਤਰ੍ਹਾਂ ਹੀ ਪੰਜਾਬ ਦੀ 26ਵੀਂ ਬਟਾਲੀਅਨ 'ਚ ਵੀ ਗਦਰੀ ਫੌਜੀ ਕਰਨਗੇ, ਇਸ ਤਰ੍ਹਾਂ ਕਰਨ ਨਾਲ ਬਾਹਰ ਲੋਕਾਂ ਤੇ ਫੌਜ 'ਚ ਇਹ ਇਸ਼ਾਰਾ ਜਾਏਗਾ ਕਿ ਫੌਜ 'ਚ ਬਗਾਵਤ ਹੋ ਗਈ ਹੈ, ਨਤੀਜੇ ਵਜੋਂ ਲਾਹੌਰ ਤੇ ਦਿੱਲੀ ਦੀਆਂ ਛਾਉਣੀਆਂ 'ਚ ਵੀ ਇਸੇ ਤਰ੍ਹਾਂ ਹੋ ਜਾਏਗਾ। ਬੰਗਾਲ ਦੇ ਕ੍ਰਾਂਤੀਕਾਰੀਆਂ ਨੇ ਢਾਕਾ ਸਥਿਤ ਸਿੱਖ ਫੌਜੀਆਂ ਨਾਲ ਲਾਹੌਰ ਤੋਂ ਸਿੱਖ ਸਿਪਾਹੀਆਂ ਦੀਆਂ ਲਿਖੀਆਂ ਗਈਆਂ ਚਿੱਠੀਆਂ ਦੁਆਰਾ ਜਾਣ-ਪਛਾਣ ਕਰਕੇ ਸੰਪਰਕ ਬਣਾ ਲਿਆ ਤੇ ਉਹ ਉਥੇ ਗਦਰੀ ਕਾਰਵਾਈ ਕਰਵਾਉਣ 'ਚ ਸਫਲ ਵੀ ਰਹੇ। ਗਦਰੀਆਂ ਦਾ ਬੰਗਾਲੀ ਸੰਗਠਨ ਕਲਕੱਤਾ ਤੇ ਹਾਵੜਾ ਸਟੇਸ਼ਨ 'ਤੇ ਦੂਸਰੇ ਦਿਨ ਪੰਜਾਬ ਮੇਲ ਗੱਡੀ ਦਾ ਇੰਤਜ਼ਾਰ ਕਰ ਰਹੇ ਸਨ (ਜਿਹੜੀ ਕਿ ਕੈਂਸਲ ਹੋ ਗਈ ਸੀ) ਕਿਉਂਕਿ ਇਸ 'ਚ ਹਥਿਆਰ ਆਉਣੇ ਸਨ।

**1915 ਦਾ ਭਾਰਤੀ ਗਦਰ :-** 1915 ਦੇ ਆਰੰਭ 'ਚ ਹੀ ਵੱਡੀ ਗਿਣਤੀ 'ਚ ਗਦਰੀ ਕ੍ਰਾਂਤੀਕਾਰੀ ਵਿਦੇਸ਼ਾਂ ਤੋਂ ਪੰਜਾਬ 'ਚ ਪਹੁੰਚ ਗਏ ਸਨ। ਇਕ ਅੰਦਾਜ਼ੇ ਮੁਤਾਬਕ ਇਹਨਾਂ ਦੀ ਗਿਣਤੀ 8000 ਦੇ ਕਰੀਬ ਸੀ। ਕੌਮੀ ਗਦਰੀ ਨੇਤਾਵਾਂ ਨੇ ਭਾਵੇਂ ਅਜੇ ਇਹਨਾਂ 'ਤੇ ਕੋਈ ਜ਼ਿੰਮੇਵਾਰੀ ਨਹੀਂ ਪਾਈ ਸੀ ਪਰ ਫਿਰ ਵੀ ਆਪਣੀ ਜ਼ਿੰਮੇਵਾਰੀ ਲਈ ਉਹ ਬੜੇ ਤੱਤਪਰ ਸਨ। ਉਹਨਾਂ 'ਚੋਂ ਕਈਆਂ ਨੂੰ ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਤੇ ਬਹੁਤਿਆਂ ਨੇ ਵੱਡੇ ਸ਼ਹਿਰਾਂ ਜਿਵੇਂ ਲਾਹੌਰ, ਫਿਰੋਜ਼ਪੁਰ ਅਤੇ ਰਾਵਲਪਿੰਡੀ 'ਚ ਫੌਜੀ ਛਾਉਣੀਆਂ 'ਤੇ ਗਦਰੀ ਨੇਤਾਵਾਂ ਨਾਲ ਆਪਣੇ ਸੰਪਰਕ ਬਣਾਉਣੇ ਆਰੰਭ ਕਰ ਦਿੱਤੇ। ਲਾਹੌਰ ਦੇ ਨਜ਼ਦੀਕ ਮੀਆਂ ਮੀਰ ਦੀ ਫੌਜੀ ਛਾਉਣੀ ਦੇ ਅਸਲੇ ਖ਼ਾਨੇ 'ਤੇ ਹਮਲਾ ਕਰਕੇ ਉਸ ਨੂੰ ਲੁੱਟਣ ਦੀ ਯੋਜਨਾ ਬਣਾਈ ਗਈ। ਇਸ ਤਰ੍ਹਾਂ ਕਰਕੇ 15 ਨਵੰਬਰ 1914 ਨੂੰ ਬਗਾਵਤ ਦਾ ਆਰੰਭ ਕਰਨਾ ਸੀ। ਇਕ ਹੋਰ ਯੋਜਨਾ ਦੇ ਤਹਿਤ ਸਿੱਖ ਸਿਪਾਹੀਆਂ ਨੇ 'ਮਾਝਾ ਜਥਾ' ਬਣਾ ਕੇ ਲਾਹੌਰ ਦੀ ਛਾਉਣੀ ਦੇ 23ਵੇਂ ਰਸਾਲੇ 'ਚ 26 ਨਵੰਬਰ ਨੂੰ ਬਗਾਵਤ ਕਰਨ ਦੀ ਯੋਜਨਾ ਬਣਾਈ। ਨਿਧਾਨ ਸਿੰਘ ਦੀ ਅਗਵਾਈ 'ਚ 30 ਨਵੰਬਰ ਨੂੰ ਫਿਰੋਜ਼ਪੁਰ ਤੋਂ ਵਿਦਰੋਹ ਆਰੰਭ ਕਰਨ ਦੀ ਯੋਜਨਾ ਵੀ ਬਣਾਈ ਗਈ। ਬੰਗਾਲ 'ਚ ਯੁਗਾਂਤਰ ਆਸ਼ਰਮ ਤੋਂ ਗਦਰੀਆਂ ਨੇ ਜਤਿਨ ਮੁਖਰਜੀ ਨਾਲ ਸੰਪਰਕ ਕਰਕੇ ਕਲਕੱਤਾ ਦੇ ਵਿਲੀਅਮ ਫੋਰਟ 'ਚ ਰਹਿੰਦੇ ਫੌਜੀਆਂ ਨਾਲ ਵਿਦਰੋਹ ਕਰਵਾਉਣ ਦੇ ਸਬੰਧ ਸਥਾਪਤ ਕਰ ਲਏ ਗਏ। ਅਗਸਤ 1914 'ਚ ਮੁਖਰਜੀ ਗਰੁੱਪ ਨੇ ਭਾਰਤ 'ਚ ਸਭ ਤੋਂ ਵੱਡੀ ਅਸਲਾ ਬਣਾਉਣ ਵਾਲੀ 'ਰੋਢਾ ਕੰਪਨੀ' ਨਾਲ ਮੌਕੇ ਦਾ ਫਾਇਦਾ ਉਠਾਉਂਦਿਆਂ ਇਕ ਗੁਪਤ ਸਮਝੌਤਾ ਕਰ ਲਿਆ ਕਿ ਉਹ, ਉਨ੍ਹਾਂ ਨੂੰ ਰਾਈਫਲਾਂ, ਪਸਤੌਲ ਤੇ ਹੋਰ ਅਸਲਾ ਆਦਿ ਮੁਹੱਈਆ ਕਰੇਗਾ। ਦਸੰਬਰ ਮਹੀਨੇ 'ਚ ਗਦਰੀ ਰਾਜਨੀਤੀ ਨਾਲ ਪ੍ਰੇਰਿਤ ਬੰਦੂਕ ਦੀ ਨੋਕ 'ਤੇ ਮਾਰੇ ਗਏ ਡਾਕਿਆਂ ਨਾਲ, ਕਲਕੱਤਾ 'ਚ ਗਦਰ ਪਾਰਟੀ ਲਈ ਕਾਫੀ ਫੰਡ ਇਕੱਠਾ ਕਰ ਲਿਆ ਗਿਆ। ਮੁਖਰਜੀ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਕਰਤਾਰ ਸਿੰਘ ਸਰਾਭੇ ਦੁਆਰਾ ਲਗਾਤਾਰ ਵੱਖ-ਵੱਖ ਸੰਗਠਨਾਂ ਦੁਆਰਾ ਸੰਚਾਲਿਤ ਕੀਤੀਆਂ ਜਾ ਰਹੀਆਂ ਸਨ, ਨੂੰ ਅਜੇ ਗਦਰ ਲਹਿਰ ਦੀ ਮੁੱਖ-ਧਾਰਾ ਨੂੰ, ਉੱਤਰੀ ਭਾਰਤ 'ਚ ਰਾਸ ਬਿਹਾਰੀ ਬੋਸ ਦੀ ਅਗਵਾਈ ਨਾਲ ਜੋੜਨਾ ਰਹਿੰਦਾ ਸੀ। ਵਿਸ਼ਨੂੰ ਗਣੇਸ਼ ਪਿੰਗਲੇ ਮਹਾਂਰਾਸ਼ਟਰ ਤੇ ਸਚਿੰਦਰਨਾਥ ਸਾਨੇਆਲ ਬਨਾਰਸ 'ਚ ਗਦਰੀ ਗਤੀਵਿਧੀਆਂ ਦੀ ਅਗਵਾਈ ਕਰ ਰਹੇ ਸਨ। ਇਕ ਸਾਂਝੀ ਯੋਜਨਾ ਦੇ ਤਹਿਤ ਵਿਦਰੋਹ ਕਰਨ ਦੀ ਤਾਰੀਕ 21, ਫਰਵਰੀ 1915 ਨਿਸ਼ਚਿਤ ਕਰ ਲਈ ਗਈ।

**(ਬਾਕੀ ਅਗਲੇ ਸਫੇ ਤੇ)**

ਕਹਾਣੀ

# ਆਖਰੀ ਪੌਸ਼ਾਕ

ਅਵਤਾਰ ਐਸ. ਸੰਘਾ
+61 -0437-641-033



ਸਰਦਾਰ ਦਸੌਂਧਾ ਸਿੰਘ ਉਦੋਂ ਫੌਜ ਵਿਚੋਂ ਸੂਬੇਦਾਰ ਸੇਵਾ ਮੁਕਤ ਹੋ ਕੇ ਆਇਆ ਸੀ। ਮਾਪਿਆਂ ਦਾ ਉਹ ਇਕਲੌਤਾ ਪੁੱਤਰ ਸੀ। ਉਸਦੇ ਦੋ ਲੜਕੇ ਤੇ ਇੱਕ ਲੜਕੀ ਸੀ। ਲੜਕੇ ਉਸਨੇ ਉਹਨਾਂ ਸਮਿਆਂ ਵਿੱਚ ਵੀ ਸੁਹਣੇ ਪੜ੍ਹਾ ਲਿਖਾ ਦਿੱਤੇ ਸਨ। ਉਹ ਦੋਨੇ ਹੀ ਗਜ਼ਟਿਡ ਪੋਸਟਾਂ ਤੇ ਲੱਗੇ ਹੋਏ ਸਨ। ਲੜਕੀ ਨੂੰ ਬਸ ਚਿੱਠੀ ਲਿਖਣ ਪੜ੍ਹਨ ਜੋਗੀ ਪੜ੍ਹਾਈ ਹੀ ਕਰਾਈ ਸੀ। ਵੈਸੇ ਵੀ ਉਦੋਂ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ ਘੱਟ ਹੀ ਸੀ। ਕਈ ਮਾਪੇ ਤਾਂ ਕੁੜੀਆਂ ਨੂੰ ਜੰਮਦੀਆਂ ਨੂੰ ਮਾਰ ਦਿਆ ਕਰਦੇ ਸਨ। ਬਸ ਇੱਕ ਦੋ ਆਨਿਆ ਦੇ ਕੱਫਣ ਨਾਲ ਹੀ ਸਰ ਜਾਂਦਾ ਸੀ। ਕਬਰ ਉਤੇ ਗੁੜ ਦੀ ਭੇਲੀ ਅਤੇ ਰੂੰ ਦੀ ਪੂਣੀ ਰੱਖ ਕੇ ਮੂੰਹ ਵਿੱਚ ਅੱਕ ਦਾ ਦੁੱਧ ਚੋਅ ਕੇ ਕਹਿ ਦਿਆ ਕਰਦੇ ਸਨ:-

ਗੁੜ ਖਾਈਂ, ਪੂਣੀ ਕੱਤੀਂ
ਆਪ ਨਾ ਆਈਂ, ਵੀਰ ਨੂੰ ਘੱਤੀਂ।

ਦਸੌਂਧਾ ਸਿੰਘ ਅਨੁਸ਼ਾਸ਼ਨ ਅਤੇ ਵਰਤਾਰੇ ਦਾ ਬੜਾ ਪੱਕਾ ਬੰਦਾ ਸੀ। ਉਹਨਾਂ ਸਮਿਆਂ ਵਿੱਚ ਟਾਂਵੇ ਟਾਂਵੇ ਲੋਕਾਂ ਕੋਲ ਹੀ ਬਾਈ-ਸਾਈਕਲ ਹੋਇਆ ਕਰਦੇ ਸਨ। ਦਸੌਂਧਾ ਸਿੰਘ ਨੇ ਉਸ ਸਮੇ ਵੀ ਮੌਪਿਡ ਰੱਖਿਆ ਹੋਇਆ ਸੀ। ਸ਼ਹਿਰ ਤਕਰੀਬਨ ਚਾਰ ਕੁ ਕਿਲੋਮੀਟਰ ਦੂਰ ਸੀ। ਉਹ ਇਸ ਫਿਟਫਿਟੀਏ ਤੇ ਸ਼ਹਿਰ ਨੂੰ ਜਾਇਆ ਕਰਦਾ ਸੀ। ਸ਼ਾਮ ਨੂੰ ਦਿਨ ਖੜ੍ਹੇ ਖੜ੍ਹੇ ਉਹ ਵਾਪਿਸ ਆ ਜਾਇਆ ਕਰਦਾ ਸੀ। ਮੌਪਿਡ ਨਾਲ ਦੋ ਝੋਲੇ ਟੰਗੇ ਹੁੰਦੇ ਸਨ। ਇਹ ਰੋਜ਼ ਮਰਾਹ ਦੀਆਂ ਚੀਜ਼ਾਂ ਨਾਲ ਭਰੇ ਹੋਏ ਹੁੰਦੇ ਸਨ। ਬੁੱਢਾ ਮੱਝ ਰੱਖਣ ਦਾ ਬੜਾ ਸ਼ੌਂਕੀਨ ਸੀ। ਉਹ ਤੇ ਉਸਦੀ ਘਰਵਾਲੀ ਧੰਨ ਕੌਰ ਬਾਲਟੀ ਲੈ ਕੇ ਇਸਦੇ ਦੋਹੀਂ ਪਾਸੀਂ ਬੈਠ ਜਾਇਆ ਕਰਦੇ ਸਨ। ਦੋ ਥਣ ਉਹ ਚੋਂਦਾ ਹੁੰਦਾ ਸੀ ਤੇ ਦੋ ਉਸਦੀ ਘਰਵਾਲੀ । ਦੰਪਤੀ ਸਬਰ ਸੰਤੋਖ ਨਾਲ ਲਬਰੇਜ਼ ਸੀ। ਦੰਪਤੀ ਆਪਣੇ ਪੋਤੇ ਪੋਤੀਆਂ ਦੀ ਵੀ ਬੜੀ ਸਖਤੀ ਅਤੇ ਸਮਝ ਨਾਲ ਦੇਖ ਭਾਲ ਕਰਿਆ ਕਰਦੇ ਸਨ। ਜੇ ਸ਼ਾਮ ਨੂੰ ਪੋਤੇ ਪੋਤੀਆਂ ਘਰ ਪਹੁੰਚਣ ਵਿੱਚ ਥੋੜ੍ਹੀ ਜਿਹੀ ਵੀ ਦੇਰੀ ਕਰ ਦੇਣ ਤਾਂ ਉਹ ਡਾਂਗ ਫੜ੍ਹ ਕੇ ਵਿਹੜੇ ਵਿੱਚ ਇੱਧਰ ਉੱਧਰ ਘੁੰਮਦਾ ਰਹਿੰਦਾ ਸੀ ਤੇ ਨਾਲੇ ਬੋਲਦਾ ਰਹਿੰਦਾ ਸੀ, "ਸਾਲੇ ਛੁੱਟੜ, ਪਤਾ ਨੀਂ ਕਦ ਘਰ ਪਹੁੰਚਣਗੇ।'' ਵੱਡੇ ਲੜਕੇ ਅਰਜਨ ਸਿੰਘ ਦੇ ਬੱਚੇ ਬੁੱਢੇ ਦੀ ਘੁਰਕ ਝੱਲੀ ਗਏ ਤੇ ਬਹੁਤ ਸੁਹਣੇ ਪੜ੍ਹ ਲਿਖ ਕੇ ਸੈਟ ਹੋ ਗਏ। ਛੋਟੀ ਨੂੰਹ ਸਹੁਰੇ ਦਾ ਦਖਲ ਬਹੁਤਾ ਪਸੰਦ ਨਹੀਂ ਸੀ ਕਰਦੀ। ਇਸ ਲਈ ਉਸਦੇ ਬੱਚੇ ਬਹੁਤ ਪੜ੍ਹ ਲਿਖ ਨਾ ਸਕੇ।

ਜੱਦੀ ਜਮੀਨ ਚੰਗੀ ਸੀ। ਗੁਜਾਰਾ ਦੋਹਾਂ ਟੱਬਰਾਂ ਦਾ ਸੁਹਣਾ ਚਲਦਾ ਸੀ। ਬਜੁਰਗ ਇੰਨਾ ਦੂਰਦਰਸ਼ੀ ਸੀ ਕਿ ਉਸਨੇ ਆਪਣੀ ਸੇਵਾਮੁਕਤੀ ਤੋਂ ਛੇਤੀਂ ਹੀ ਬਾਦ ਆਪਣੀ ਘਰਵਾਲੀ ਦਾ ਅਤੇ ਆਪਣੀ ਮਾਂ ਵਲੋਂ ਮਿਲਿਆ ਸੋਨਾ ਵੇਚ ਦਿੱਤਾ ਤੇ ਬੀਕਾਨੇਰ ਵਿੱਚ ਜ਼ਮੀਨ ਦੇ ਮਰੱਬੇ ਖਰੀਦ ਲਏ ਸਨ। ਬਾਦ ਵਿੱਚ ਜਦ ਸਰਕਾਰ ਨੇ ਮੁਰੱਬੇਬੰਦੀ (Consolidation) ਦਾ ਕਾਨੂੰਨ ਪਾਸ ਕਰਨ ਦਾ ਕਦਮ ਚੁੱਕਿਆ ਤਾਂ ਉਸਨੇ ਜਲਦੀ ਜਲਦੀ ਇਹ ਮੁਰੱਬੇ ਵੇਚ ਦਿੱਤੇ ਤੇ ਚੰਡੀਗੜ੍ਹ ਵਿਖੇ ਦੋ ਕੋਠੀਆਂ ਖਰੀਦ ਲਈਆਂ ਸਨ।

ਬੁੱਢਾ ਅਸੂਲਾਂ ਅਤੇ ਵਰਤਾਰੇ ਦਾ ਇੰਨਾ ਪੱਕਾ ਸੀ ਕਿ ਉਹ ਸੂਰਜ ਛਪਣ ਤੋਂ ਬਾਅਦ ਕਿਸੇ ਨੂੰ ਬਹੁਤ ਹੀ ਘੱਟ ਮਿਲਦਾ ਸੀ। ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਸਨ। ਘਰ ਕੰਮ ਕਰਨ ਲਈ ਰੱਖਿਆ ਸੀਰੀ ਮੁੰਡਾ ਆਪਣੇ ਘਰ ਭੇਜ ਦਿੱਤਾ ਜਾਂਦਾ ਸੀ। ਬੁੱਢਾ ਸੱਥ ਵਿੱਚ ਬੈਠ ਕੇ ਗੱਲਾਂ ਮਾਰਨ ਦਾ ਚਸਕਾ ਜਰੂਰ ਪੂਰਾ ਕਰਦਾ ਹੁੰਦਾ ਸੀ ਪਰ ਉਹ ਕਦੀ ਵੀ ਕਿਸੇ ਨਾਲ ਆਪਣੇ ਘਰ ਤੋਂ ਬਾਹਰ ਸ਼ਰਾਬ ਨਹੀਂ ਸੀ ਪੀਂਦਾ। ਇੰਜ ਕਰਨ ਦਾ ਕਾਰਨ ਇੱਕ ਤਾਂ ਇਹ ਸੀ ਕਿ ਕਿਸੇ ਨਾਲ ਜਰੂਰਤ ਤੋਂ ਵੱਧ ਨਾ ਖੁੱਲ੍ਹਿਆ ਜਾਵੇ। ਦੂਜਾ ਕਾਰਨ ਇਹ ਸੀ ਕਿ ਜੇ ਸ਼ਰਾਬ ਕਿਸੇ ਨਾਲ ਬਾਹਰ ਪੀਤੀ ਜਾਵੇ ਤਾਂ ਅਗਲੇ ਨੂੰ ਘਰ ਵੀ ਪਿਲਾਉਣੀ ਪੈ ਸਕਦੀ ਸੀ। ਇੰਜ ਹੋਣ ਨਾਲ ਦੂਜਿਆਂ ਦਾ ਘਰ ਵਿੱਚ ਪੈਰ ਪੈਣਾ ਸ਼ੁਰੂ ਹੋ ਸਕਦਾ ਸੀ। ਘਰ ਵਿੱਚ ਬੇਲੋੜੇ ਪੈਰ ਨੂੰ ਬੁੱਢਾ ਬਿਲਕੁਲ ਵੀ ਬਰਦਾਸ਼ਤ ਨਹੀਂ ਸੀ ਕਰਦਾ। ਫੌਜ ਵਿੱਚੋਂ ਸੇਵਾਮੁਕਤ ਹੋਣ ਕਰਕੇ ਉਸਨੂੰ ਸ਼ਰਾਬ ਦਾ ਕੋਟਾ ਤਾਂ ਮਿਲਦਾ ਹੀ ਸੀ ਪਰੰਤੂ ਉਹ ਆਪਣੀ ਇਸ ਸ਼ਰਾਬ ਦਾ ਸੇਵਨ ਇੰਨੇ ਗੁਪਤ ਅਤੇ ਅਨੁਸਾਸ਼ਿਤ ਤਰੀਕੇ ਨਾਲ ਕਰਦਾ ਸੀ ਕਿ ਘਰ ਵਿੱਚ ਨੂੰਹਾਂ, ਪੋਤੇ ਪੋਤੀਆਂ ਤੇ ਛੁੱਟੀਆਂ ਕੱਟਣ ਆਏ ਦੋਹਤੇ ਦੋਹਤੀਆਂ ਨੂੰ ਵੀ ਉਸਦੇ ਸ਼ਰਾਬ ਪੀਣ ਦੀ ਭਿਣਕ ਤੱਕ ਨਹੀਂ ਸੀ ਪੈਂਦੀ। ਇਕ ਅਲਮਾਰੀ ਨੂੰ ਹਮੇਸ਼ਾ ਤਾਲਾ ਲੱਗਾ ਹੁੰਦਾ ਸੀ। ਉਹ ਅਲਮਾਰੀ ਨੂੰ ਸ਼ਾਮ ਵੇਲੇ ਕੁਝ ਮਿੰਟਾਂ ਲਈ ਹੀ ਖੋਲ੍ਹਦਾ ਸੀ। ਉਸ ਵਿਚ ਸੁੱਕੇ ਮੇਵੇ ਅਤੇ ਨਮਕੀਨ ਪਿਆ ਹੁੰਦਾ ਸੀ। ਖੜ੍ਹਾ ਖੜ੍ਹਾ ਹੀ ਦੋ ਕੁ ਗਲਾਸੀਆਂ ਲਾ ਲਿਆ ਕਰਦਾ ਸੀ। ਥੋੜ੍ਹੇ ਜਿਹੇ ਲੋਰ ਵਿੱਚ ਹੋ ਕੇ ਉਹ ਘਰ ਵਿੱਚ ਮਾਜੂਦ ਬੱਚਿਆਂ ਨੂੰ ਅਵਾਜ਼ਾਂ ਮਾਰਿਆ ਕਰਦਾ ਸੀ। ਸਾਰਿਆਂ ਨੂੰ ਫੌਜੀ ਮੱਘ ਦੇ ਕੇ ਕਤਾਰ ਵਿੱਚ ਬਿਠਾ ਲਿਆ ਜਾਂਦਾ ਸੀ। ਗਰਮ ਗਰਮ ਦੁੱਧ ਦੇ ਮੱਘ ਭਰ ਦਿੱਤੇ ਜਾਂਦੇ ਸਨ। ਦੁੱਧ ਦਾ ਇੱਕ ਇੱਕ ਮੱਘ ਹਰ ਬੱਚੇ ਨੂੰ ਪੀਣਾ ਹੀ ਪੈਂਦਾ ਸੀ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪਿਆ ਗਿਆ ਕੁੱਝ ਲਿਟਰੇਚਰ ਘਰ ਵਿੱਚ ਆਉਂਦਾ ਸੀ। ਬੁੱਢਾ ਇਸਨੂੰ ਜਰੂਰ ਪੜ੍ਹਿਆ ਕਰਦਾ ਸੀ। ਉਹ ਬਾਕੀਆਂ ਨੂੰ ਵੀ ਇਹ ਪੜ੍ਹਨ ਲਈ ਪ੍ਰੇਰਿਆ ਕਰਦਾ ਸੀ। ਭਾਵੇਂ ਉਹ ਅੰਮ੍ਰਿਤਧਾਰੀ ਨਹੀਂ ਸੀ ਪਰੰਤੂ ਉਸਦੇ ਵਰਤਾਰੇ ਵਿੱਚ ਇੰਨਾ ਸਚਿਆਰਾਪਣ, ਸੁਹਜ, ਸਚਾਈ, ਸੁੱਚਾਪਣ ਤੇ ਸੰਜਮ ਸੀ ਕਿ ਉਸਦੇ ਸਾਹਮਣੇ ਕਈ ਜਿਆਦਾ ਧਾਰਮਿਕ ਬੰਦੇ ਵੀ ਨੀਵੇਂ ਮਹਿਸੂਸ ਹੋਣ ਲੱਗ ਪੈਂਦੇ ਸਨ।

ਥੋੜੀ ਦੇਰ ਬਾਦ ਬੁੱਢਾ ਵਸੀਅਤ ਕਰਵਾਏ ਬਗੈਰ ਹੀ ਪੂਰਾ ਹੋ ਗਿਆ। ਹੋਇਆ ਇੰਜ ਕਿ 84 ਦੇ ਸਿੱਖ ਵਿਰੋਧੀ ਦੰਗਿਆਂ ਸਮੇਂ ਉਹ ਬਿਹਾਰ ਵਿੱਚ ਬੁਕਾਰੋ ਆਪਣੀ ਭੈਣ ਪਾਸ ਗਿਆ ਹੋਇਆ ਸੀ। ਉਸਨੇ ਵਾਪਿਸੀ ਗੱਡੀ ਉਸ ਦਿਨ ਫੜ੍ਹੀ ਜਿਸ ਦਿਨ ਸਿੱਖਾਂ ਦੇ ਖਿਲਾਫ਼ ਦੰਗੇ ਭੜਕ ਉਠੇ। ਉਹ ਕਿੱਥੇ ਮਾਰਿਆ ਗਿਆ ਇਹ ਪਤਾ ਹੀ ਨਾ ਲੱਗਾ। ਉਹ ਇੰਨਾ ਸਿਆਣਾ ਤੇ ਸਵੈਨਿਰਭਰ ਸੀ ਕਿ ਆਪਣੇ ਪਾਸ ਹਮੇਸ਼ਾ ਨਵੀਂ ਨਕੋਰ ਪੌਸ਼ਾਕ ਰੱਖਿਆ ਕਰਦਾ ਸੀ ਤਾਂ ਕਿ ਜਦੋਂ ਵੀ ਉਹ ਮਰੇ ਇਹ ਉਹਦੇ ਆਖਰੀ ਸੰਸਕਾਰ ਵੇਲੇ ਪਹਿਨਾਈ ਜਾ ਸਕੇ। ਉਸਦੀ ਆਪਣੀ ਘਰਵਾਲੀ ਦੋ ਕੁ ਸਾਲ ਪਹਿਲਾਂ ਪੂਰੀ ਹੋ ਗਈ ਸੀ। ਹੁਣ ਬੁਕਾਰੋ ਤੋਂ ਵਾਪਿਸ ਆਉਂਦੇ ਹੋਏ ਨੂੰ ਉਸਨੂੰ ਆਪਣੇ ਪਾਸ ਰੱਖਿਆ ਹੋਇਆ ਇਹ ਪਹਿਰਾਵਾ ਵੀ ਮੁਹੱਈਆ ਨਾ ਹੋ ਸਕਿਆ ਕਿਉਂਕਿ ਉਸਦੀ ਲਾਸ਼ ਦਾ ਕੁੱਝ ਵੀ ਪਤਾ ਨਾ ਲੱਗਾ।

ਚੰਡੀਗੜ੍ਹ ਦੀਆਂ ਦੋਨੇ ਕੋਠੀਆਂ ਉਸ ਸਮੇਂ ਕਿਰਾਏ ਤੇ ਹੀ ਸਨ। ਇਹ ਬਾਦ ਵਿੱਚ ਵੀ ਕਾਫ਼ੀ ਦੇਰ ਕਿਰਾਏ ਤੇ ਹੀ ਰਹੀਆਂ ਕਿਉਂਕਿ ਦੋਵੇਂ ਲੜਕੇ ਦੂਰ ਦੁਰਾਡੇ ਨੌਕਰੀਆਂ ਕਰਦੇ ਸਨ। ਲੜਕੀ ਮਹਿੰਦਰ ਕੌਰ ਸਾਧਾਰਨ ਘਰ ਵਿਆਹੀ ਹੋਈ ਸੀ। ਉਹ ਜਾਇਦਾਦ ਦੀ ਬਰਾਬਰ ਦੀ ਹੱਕਦਾਰ ਸੀ। ਉਸਦਾ ਘਰਵਾਲਾ ਟਹਿਲ ਸਿੰਘ ਬੜਾ ਸਾਊ ਬੰਦਾ ਸੀ। ਉਹ ਧਾਰਮਿਕ ਬਿਰਤੀ ਵਾਲਾ ਵੀ ਸੀ ਤੇ ਸੰਤੁਸ਼ਟ ਵੀ। ਭਰਾ ਚਾਹੁੰਦੇ ਸਨ ਕਿ ਭੈਣ ਜਾਇਦਾਦ ਵਿੱਚੋਂ ਹਿੱਸਾ ਨਾ ਵੰਡਾਵੇ। ਹੋਇਆ ਵੀ ਇੰਜ ਸੀ। ਭੈਣ ਨੇ ਦਸਤਖ਼ਤ ਕਰ ਦਿੱਤੇ ਕਿ ਜਾਇਦਾਦ ਵਿੱਚੋਂ ਉਹ ਹਿੱਸਾ ਨਹੀਂ ਲਵੇਗੀ। ਉਹ ਭਰਾਵਾਂ ਨਾਲ ਬਣਾ ਕੇ ਵੀ ਰੱਖਣਾ ਚਾਹੁੰਦੀ ਸੀ। ਇੰਜ ਹੋਣ ਨਾਲ ਭਰਾਵਾਂ ਦੀ ਖਾਹਿਸ਼ ਪੂਰੀ ਹੋ ਗਈ।

ਸਮਾਂ ਬੀਤਦਾ ਗਿਆ। ਮਹਿੰਦਰ ਕੌਰ ਘਰੇਲੂ ਔਰਤ ਸੀ ਤੇ ਟਹਿਲ ਸਿੰਘ ਸਾਧਾਰਨ ਅਰਧ ਸਰਕਾਰੀ ਨੌਕਰੀ ਕਰਦਾ ਸੀ। ਨੌਕਰੀ ਨਾਲ ਗੁਜ਼ਾਰਾ ਠੀਕ ਜਿਹਾ ਚੱਲੀ ਜਾਂਦਾ ਸੀ। ਰਹਾਇਸ਼ ਲਈ ਕੁਆਟਰ ਅਦਾਰੇ ਨੇ ਦਿੱਤਾ ਹੋਇਆ ਸੀ। ਖਾਣ ਪੀਣ ਦੀ ਸਮੱਗਰੀ ਪਿੰਡ ਜਮੀਨ ਚੋਂ ਆ ਜਾਇਆ ਕਰਦੀ ਸੀ। ਜਮੀਨ ਦੇ ਕੁੱਝ ਹਿੱਸੇ ਦਾ ਮਾਮਲਾ ਵੀ ਆਈ ਜਾਂਦਾ ਸੀ। ਦੰਪਤੀ ਦੇ ਦੋ ਲੜਕੇ ਤੇ ਦੋ ਲੜਕੀਆਂ ਸਨ। ਵੱਡੇ ਦੋਹਤੇ ਅਤੇ ਵੱਡੀ ਦੋਹਤੀ ਲਈ ਦਸੌਂਧਾ ਸਿੰਘ ਮਰਨ ਤੋਂ ਪਹਿਲਾਂ ਕੁੱਝ ਪੈਸੇ ਆਪਣੀ ਧੀ ਮਹਿੰਦਰ ਕੌਰ ਨੂੰ ਦੇ ਗਿਆ ਸੀ। ਦੂਜੇ ਦੋਹਾਂ ਬੱਚਿਆਂ ਦੇ ਵਿਆਹ ਵੀ ਸਾਧਾਰਨ ਜਿਹੇ ਟੱਬਰਾਂ ਵਿੱਚ ਹੋ ਹੀ ਗਏ ਸਨ। ਟਹਿਲ ਸਿੰਘ ਵੀ 64 ਕੁ ਸਾਲ ਦੀ ਉਮਰ ਵਿੱਚ ਦਿਲ ਦਾ ਦੌਰਾ ਪੈਣ ਨਾਲ ਪੂਰਾ ਹੋ ਗਿਆ। ਉਸਦੇ ਮਰਨ ਤੋਂ ਬਾਅਦ ਮਹਿੰਦਰ ਕੌਰ ਨੇ ਆਪਣੇ ਪਤੀ ਦੀ ਬੰਨੀ ਬੰਨ੍ਹਾਈ ਪਗੜੀ ਕਈ ਸਾਲ ਆਪਣੀ ਪੇਟੀ ਵਿੱਚ ਰੱਖ ਛੱਡੀ। ਉਸਦਾ ਆਪਣੇ ਪਤੀ ਨਾਲ ਇੰਨਾ ਗੂੜ੍ਹਾ ਮੋਹ ਤੇ ਅਲਗਾਵ ਸੀ ਕਿ ਉਹ ਇਸ ਪਗੜੀ ਨੂੰ ਦੇਖ ਦੇਖ ਕੇ ਅਕਸਰ ਰੋ ਲਿਆ ਕਰਦੀ ਸੀ। ਉਹ ਆਪਣੀ ਛੋਟੀ ਨੂੰਹ ਨਾਲ ਰਹਿੰਦੀ ਸੀ। ਨੂੰਹ ਪੁੱਤ ਮਾਂ ਦੀ ਚੰਗੀ ਸੇਵਾ ਕਰਦੇ ਸਨ।

ਚਾਰ ਕੁ ਸਾਲ ਬਾਦ ਮਹਿੰਦਰ ਕੌਰ ਵੀ ਅਚਾਨਕ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ। ਦੋਨੋਂ ਭਰਾ ਚੰਡੀਗੜ੍ਹੋਂ ਉਸਦੀ ਮੌਤ ਤੇ ਪਿੰਡ ਆਏ। ਜਦ ਉਹਨਾਂ ਨੇ ਆਪਣੇ ਅਟੈਚੀ ਕੇਸ ਚੋਂ ਆਪਣੀ ਭੈਣ ਮਹਿੰਦਰ ਕੌਰ ਦੀ ਲਾਸ਼ ਤੇ ਪਾਉਣ ਲਈ ਅਣਸੀਤਾ ਸੂਟ ਕੱਢਿਆ ਤਾਂ ਮਹਿੰਦਰ ਕੌਰ ਦੀ ਛੋਟੀ ਧੀ ਅੱਗ ਬਾਬੂਲੀ ਹੋ ਉਠੀ। ਉਸਦੀਆਂ ਸੱਚੀਆਂ ਗੱਲਾਂ ਨੇ ਉਸਦੇ ਮਾਮਿਆਂ ਦੀ ਮੰਜੀ ਠੋਕ ਕੇ ਰੱਖ ਦਿੱਤੀ:-

"ਮਾਮਾ ਜੀ, ਕੀ ਤੁਹਾਨੂੰ ਆਖਰੀ ਸੂਟ ਸਿਲਾਉਣ ਦਾ ਸਮਾਂ ਵੀ ਨਹੀਂ ਮਿਲਿਆ? ਤੁਹਾਨੂੰ ਮੌਤ ਬਾਰੇ ਕੱਲ ਦਾ ਪਤਾ ਲੱਗ ਚੁੱਕਾ ਏ। ਕੀ ਸਾਡੀ ਮਾਂ ਲਾਵਾਰਿਸ ਏ ਜਿਹਦੇ ਲਈ ਤੁਸੀਂ ਅੰਤਾਂ ਦੇ ਖਾਂਦੇ ਪੀਂਦੇ ਲੋਕ ਅਣਸੀਤਾ ਸੂਟ ਲੈ ਕੇ ਆਏ ਹੋ? ਕੀ ਤੁਸੀਂ ਆਪਣੀ ਭੈਣ ਵਲੋਂ ਆਪਣੇ ਨਾਮ ਲੁਆਈਆਂ ਕੋਠੀਆਂ ਅਤੇ ਜ਼ਮੀਨ ਵਿਚੋਂ ਉਸ ਵਾਸਤੇ ਇੱਕ ਆਖਰੀ ਸੂਟ ਸਿਲਾ ਕੇ ਵੀ ਨਹੀਂ ਲਿਆ ਸਕੇ? "ਲੱਖ ਲਾਹਣਤ ਏ, ਤੁਹਾਡੇ ਜਿਹੇ ਭਰਾਵਾਂ ਦੇ!!''

ਲੜਕੀ ਨੇ ਅਣਸੀਤਾਂ ਸੂਟ ਲੈਣ ਤੋਂ ਨਾਂਹ ਕਰ ਦਿੱਤੀ। ਮੁਰਦਾ ਸਰੀਰ ਨੂੰ ਨੁਹਾ ਕੇ ਲੜਕੀ ਨੇ ਉਹਦੇ ਉਸਦੀ ਪੇਟੀ ਵਿੱਚੋਂ ਕੱਢ ਕੇ ਨਵਾਂ ਸੁਨੀਲ ਦਾ ਸੂਟ ਪਾ ਦਿੱਤਾ। ਜਦ ਮੁਰਦਾ ਸਰੀਰ ਨੂੰ ਅਰਥੀ ਤੇ ਰੱਖਣ ਲੱਗੇ ਤਾਂ ਵੱਡੇ ਭਰਾ ਅਰਜਨ ਸਿੰਘ ਨੇ ਸ਼ਰਮੋਂ ਸ਼ਰਮੀ ਆਪਣਾ ਲਿਆਂਦਾ ਹੋਇਆ ਅਣਸੀਤਾ ਸੂਟ ਵੀ ਉਸ ਉੱਪਰ ਪਾ ਹੀ ਦਿੱਤਾ। ਮੌਕੇ ਦੀ ਨਜ਼ਾਕਤ ਦੇਖ ਕੇ ਘਰ ਵਾਲੇ ਤਾਂ ਚੁੱਪ ਰਹੇ ਪਰੰਤੂ ਗੁਆਂਢ ਚੋਂ ਆਈਆਂ ਤੀਵੀਆਂ ਦੀ ਘੁਸਰ ਮੁਸਰ ਨਾ ਰੁਕ ਸਕੀ:-

"ਕੁੜੇ ਸਵਰਨੀਏਂ, ਮਹਿੰਦਰ ਕੌਰ ਦੇ ਕੀਤੇ ਦਾ ਅੱਜ ਭਰਾਵਾਂ ਨੇ ਆਹ ਮੁੱਲ ਪਾਇਐ। ਕੋਠੀਆਂ ਅਤੇ ਜ਼ਮੀਨ ਚੋਂ ਹਿੱਸਾ ਛੱਡਣ ਲਈ ਮਹਿੰਦਰ ਕੌਰ ਨੇ ਮਿੰਟ ਵੀ ਨਹੀਂ ਸੀ ਲਾਇਆ। ਲਾਹਣਤ ਏ ਇਹੋ ਜਿਹੇ ਭਰਾਵਾਂ ਦੇ ਜਿਹੜੇ ਕਰੋੜਾਂ ਦੀ ਜਰਾਦਾਤ ਚੋਂ ਆਪਣੀ ਕੱਲੀ ਦੁਕੱਲੀ ਭੈਣ ਲਈ ਇੱਕ ਸੂਟ ਸਿਲਾ ਕੇ ਵੀ ਨਹੀਂ ਲਿਆ ਸਕੇ। ਕੀ ਕਰਨਾ ਇੱਦਾਂ ਦੀਆਂ ਜਰਾਦਾਤਾਂ ਨੂੰ?'' ਬੋਲਦੀ ਹੋਈ ਕਿਸ਼ਨੀ ਦੇ ਦੰਦ ਬੁਢਾਪੇ ਕਰਕੇ ਛਾਪੇਖਾਨੇ ਦੀ ਮਸ਼ੀਨ ਵਾਂਗ ਵੱਜ ਰਹੇ ਸਨ।

"ਨੀ ਪੂਰਨੀਏ, ਭਰਾਵਾਂ ਨੇ ਤਾਂ ਝੱਗਾ ਚੁੱਕ ਕੇ ਦਿਖਾ ਤਾ। ਦੁੱਧ ਤੇ ਬੁੱਧ ਵਿਗੜਦਿਆਂ ਦੇਰ ਥੋੜ੍ਹਾ ਲੱਗਦੀ ਏ। ਮਹਿੰਦਰ ਕੌਰ ਜਿਹੀ ਸਿਆਣੀ ਤੇ ਦਿੱਲ ਦੀ ਰੱਜੀ ਪੁੱਜੀ ਭੈਣ ਕਿਹਨੂੰ ਮਿਲਣੀ? ਭਰਾ ਤਾਂ ਅਜੇ ਫਿਰ ਚੰਗੇ ਐ। ਬਿਗਾਨੀਆਂ ਗੱਧਾ ਲੱਧੀਆਂ ਕਿਥੇ ਪੁੱਗਣ ਦਿੰਦੀਆਂ ਆਪਣੇ ਖਸਮਾਂ ਦੀ। ਕਈ ਵਾਰ ਵੱਡੇ ਘਰ ਆ ਕੇ ਟਾਟ ਦੀਆਂ ਜੁੱਲੀਆਂ ਨੂੰ ਵੀ ਰੇਸ਼ਮ ਦੇ ਬਖੀਏ ਲੱਗ ਜਾਂਦੇ ਨੇ। ਸੂਟ ਲਿਆਏ ਉਹ ਵੀ ਬਿਨਾਂ ਸਿਲਾਏ,'' ਇਕ ਹੋਰ ਨੇ ਗਟਾਹਰ ਜਿਹੀ ਆਵਾਜ਼ ਕੱਢੀ।

"ਮਹਿੰਦਰ ਕੌਰ ਜਿਹੀ ਭੈਣ ਕਿਹਨੂੰ ਮਿਲਣੀ? ਵਿਚਾਰੀ ਹਮੇਸ਼ਾ ਰੱਬ ਤੇ ਹੀ ਓਟ ਰੱਖਦੀ ਸੀ। ਸਬਰ ਸੰਤੋਖ ਦੀ ਤਾਂ ਮੂਰਤ ਸੀ, ਸਵੇਰੇ ਸ਼ਾਮੀ ਬਸ ਨਾਮ ਹੀ ਜੱਪਦੀ ਰਹਿੰਦੀ ਸੀ। ਵਿਚਾਰਾ ਟਹਿਲ ਸਿੰਘ ਵੀ ਸਾਰੀ ਉਮਰ ਵਾਹਿਗੁਰੂ ਤੇ ਹੀ ਓਟ ਰੱਖਦਾ ਰਿਹੈ। ਭਰਾ ਰੱਜੇ ਪੁੱਜੇ ਵੀ ਭੁੱਖੇ ਦੇ ਭੁੱਖੇ। ਦਸੌਂਧਾ ਸਿੰਘ ਜੋ ਬਣਾ ਗਿਐ, ਬਣਾ ਗਿਐ। ਮੁੰਡਿਆਂ ਨੇ ਤਾਂ ਬਸ ਬੈਠ ਕੇ ਹੀ ਖਾਧਾ। ਕਈ ਜੰਮ ਕੇ ਕਮਾਉਂਦੈ ਅਤੇ ਕਈ ਕਮਾ ਕੇ ਜੰਮਦੇ ਐ। ਅਰਜਨ ਹੁਰੀਂ ਤਾਂ ਕਮਾ ਕੇ ਹੀ ਜੰਮੇ ਐ,'' ਇੱਕ ਹੋਰ ਸ਼ਰੀਕਣੀ ਖਰੀਆਂ ਖਰੀਆਂ ਸੁਣਾਈ ਗਈ।

ਆਪਣੀ ਭੈਣ ਦੇ ਸਿਰ ਤੇ ਰੱਜੇ ਭਰਾਵਾਂ ਵਲੋਂ ਆਪਣੀ ਮੋਈ ਭੈਣ ਲਈ ਆਖਰੀ ਪੌਸ਼ਾਕ ਦੇ ਤੌਰ 'ਤੇ ਲਿਆਂਦਾ ਸਾਧਾਰਨ ਅਣਸੀਤਾਂ ਸੂਟ ਪਿੰਡ ਦੀ ਸੱਥ ਵਿੱਚ ਅਕਸਰ ਗੱਲਬਾਤ ਦਾ ਵਿਸ਼ਾ ਬਣਦਾ ਹੀ ਆ ਰਿਹਾ ਏ। ਪਿੰਡ ਵਿੱਚ ਜਦ ਵੀ ਕੋਈ ਮੌਤ ਹੁੰਦੀ ਏ ਤਾਂ ਕੋਈ ਨਾ ਕੋਈ ਬੁੱਢਾ ਮਹਿੰਦਰ ਕੌਰ ਦੀ ਮੌਤ ਸਮੇਂ ਵਾਪਰੀ ਇਸ ਘਟਨਾ ਦਾ ਹਵਾਲਾ ਦੇ ਹੀ ਦਿੰਦਾ ਏ।

# 'ਪਹਿਲੇ ਲਾਹੌਰ ਸਾਜ਼ਿਸ਼ ਕੇਸ ਤੇ ਗਦਰ ਲਹਿਰ ਦਾ ਇਤਿਹਾਸ'

(ਸਫਾ 16 ਦੀ ਬਾਕੀ)

**ਫਰਵਰੀ 1915 :-** ਭਾਰਤ 'ਚ ਜਦੋਂ ਰਾਸ਼ਟਰੀ ਗਦਰੀ ਨੇਤਾਵਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਫੌਜੀ ਸਿਪਾਹੀ ਵਿਦਰੋਹ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ ਤਾਂ ਗਦਰ ਦੀ ਰੂਪ-ਰੇਖਾ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਗਈਆਂ। ਬਣਾਈ ਗਈ ਯੋਜਨਾ ਅਨੁਸਾਰ ਪੰਜਾਬ ਦੇ 23ਵੇਂ ਰਸਾਲੇ 'ਚ 21 ਫਰਵਰੀ ਨੂੰ ਅੰਗਰੇਜ਼ ਪੱਖੀਆਂ ਕੋਲੋਂ ਹਥਿਆਰ ਖੋਹ ਲਏ ਜਾਣਗੇ ਤੇ ਸਵੇਰ ਨੂੰ ਹਾਜ਼ਰੀ ਲਾਉਣ ਵਾਲੇ ਅਫਸਰਾਂ ਨੂੰ ਮਾਰ ਦਿੱਤਾ ਜਾਏਗਾ। ਇਸੇ ਤਰ੍ਹਾਂ ਹੀ ਪੰਜਾਬ ਦੀ 26ਵੀਂ ਬਟਾਲੀਅਨ 'ਚ ਕੀਤਾ ਜਾਵੇਗਾ ਤੇ ਇਸ ਨਾਲ ਇਹ ਸੰਕੇਤ ਜਾਵੇਗਾ ਕਿ ਫੌਜ 'ਚ ਵਿਦਰੋਹ ਫੈਲ ਗਿਆ ਹੈ, ਇਸ ਦੇ ਨਤੀਜੇ ਵਜੋਂ, ਅਗਾਊਂ ਹੀ ਦਿੱਲੀ ਤੇ ਲਾਹੌਰ 'ਚ ਹੋਵੇਗਾ। ਬੰਗਾਲੀ ਸੰਗਠਨ ਦੇ ਕਾਰਕੁੰਨ ਹਾਵੜਾ ਸਟੇਸ਼ਨ (ਕਲਕੱਤਾ) 'ਤੇ ਪੰਜਾਬ ਤੋਂ ਆਉਣ ਵਾਲੀਆਂ 'ਪੰਜਾਬ ਮੇਲ' ਗੱਡੀ ਦਾ ਇੰਤਜ਼ਾਰ ਕਰ ਰਹੇ ਸਨ, ਕਿਉਂਕਿ ਉਸ 'ਚ ਹਥਿਆਰਾਂ ਦੀ ਖੇਪ ਆਉਣੀ ਸੀ ਪਰ ਪੰਜਾਬ 'ਚ ਇਕ ਦਮ ਹੜਤਾਲ ਹੋਣ ਕਾਰਨ, ਪੰਜਾਬ ਮੇਲ ਗੱਡੀ ਸਰਕਾਰ ਨੇ ਕੈਂਸਲ ਕਰ ਦਿੱਤੀ। ਪੰਜਾਬ ਦਾ ਜਾਸੂਸੀ ਵਿਭਾਗ ਗਦਰੀ ਲਹਿਰ 'ਚ ਆਪਣੀ ਪੂਰੀ ਘੁਸਪੈਠ ਬਣਾ ਚੁੱਕਾ ਸੀ ਤੇ ਉਸ ਨੂੰ ਐਨੂੰ ਗਦਰ ਦੇ ਸ਼ੁਰੂ ਹੋਣ ਦੇ ਆਖਰੀ ਸਮੇਂ 'ਤੇ ਇਕ ਕਿਰਪਾਲ ਸਿੰਘ ਨਾਮੀ ਜਾਸੂਸ ਨੇ, ਜਿਹੜਾ ਕਿ 23ਵੇਂ ਸੈਨਿਕ ਰਸਾਲੇ ਦੇ ਸਿਪਾਹੀ ਬਲਵੰਤ ਸਿੰਘ ਦਾ ਚਚੇਰਾ ਭਰਾ ਸੀ, ਕਿਰਪਾਲ ਸਿੰਘ ਅਮਰੀਕਾ ਦਾ ਵੀ ਚੱਕਰ ਲਾ ਆਇਆ ਸੀ, ਇਕ ਜਾਸੂਸ ਵਜੋਂ ਉਹ ਲਾਹੌਰ, ਮੋਚੀ ਦਰਵਾਜ਼ੇ ਦੇ ਨਜ਼ਦੀਕ ਰਾਸ ਬਿਹਾਰੀ ਬੋਸ ਦੇ ਠਿਕਾਣੇ 'ਤੇ ਚੱਕਰ ਵੀ ਲਾ ਆਇਆ ਸੀ, ਉਥੇ ਉਸ ਨੂੰ 15 ਫਰਵਰੀ 1915 ਨੂੰ, ਸਮੇਤ ਵਿਸ਼ਨੂੰ ਗਣੇਸ਼ ਪਿੰਗਲੇ ਕੋਈ ਇਕ ਦਰਜਨ ਦੇ ਕਰੀਬ ਗਦਰੀ ਕ੍ਰਾਂਤੀਕਾਰੀ ਨੇਤਾ ਵੀ ਮਿਲੇ ਸਨ। ਕਿਰਪਾਲ ਸਿੰਘ ਨੇ ਇਸ ਦੀ ਸਾਰੀ ਜਾਣਕਾਰੀ ਸਰਕਾਰ ਨੂੰ ਦੇ ਦਿੱਤੀ ਸੀ। ਉਸ ਨੇ ਸਮਝਿਆ ਕਿ ਗਦਰੀ ਕ੍ਰਾਂਤੀਕਾਰੀਆਂ ਨੇ ਅੱਗੇ ਆਉਣ ਵਾਲੀ 19 ਫਰਵਰੀ ਨੂੰ ਵਿਦਰੋਹ ਦੀ ਯੋਜਨਾ ਬਣਾਈ ਹੈ। ਪੰਜਾਬ ਦੇ ਜਾ-ਸੂਸੀ ਵਿਭਾਗ ਨੂੰ ਇਹ ਸੂਚਨਾ ਮਿਲਣ ਨਾਲ ਅੱਗੋਂ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਇਕ ਰਸਤਾ ਮਿਲ ਗਿਆ। ਰੰਗੂਨ ਵਿਖੇ 130ਵੀਂ ਬਲੋਚ ਰੈਜਮੈਂਟ ਨੇ 21 ਫਰਵਰੀ ਨੂੰ ਵਿਦਰੋਹ ਕਰਨ ਦਾ ਫੈਸਲਾ ਕਰ ਲਿਆ। ਕੋਈ 800 ਸਿਪਾਹੀਆਂ 'ਚੋਂ 450 ਸਿਪਾਹੀਆਂ ਨੇ 15 ਫਰਵਰੀ ਦੀ ਸ਼ਾਮ ਨੂੰ ਵਿਦਰੋਹ ਕਰਨ ਦਾ ਫੈਸਲਾ ਕੀਤਾ। ਉਹਨਾਂ ਦੇ ਨਜ਼ਦੀਕ ਹੀ ਕੋਈ 100 ਦੇ ਕਰੀਬ 'ਮਾਲੇ ਸਟੇਟਸ ਗਾਈਡਜ਼' ਦੇ ਸਿਪਾਹੀਆਂ ਨੇ ਵੀ ਇਹਨਾਂ ਵਿਦਰੋਹੀ ਸਿਪਾਹੀਆਂ ਨਾਲ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਇਹ ਵਿਦਰੋਹ ਕੋਈ ਸੱਤ ਦਿਨਾਂ ਤੱਕ ਚੱਲਿਆ, ਇਸ ਦਾ ਨਤੀਜਾ ਇਹ ਨਿਕਲਿਆ ਕਿ ਇਸ 'ਚ 47 ਬ੍ਰਿਟਿਸ਼ ਸਿਪਾਹੀ ਤੇ ਆਮ ਨਾਗਰਿਕ ਮਾਰੇ ਗਏ। ਗਦਰੀਆਂ ਨੇ ਐਸ. ਐਮ. ਐਸ. ਇੰਮਡਨ ਦੇ ਨਜ਼ਰਬੰਦ ਕੀਤੇ ਗਏ ਸਾਰੇ ਮਲਾਹਾਂ ਨੂੰ ਵੀ ਛੱਡ ਦਿੱਤਾ। ਫਰਾਂਸ, ਰੂਸ ਤੇ ਜਾਪਾਨ ਦੇ ਫੌਜੀ ਸਮੁੰਦਰੀ ਜਹਾਜ਼ ਪਹੁੰਚ ਜਾਣ 'ਤੇ ਵਿਦਰੋਹ ਨੂੰ ਦਬਾਅ ਦਿੱਤਾ ਗਿਆ।

200 ਦੇ ਕਰੀਬ ਗਦਰੀਆਂ 'ਤੇ ਸਿੰਘਾਪੁਰ 'ਚ ਮੁਕੱਦਮਾ ਚਲਾਇਆ ਗਿਆ ਤੇ 47 ਕ੍ਰਾਂਤੀਕਾਰੀਆਂ ਨੂੰ ਆਮ ਜਨਤਾ ਦੇ ਸਾਹਮਣੇ ਖੜ੍ਹੇ ਕਰਕੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਬਹੁਤਿਆਂ ਨੂੰ ਜ਼ਿੰਦਗੀ ਭਰ ਲਈ ਜਲਾਵਤਨ ਕਰ ਦਿੱਤਾ ਗਿਆ ਜਾਂ 7 ਤੋਂ 20 ਸਾਲ ਤੱਕ ਲਈ ਜੇਲ੍ਹ ਭੇਜ ਦਿੱਤਾ ਗਿਆ। ਕੁਝ ਇਤਿਹਾਸਕਾਰ ਸਮੇਤ ਹੀਵ ਸਵਰੈਚਨ ਇੱਥੇ ਆਪਣੀ ਇਹ ਰਾਏ ਦਿੰਦੇ ਹਨ ਕਿ ਭਾਵੇਂ ਗਦਰੀ ਏਜੰਟਾਂ ਨੇ ਸਿੰਘਾਪੁਰ ਦੇ ਸਿਪਾਹੀ ਯੂਨਿਟਾਂ 'ਚ ਇਹ ਵਿਦਰੋਹ ਕਰਵਾਇਆ, ਪਰ ਇਸ ਵਿਦਰੋਹ ਨੂੰ ਅਲੱਗ-ਥਲੱਗ ਕਰ ਦਿੱਤਾ ਗਿਆ ਪਰ ਇਸ ਨੂੰ ਵਿਦਰੋਹ ਦੀ ਸਾਜ਼ਿਸ਼ ਨਾਲ ਨਹੀਂ ਜੋੜਿਆ ਜਾ ਸਕਦਾ। ਕਈ ਇਸ ਨੂੰ ਇਸ ਤਰ੍ਹਾਂ ਸੋਚਦੇ ਹਨ ਕਿ ਇਹ ਸਿਰਫ਼ ਗਦਰੀ ਕ੍ਰਾਂਤੀਕਾਰੀਆਂ ਵੱਲੋਂ ਕੀਤੀ ਗਈ 'ਖਤੋ-ਖ਼ਤਾਬਤ ਲਹਿਰ' ਦੀ ਇਕ ਗੁੰਝਲਦਾਰ ਤਰੀਕੇ ਨਾਲ ਕੀਤੀ ਗਈ ਭੜਕਾਊ ਕਾਰਵਾਈ ਸੀ, ਜਿਸ ਨੂੰ ਗਦਰੀਆਂ ਦੀ ਸਾਜ਼ਿਸ਼ ਨਾਲ ਜੋੜਿਆ ਜਾ ਸਕਦਾ ਹੈ। ਪੰਜਾਬ 26ਵੀਂ, ਰਾਜਪੂਤ 7ਵੀਂ, ਜਾਟ ਆਰਟਿਲਰੀ 24ਵੀਂ ਤੇ ਹੋਰ ਕਈ ਬਟਾਲੀਅਨਾਂ 'ਚ ਵਿਦਰੋਹ ਦੀ ਸਾਜ਼ਿਸ਼ ਦੇ ਪੜਾਅ ਤੋਂ ਅੱਗੇ ਨਹੀਂ ਲੰਘ ਸਕਿਆ। ਫਿਰੋਜ਼ਪੁਰ, ਲਾਹੌਰ ਤੇ ਆਗਰਾ ਦੀਆਂ ਛਾਉਣੀਆਂ 'ਚ ਵਿਦਰੋਹ ਨੂੰ ਪੂਰੀ ਤਰ੍ਹਾਂ ਦਬਾਅ ਦਿੱਤਾ ਗਿਆ ਤੇ ਕਈ ਵਿਦਰੋਹੀ ਸਾਜ਼ਿਸ਼ਕਾਰ ਵੱਡੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਭਾਵੇਂ ਕਈ ਰੂਪੋਸ਼ ਤੇ ਗ੍ਰਿਫ਼ਤਾਰੀ ਤੋਂ ਬਚ ਗਏ ਸਨ। ਕਰਤਾਰ ਸਿੰਘ ਸਰਾਭਾ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਮੇਰਠ ਦੀ 12ਵੀਂ ਘੋੜ ਸਵਾਰ ਰਜਿਮੈਂਟ 'ਚ ਵਿਦਰੋਹ ਕਰਵਾਉਣ ਲਈ ਆਖਰੀ ਕੋਸ਼ਿਸ਼ ਕੀਤੀ। ਕਰਤਾਰ ਸਿੰਘ ਸਰਾਭਾ ਇਸ 'ਚ ਗ੍ਰਿਫ਼ਤਾਰੀ ਤੋਂ, ਲਾਹੌਰ ਤੋਂ ਬਚ ਗਿਆ, ਪਰ ਉਸਨੂੰ ਬਨਾਰਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਮੇਰਠ ਦੀ 12ਵੀਂ ਘੋੜ ਸਵਾਰ ਲਾਈਨਜ਼ ਦੇ ਨੇੜਿਓਂ 23 ਮਾਰਚ 1915 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਆਪਣੇ ਨਾਲ ਦਿੱਲੀ 'ਚ ਲਾਰਡ ਹਾਰਡਿੰਗ ਨੂੰ ਧੋਖੇ ਨਾਲ ਮਾਰਨ ਲਈ, 10 ਬੰਬ ਲੈ ਗਿਆ ਸੀ। ਬੰਬਈ ਦੀ ਪੁਲਿਸ ਰਿਪੋਰਟ ਅਨੁਸਾਰ ਇਹ ਬੰਬ ਇਕ ਪੂਰੀ ਰਜਿਮੈਂਟ ਨੂੰ ਉਡਾਉਣ ਲਈ ਕਾਫੀ ਸਨ। ਭਾਰਤ ਦੇ ਕੇਂਦਰੀ ਇਲਾਕੇ 'ਤੇ ਪੰਜਾਬ 'ਚ ਕਾਫੀ ਵੱਡੀ ਪੱਧਰ 'ਤੇ ਗਦਰੀ ਕ੍ਰਾਂਤੀਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਰਾਸ ਬਿਹਾਰੀ ਬੋਸ ਲਾਹੌਰ ਤੋਂ ਬਚ ਨਿਕਲਿਆ ਤੇ ਉਹ ਮਈ 1915 'ਚ ਜਾਪਾਨ ਚਲਿਆ ਗਿਆ। ਦੂਸਰੇ ਨੇਤਾ ਜਿਵੇਂ:- ਗਿਆਨੀ ਪ੍ਰੀਤਮ ਸਿੰਘ, ਸਵਾਮੀ ਸੱਤਿਆਨੰਦ ਪੁਰੀ ਤੇ ਕਈ ਹੋਰ ਥਾਈਲੈਂਡ ਚਲੇ ਗਏ ਤੇ ਹੋਰ ਕਈ ਉਹਨਾਂ ਦੇਸ਼ਾਂ 'ਚ ਚਲੇ ਗਏ ਜਿਹੜੇ ਦੇਸ਼ ਭਾਰਤੀ ਗਦਰੀ ਕ੍ਰਾਂਤੀਕਾਰੀਆਂ ਨਾਲ ਹਮਦਰਦੀ ਰੱਖਦੇ ਸਨ।

**ਗਦਰ ਦੀਆਂ ਬਾਅਦ 'ਚ ਕੋਸ਼ਿਸ਼ਾਂ:-** ਗਦਰੀ ਕ੍ਰਾਂਤੀਕਾਰੀਆਂ ਦੀਆਂ ਉਕਤ ਦੱਸੀਆਂ ਗਈਆਂ ਵਿਦਰੋਹ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਵੀ ਗਦਰ ਦੀਆਂ ਬਹੁਤ ਮਹੱਤਵਪੂਰਨ ਹੋਰ ਘਟਨਾਵਾਂ ਵਾਪਰੀਆਂ ਸਨ, ਜਿਹਨਾਂ ਦਾ ਨਾਂ ਇਸ ਪ੍ਰਕਾਰ ਹੈ:- 1915 ਦਾ ਸਿੰਘਾਪੁਰ ਵਿਦਰੋਹ, ਦੀ ਐਨੀ ਲਾਰਸ਼ਨ ਹਥਿਆਰਬੰਦ ਵਿਦਰੋਹ, ਕ੍ਰਿਸਮਿਸ ਡੇਅ ਵਿਦਰੋਹ, ਬੱਗਾ ਜਤਿਨ ਦੀ ਮੌਤ ਤੱਕ ਵਿਦਰੋਹ ਦੀਆਂ ਘਟਨਾਵਾਂ, ਜਰਮਨ ਮਿਸ਼ਨ ਟੂ ਕਾਬੁਲ, ਭਾਰਤ 'ਚ ਕੋਨਾਟ ਰੇਜਰਜ਼ ਦੀਆਂ ਵਿਦਰੋਹੀ ਘਟਨਾਵਾਂ, ਇਸੇ ਹੀ ਤਰ੍ਹਾਂ ਦੀਆਂ 1916 ਦਾ ਬਲੈਕ ਟੌਮ ਵਿਸਫੋਟ। 'ਦੀ ਇੰਡੋ-ਆਇਰਿਸ਼-ਜਰਮਨ' ਸੰਧੀ ਦੇ ਸਹਿਯੋਗ ਨਾਲ ਕੀਤੀਆਂ ਗਈਆਂ ਸਾਜ਼ਿਸ਼ਾਂ ਦਾ, ਬ੍ਰਿਟਿਸ਼ ਖੁਫ਼ੀਆ ਕੋਸ਼ਿਸ਼ਾਂ ਨਾਲ ਟਕਰਾਅ ਤੇ ਇਸ ਤਿੰਨਾਂ ਦੇਸ਼ਾਂ ਦੇ ਬਣੇ ਸੰਗਠਨ ਨੂੰ ਸਫਲਤਾਵਾਂ ਪ੍ਰਾਪਤ ਹੋਈਆਂ ਤੇ ਉਹ ਅੱਗੋਂ ਵੀ ਇਸ ਤਰ੍ਹਾਂ ਦੀਆਂ ਵਿਦਰੋਹੀ ਘਟਨਾਵਾਂ ਕਰਵਾਉਂਦੇ ਰਹੇ। ਇਹਨਾਂ ਵਿਦਰੋਹੀ ਘਟਨਾਵਾਂ ਦੇ ਨਤੀਜੇ ਵਜੋਂ 1917 ਦੀਆ ਐਨੀ ਲਾਰਸਿਨ ਘਟਨਾਵਾਂ ਤੋਂ ਬਾਅਦ ਅਮਰੀਕੀ ਖੁਫ਼ੀਆ ਵਿਭਾਗ ਨੇ ਕਈ ਉੱਘੀਆਂ ਹਸਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਦੀਆਂ ਵਿਦਰੋਹ ਦੀਆਂ ਘਟਨਾਵਾਂ ਦਾ ਨਤੀਜਾ ਇਹ ਨਿਕਲਿਆ ਕਿ ਦੋਸ਼ੀਆਂ 'ਤੇ ਬਾਦਸ਼ਾਹ ਦਾ ਤਖਤਾ ਪਲਟਣ ਦੀ ਸਾਜ਼ਿਸ਼ ਦੇ ਅਧੀਨ ਭਾਰਤ 'ਚ 'ਪਹਿਲਾ ਲਾਹੌਰ ਸਾਜ਼ਿਸ਼ ਕੇਸ ਚੱਲਿਆ। ਅਮਰੀਕਾ 'ਚ 'ਹਿੰਦੂ-ਜਰਮਨ ਸਾਜ਼ਿਸ਼ ਕੇਸ' ਬਹੁਤ ਹੀ ਲੰਬਾ ਤੇ ਮਹਿੰਗਾ ਕੇਸ, ਉਸੇ ਮਿਤੀ ਤੋਂ ਚੱਲਿਆ।

**ਅਦਾਲਤੀ ਮੁਕੱਦਮੇ :-** ਭਾਰਤ ਦੇ ਵਿਦਰੋਹੀ ਕ੍ਰਾਂਤੀਕਾਰੀਆਂ 'ਤੇ ਭਾਰਤ 'ਚ ਕਈ ਮੁਕੱਦਮੇ ਚਲਾਏ ਗਏ, ਜਿਹਨਾਂ 'ਚੋਂ ਸਭ ਤੋਂ ਮਸ਼ਹੂਰ ਮੁਕੱਦਮਾ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਜਿਹੜਾ ਕਿ ਫਰਵਰੀ 1915 ਦੇ ਵਿਦਰੋਹ ਦੇ ਫੇਲ੍ਹ ਹੋ ਜਾਣ ਉਪਰੰਤ ਲਾਹੌਰ 'ਚ ਅਪ੍ਰੈਲ 1915 ਨੂੰ ਸ਼ੁਰੂ ਹੋਇਆ। ਇਸ ਤੋਂ ਇਲਾਵਾ ਬਨਾਰਸ, ਸ਼ਿਮਲਾ, ਦਿੱਲੀ ਤੇ ਫਿਰੋਜ਼ਪੁਰ ਸਾਜ਼ਿਸ਼ ਕੇਸ ਤੇ ਬਜਬਜ (ਕਲਕੱਤਾ) 'ਚ ਗ੍ਰਿਫ਼ਤਾਰ ਕ੍ਰਾਂਤੀਕਾਰੀਆਂ ਤੇ ਮੁਕੱਦਮਾ ਹਨ। ਲਾਹੌਰ 'ਚ ਸਰਕਾਰ ਵੱਲੋਂ 'ਡੀਫੈਂਸ ਆਫ਼ ਇੰਡੀਆ ਐਕਟ 1915' ਦੇ ਤਹਿਤ ਇਕ ਸਪੈਸ਼ਲ 'ਟ੍ਰਿਬਿਊਨਲ' ਸਥਾਪਤ ਕੀਤਾ ਗਿਆ ਤੇ 291 ਸਾਜ਼ਿਸ਼ ਕਰਤਾਵਾਂ 'ਤੇ ਮੁਕੱਦਮਾ ਚਲਾਇਆ ਗਿਆ, ਜਿਹਨਾਂ 'ਚੋਂ 42 ਨੂੰ ਮੌਤ ਦੀ ਸਜ਼ਾ (ਫਾਂਸੀ) ਸੁਣਾਈ ਗਈ, ਜਿਹਨਾਂ 'ਚ ਪ੍ਰਮੁੱਖ ਨਾਮ ਸਨ- ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਛੋਟਾ, ਸੁਰੈਣ ਸਿੰਘ ਵੱਡਾ, ਭਾਈ ਬਲਵੰਤ ਸਿੰਘ (ਖੁਰਦਪੁਰ), ਬਾਬੂ ਰਾਮ, ਹਾਫਿਜ਼ ਅਬਦੁਲਾ ਤੇ ਰੂੜ ਸਿੰਘ (ਸੰਗਵਾਲ) 114 ਨੂੰ ਉਮਰ ਕੈਦ ਤੇ 93 ਨੂੰ ਘੱਟ ਜਾਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ। ਇਹਨਾਂ 'ਚੋਂ ਬਹੁਤਿਆਂ ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਭੇਜ ਦਿੱਤਾ ਗਿਆ। ਇਹਨਾਂ 'ਚੋਂ 42 ਦੋਸ਼ੀਆਂ 'ਤੇ ਮੁਕੱਦਮਾ ਚਲਾ ਕੇ ਬਰੀ ਕਰ ਦਿੱਤਾ ਗਿਆ। ਲਾਹੌਰ ਸਾਜ਼ਿਸ਼ ਕੇਸ ਦਾ ਸਿੱਧਾ ਸਬੰਧ ਅਮਰੀਕਾ 'ਚ ਘੜੀ ਗਈ 'ਗਦਰ ਦੀ ਸਾਜ਼ਿਸ਼' ਫਰਵਰੀ 1915 ਨਾਲ ਸੀ। ਇਸ ਮੁਕੱਦਮੇ ਦਾ ਨਤੀਜਾ ਇਹ ਨਿਕਲਿਆ ਕਿ ਰਾਜਨੀਤਿਕ ਕੋਸ਼ਿਸ਼ਾਂ ਨੇ ਭਾਰਤ ਦੀ ਆਜ਼ਾਦੀ ਲਈ ਅਮਰੀਕਾ 'ਚ ਉੱਠੀ ਕ੍ਰਾਂਤੀਕਾਰੀ ਲਹਿਰ, ਨੂੰ ਤਹਿਸ-ਨਹਿਸ ਤੇ ਇਸ ਵਿਦਰੋਹੀ ਕ੍ਰਾਂਤੀਕਾਰੀ ਲਹਿਰ 'ਚ ਭਾਗ ਲੈਣ ਵਾਲੇ ਕ੍ਰਾਂਤੀਕਾਰੀਆਂ 'ਤੇ ਮੁਕੱਦਮਾ ਚਲਾ ਕੇ ਤੇ ਸਜ਼ਾਵਾਂ ਦੇ ਕੇ, ਇਸ ਨੂੰ ਖਤਮ ਕਰ ਦਿੱਤਾ।

**ਗਦਰ ਦੇ ਪ੍ਰਭਾਵ:-** ਸਮੁੱਚੇ ਤੌਰ 'ਤੇ 'ਹਿੰਦੂ-ਜਰਮਨ ਸਾਜ਼ਿਸ਼' ਦੇ ਤਹਿਤ ਸੰਸਾਰ ਦੇ ਪਹਿਲੇ ਮਹਾਂ-ਯੁੱਧ ਦੇ ਦੌਰਾਨ ਪੰਜਾਬ 'ਚ ਸਾਜ਼ਿਸ਼ ਘੜਨ ਵਾਲੇ ਸਾਜ਼ਿਸ਼ ਕਰਤਾਵਾਂ ਦੀ ਉਤੇਜਨਾ ਦੇ ਕਾਰਨ 'ਡੀਫੈਂਸ' ਆਫ਼ ਇੰਡੀਆ ਐਕਟ' ਦੇ ਤਹਿਤ 'ਰੋਲਟ ਐਕਟ ਕਮੇਟੀ' ਦੀ ਸਥਾਪਨਾ ਦੇ ਕਾਰਨ ਵਿਦਰੋਹੀ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ 'ਰੋਲਟ ਐਕਟ' ਹੋਂਦ 'ਚ ਆਇਆ। ਪੰਜਾਬ 'ਚ ਜਲ੍ਹਿਆਂ ਵਾਲੇ ਬਾਗ ਦੇ 1919 ਦੇ ਸਾਕੇ ਦਾ ਸਬੰਧ ਵੀ ਉਕਤ ਵਿਦਰੋਹੀ ਘਟਨਾਵਾਂ ਨਾਲ ਜੁੜਦਾ ਹੈ, ਕਿਉਂਕਿ ਸਰਕਾਰ ਨੂੰ ਡਰ ਸੀ ਕਿ ਅਜਿਹੀਆਂ ਵਿਦਰੋਹੀ ਗਤੀਵਿਧੀਆਂ ਭਵਿੱਖ 'ਚ ਨਾ ਵਾਪਰਨ।

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-3

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



ਅਵਤਾਰ ਸਿੰਘ ਮਿਸ਼ਨਰੀ
510-432-5827

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥? ਸਵਾਲ ਦੇ ਜਵਾਬ ਲਈ, ਦੂਜੀ ਕਿਸ਼ਤ ਵਿੱਚ ਆਪਾਂ ਤੀਰਥ ਇਸ਼ਨਾਨਾਂ, ਪੁੰਨਾਂ-ਦਾਨਾਂ, ਛੂਆ-ਛਾਤਾਂ ਅਤੇ ਸੁੱਚ-ਭਿੱਟ ਬਾਰੇ ਵਿਚਾਰ ਚੁੱਕੇ ਹਾਂ। ਤੀਜੀ ਕਿਸ਼ਤ ਵਿੱਚ-ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਬਾਰੇ ਵਿਚਾਰ ਕਰਾਂਗੇ ਕਿ ਕਿਵੇਂ ਚੁੱਪ (ਮੋਨ ਹੋਣ ਦਾ ਕਰਮਕਾਂਡ) ਵੀ ਸਾਡੇ ਅਤੇ ਪ੍ਰਮਾਤਮਾਂ ਵਿਚਾਲੇ ਕੰਧ ਭਾਵ ਦੂਰੀ ਦਾ ਕਾਰਣ ਹੈ। ਚੁੱਪ ਤੋਂ ਭਾਵ ਮੋਨੀ ਹੋ, ਇਕਾਂਤਵਾਸ ਕਰਨਾ। ਜੰਗਲੀਂ ਪਹਾੜੀਂ ਮੱਠਾਂ ਵਿੱਚ ਬੈਠਣਾ, ਮੁੱਖ ਤੋਂ ਕੁਝ ਬੋਲਣਾ ਨਾਂ, ਜਾਂ ਅੱਖਾਂਮੀਟ ਸਮਾਧੀ ਲਾ ਲੈਣੀ।

ਭਾਰਤ ਵਿੱਚ ਅਜਿਹੇ ਬਗਲਾ ਭਗਤ ਲੋਕਾਂ ਨੂੰ ਆਂਮ ਲੋਕ ਮੋਨੀ ਸਾਧੂ ਮੰਨ ਕੇ, ਅਦਬ ਸਤਿਕਾਰ ਕਰਦੇ ਸਨ। ਵਾਸਤਵ ਵਿੱਚ ਇਹ ਮੋਨ ਵਾਲਾ ਢੌਂਗ ਬਾਹਰੀ ਅਡੰਬਰ ਹੀ ਸੀ। ਗੁਰਮਤਿ ਇਸ ਵਿਖਾਵੇ ਵਾਲੇ ਬਾਹਰੀ ਮੋਨ ਨੂੰ ਰੱਬੀ ਮਿਲਾਪ ਦਾ ਸਾਧਨ ਨਹੀਂ ਮੰਨਦੀ।

ਗੁਰਮਤਿ ਦਾ ਮੋਨ ਮਨ ਦੇ ਬੁਰੇ ਫੁਰਨੇ ਰੋਕਣਾ, ਮਨ ਕਰਕੇ ਚੁੱਪ ਕਰਨਾ ਭਾਵ ਮੋਨਧਾਰੀ ਹੋਣਾ ਹੈ। ਬਾਹਰ ਦੀ ਚੁੱਪ ਮਨ ਦੀ ਦਵੰਧ ਭਟਕਣਾ ਨਹੀਂ ਰੋਕ ਸਕਦੀ। ਅੱਖਾਂਮੀਟ ਸਮਾਧੀ ਲਾਈ ਬੈਠਿਆਂ ਦੇ ਮਨ ਦੇ ਫੁਰਨੇ ਫੁਰਦੇ ਰਹਿੰਦੇ ਹਨ। ਗੁਰਦੇਵ ਜੀ ਫੁਰਮਾਂਦੇ ਹਨ ਕਿ-ਮੋਨਿ ਵਿਗੂਤਾ ਕਿਉਂ ਜਾਗੈ ਗੁਰ ਬਿਨੁ ਸੂਤਾ॥(੪੬੭) ਭਾਵ ਚੁੱਪ ਗੜੁੱਪ ਮੋਨ ਦੇ ਢੌਂਗ ਵਾਲੇ ਕਰਮਕਾਂਡ ਦੀ ਨੀਂਦ ਵਿੱਚ ਸੁੱਤਾ ਅਗਿਆਨੀ, ਗੁਰੂ ਗਿਆਨ ਬਿਨਾ ਕਿਵੇਂ ਜਾਗ ਸਕਦਾ ਹੈ? ਚੁੱਪਸਾਧ ਭਾਵ ਮੋਨਧਾਰੀ ਹੋ ਕੇ, ਹੱਥ ਵਿੱਚ ਮੰਗਣ ਵਾਸਤੇ ਭਾਂਡਾ ਫੜ ਕੇ, ਬਿਨਾ ਬਸਤਰਾਂ ਤੋਂ ਨੰਗਾ ਜੰਗਲਾਂ ਵਿੱਚ ਫਿਰਦਾ ਰਿਹਾ, ਧਰਤੀ ਤੇ ਮੰਨੇ ਗਏ ਸਾਰੇ ਤੀਰਥਾਂ ਦਾ ਭ੍ਰਮਨ ਵੀ ਕੀਤਾ ਪਰ ਦੁਬਿਧਾ (ਕੂੜ ਦੀ ਪਾਲਿ) ਫਿਰ ਵੀ ਨਹੀਂ ਤੁੱਟੀ-ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀਂ॥(੬੪੧) ਗੁਰਦੇਵ ਜੀ ਕੂੜ ਦੀ ਪਾਲਿ ਬਾਰੇ ਹੋਰ ਦਰਸਾਉਂਦੇ ਹਨ ਕਿ ਆਪਣੇ ਆਪ ਨੂੰ ਤਿਆਗੀ ਸਾਧੂ ਜਾਂ ਸੰਤ ਜੋਗੀ ਅਖਵਾਉਣ ਵਾਲਾ ਸ਼ਖਸ਼, ਭਾਂਵੇ ਮੂੰਹ ਸਿਰ ਮੁਨਾ ਲਵੇ, ਜਾਂ ਜਟਾਂ ਧਾਰਨ ਕਰ ਲਵੇ, ਮੋਨਿ (ਚੁੱਪ ਰਹਿਣ) ਦੇ ਅਭਿਮਾਨ ਵਿੱਚ ਰਹੇ ਪਰ ਬਿਨਾ ਆਤਮ ਗਿਆਨ ਤੋਂ ਭਾਵ ਰੱਬ ਨਾਲ ਡੂੰਘੀ ਸਾਂਝ ਤੋਂ ਫਿਰ ਵੀ ਉਸ ਦਾ ਮਨ ਡੱਕੇ ਡੋਲੇ ਹੀ ਖਾਂਦਾ ਹੈ-ਮੂੰਡੁ ਮਡਾਇ ਜਟਾ ਸਿੱਖ ਬਾਂਧੀ ਮੋਨਿ ਰਹੈ ਅਭਿਮਾਨਾ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥(੧੦੧੩)

ਏਡੀ ਵੱਡੀ ਸਚਾਈ ਗੁਰਬਾਣੀ ਨੂੰ ਪੜ੍ਹਦੇ ਸਾਡੇ ਬਹੁਤੇ ਅਜੋਕੇ ਡੇਰੇਦਾਰ ਸੰਪ੍ਰਦਾਈ ਅਤੇ ਤਖਤਾਂ ਦੇ ਜਥੇਦਾਰ ਖਾਸ ਕਰ ਹਜੂਰ ਸਾਹਿਬ ਦੇ "ਮੋਨੀ ਜਥੇਦਾਰ" ਜੋ ਭੋਰੇ ਵਿੱਚ ਵੀ ਰਹਿੰਦੇ ਅਤੇ ਮੂੰਹ ਬਨ੍ਹ ਕੇ ਮੋਨਿ ਧਾਰਨ ਦਾ ਪਾਖੰਡ ਵੀ ਕਰਦੇ ਹਨ। ਸੋ ਚੁੱਪ ਰਹਿ ਕੇ ਭਾਵ ਮੋਨਿ ਧਾਰਨ ਕਰਕੇ ਵੀ ਪਾਖੰਡਾਂ, ਥੋਥੇ ਕਰਮਕਾਂਡਾਂ ਅਤੇ ਹੰਕਾਰ ਕਰਕੇ , ਸਾਡੇ ਅਤੇ ਰੱਬ ਵਿੱਚ ਪੈ ਗਈ ਕੂੜ ਦੀ ਪਾਲਿ (ਕੰਧ) ਨਹੀਂ ਤੁੱਟਦੀ।


(ਚਲਦਾ)



ਐੱਸ ਬਲਵੰਤ
s.balwantuk@yahoo.co.uk

# ਸਿਰਜਣਹਾਰੇ

**(ਇਹ ਇਕ ਐਸੀ ਘਟਨਾ ਹੈ ਜਿਸ ਨੇ ਮੈਨੂੰ ਰੁਆ ਦਿੱਤਾ ਸੀ ਓਸ ਦਿਨ. ਉਦੋਂ ਮੈਂ ਦੀ ਫ਼ੇਡਰੇਸ਼ਨ ਆਫ ਇੰਡੀਅਨ ਪਬਲਿਸ਼ਰਜ਼ ਦਾ ਪ੍ਰੇਜ਼ੀਡੈਂਟ ਸਾਂ ਤੇ ਦਿੱਲੀ ਦੇ ਵਿਗਿਆਨ ਭਵਨ ਕਾਪੀਰਾਇਟ ਵਿਸ਼ੇ 'ਤੇ ਸੇਮਿਨਾਰ ਅਟੈਂਡ ਕਰਨ ਗਿਆ ਸੀ ਤੇ ਹੇਠਾਂ ਲਿਖਿਆ ਲੇਖ ਮੈਂ ਲਿਖਿਆ ਸੀ ਓਸ ਦਿਨ।)**



ਸ਼੍ਰੀ ਖੇਮ ਚੰਦ

ਅੱਜ ਦਾ ਸੈਮੀਨਾਰ ਤਾਂ ਕਾ-ਪੀਰਾਈਟ ਵਿਸ਼ੇ ਉੱਪਰ ਸੀ. ਪਰ ਇਸ ਵਿਚ ਕੁਝ ਮਸਲੇ ਐਸੇ ਸਾਹਮਣੇ ਆਏ ਜਿਨ੍ਹਾਂ ਨੂੰ ਸੁਣ ਮੇਰੀਆਂ ਭੁੱਬਾਂ ਨਿਕਲ ਗਈਆਂ।

ਸੈਮੀਨਾਰ ਵਿਚ ਸਾਰੀਆਂ ਪ੍ਰਾਂਤਾ 'ਚੋਂ ਸੰਬੰਧਤ ਪੁਲਿਸ ਦੇ ਮੁਖੀ ਅਫਸਰਾਂ ਨੂੰ ਬੁਲਾਇਆ ਗਿਆ ਸੀ. ਮੇਰੇ ਤੋਂ ਬਿਨਾਂ ਹੋਰ ਵੀ ਕਈ ਲੇਖਕ ਸਨ ਜੋ ਲੇਖਕ ਨਾਲ ਹੋ ਰਹੇ ਧੱਕੇ ਦੀ ਗੱਲ ਕਰ ਰਹੇ ਸਨ. ਮੈਨੂੰ ਲੇਖਕ ਦੇ ਤੌਰ 'ਤੇ ਬੁਲਾਇਆ ਗਿਆ ਸੀ. ਫਿਲਮਾਂ, ਸੰਗੀਤ, ਸੁਰਖਿਆ, ਕਿਤਾਬਾਂ...! ਯਾਣੀ ਸਾਰੇ ਮਹਿਕਮੇ. ਇਸ 'ਚ ਬੋਲ ਰਹੇ ਪਰਵਕਤੇ ਕਾਪੀਰਾਇਟ ਨਾਲ ਸੰਬਧਤ ਵਖ ਵਖ ਕਿਤਿਆਂ 'ਚੋ ਪ੍ਰਤੀਨਿਧਤਾ ਕਰਦਿਆਂ ਆਪੋ-ਆਪਣੀਆਂ ਸਮਸਿਆਵਾਂ ਸਰੋਤਿਆਂ ਮੁਹਰੇ ਰਖ ਰਹੇ ਸਨ. ਦੇਸ਼ ਦੀ ਸੁਰਖਿਆ ਦੇ ਯੰਤਰਾਂ ਦੀ ਮਹਿਫੂਜ਼ੀ ਰਖਣ ਵਾਲੇ ਲੋਕ, ਵਧੇਰੇ ਕਰਕੇ ਡਿਜ਼ੀਟਲ ਸਮਸਿਆਵਾਂ ਨਾਲ ਸੰਬੰਧਤ ਗੱਲਾਂ ਕਰ ਰਹੇ ਸਨ. ਫਿਲਮਾਂ ਵਾਲੇ ਫਿਲਮ ਪਾਇਰੇਸੀ ਦੀ ਤੇ ਸੰਗੀਤ ਵਾਲੇ ਸੰਗੀਤ ਪਾਇਰੇਸੀ ਦੀ. ਮੈਂ ਪ੍ਰਕਾਸ਼ਕਾਂ ਤੇ ਕਿਤਾਬਾਂ ਦੀ ਤੇ ਡਿਜ਼ਾਇਨਰ ਡਿਜ਼ਾਇਨ ਦੀ. ਖੂਬ ਬਹਿਸ ਚੱਲ ਰਹੀ ਸੀ। ਦਿੱਲੀ ਦੇ ਵਿਗਿਆਨ ਭਵਨ ਅੰਦਰ ਇਕ ਹਾਲ ਵਿਚ ਇਹ ਗੱਲ-ਬਾਤ ਹੋ ਰਹੀ ਸੀ. ਸਰਮਾਏਦਾਰੀ ਨਿਜ਼ਾਮ ਵਲੋਂ ਅਚਾਨਕ ਹੁਣ ਕਾਪੀਰਾਇਟ ਬਾਰੇ ਬਹੁਤ ਚਿੰਤਾ ਜਤਾਈ ਜਾ ਰਹੀ ਸੀ. ਭਾਰਤ ਵਰਗੇ ਦੇਸ਼ ਜਿਥੇ ਵਿਦਿਆ ਹਮੇਸ਼ਾਂ ਦਾਨ ਕੀਤੀ ਜਾਂਦੀ ਰਹੀ ਹੈ, ਉਥੇ ਹੁਣ ਕਲਮ ਤੇ ਵਿਚਾਰ ਨੂੰ ਵੀ ਕਿੱਤੇ ਦੀ ਸ਼੍ਰੇਣੀ ਵਿਚ ਦਰਜ ਕਰਨ ਦੀ ਤਿਆਰੀ ਸੀ. ਹੋਵੇ ਵੀ ਕਿਉਂ ਨਾ? ਸਿਰਜਣਹਾਰਾ ਭਰਪੂਰ ਮਿਹਨਤ ਕਰ ਕੇ ਹੀ ਤਾਂ ਕੁਝ ਸਿਰਜਣ ਕਰਦਾ, ਪਰ ਬਦਲੇ ਵਿਚ ਉਸ ਨੂੰ ਮਿਲਦਾ ਕੀ ਹੈ? ਮੇਰੇ ਲਈ ਇਹੀ ਵੱਡਾ ਮਸਲਾ ਸੀ. ਪਰ ਅੰਦਰ-ਖਾਤੇ ਇਸ ਸਭ ਕੁਝ ਬਾਰੇ ਬਹੁਤ ਗੰਭੀਰ ਵਿਚਾਰ ਸੀ. ਮੈਂ ਬਹੁਤੇ ਲੋਕਾਂ ਨੂੰ ਇਹ ਵੀ ਕਹਿੰਦਿਆਂ ਸੁਣਿਆ ਕਿ "ਇਹ ਸਰਮਾਏਦਾਰੀ ਦੀ ਚਾਲ ਹੈ...ਪਹਿਲਾਂ ਸੰਸਾਰ ਦੇ ਸਾਧਨਾਂ 'ਤੇ ਕਾਬੂ ਪਾ ਲਿਆ ਤੇ ਹੁਣ 'ਬੁਧੀਜੀਵੀ ਸਰਮਾਏ' ਤੇ ਕਾਬੂ ਪਾਉਣ ਦੇ ਪ੍ਰਬੰਧ ਹਨ !"

ਯੂਰਪੀਅਨ ਦੇਸ਼ਾਂ ਦੇ ਸਿਰਜਣਹਾਰਿਆਂ ਦੀਆਂ ਕ੍ਰਿਤੀਆਂ ਭਾਰਤ ਵਰਗੇ ਦੇਸ਼ਾਂ 'ਚ ਬਗੇਰ ਲਾਇਸੈਂਸ ਲਏ ਕਈ ਤਰ੍ਹਾਂ ਦੇ ਕਬਾੜੀਏ ਨਕਲੀ-ਪ੍ਰਾਡਕਟ ਬਣਾ ਮਾਰਕੀਟ ਵਿਚ ਵੇਚੀ ਜਾ ਰਹੇ ਸਨ. ਕਿਤਾਬਾਂ ਦਾ ਤਾਂ ਬੁਰਾ ਹਾਲ ਸੀ. ਬਹੁਤ ਲੋਕ ਅਸਲ ਕਿਤਾਬਾਂ ਦੀਆਂ ਫੋਟੋ-ਕਾਪੀਆਂ ਹੀ ਕਰ-ਕਰ ਹੀ ਵੇਚੀ ਜਾ ਰਹੇ ਸਨ. ਭਾਰਤ ਦੀ ਹਰ ਯੂਨੀਵਰਸਿਟੀ ਮੁਹਰੇ ਫੋਟੋ-ਕਾਪੀ ਆਂ ਕਰਨ ਵਾਲੀਆਂ ਦੁਕਾਨਾਂ ਖੁਲੀਆਂ ਹੋਈਆਂ ਸਨ. ਇਸ ਤਰਾਂ ਨਕਲੀ ਕਾਰੋਬਾਰ ਧੜਾ-ਧੜ ਹੋ ਰਿਹਾ ਸੀ. ਇਸ ਦਾ ਇਕ ਮੁਖ ਕਰਨ ਵੀ ਇਹੀ ਕਿਹਾ ਜਾ ਰਿਹਾ ਸੀ ਕੀ ਇਕ ਤਾਂ ਵਿਲਾਇਤੀ ਕਿਤਾਬਾਂ ਬਹੁਤ ਮਹਿੰਗੀਆਂ ਹਨ ਤੇ ਨਾਲੇ ਠੀਕ ਤਰ੍ਹਾਂ ਉਪਲਬਧ ਵੀ ਨਹੀਂ. ਪੁਲਿਸ ਇਸ ਕਰਕੇ ਕੁਝ ਨਹੀਂ ਸੀ ਕਹਿੰਦੀ ਕਿ ਵਿਦਿਆਰਥੀਆਂ ਨੂੰ ਕਿਤਾਬਾਂ ਤਾਂ ਸਸਤੀਆਂ ਮਿਲ ਰਹੀਆਂ ਸਨ।

ਸਰਮਾਏਦਾਰੀ ਨਿਜ਼ਾਮ ਇਸ ਮਸਲੇ 'ਤੇ ਲਗਪਗ ਇਕ ਸਦੀ ਤੋਂ ਵਧ ਸਮੇਂ ਤੋਂ ਇਸ ਸਮਸਿਆ ਦੇ ਹਲ ਲਈ ਯਤਨਸ਼ੀਲ ਸੀ. ਕਾਪਿਰਾਇਟ੍ਸ ਨਾਲ ਸੰਬੰਧਤ ਪੇਰਿਸ ਕੰਨ-ਵੈਂਸ਼ਨ, ਤੇ ਮਗਰੋਂ ਬਰਨ ਕੰਨਵੈਂਸ਼ਨ ਇਸੇ ਯਤਨ ਦਾ ਹਿੱਸਾ ਸਨ. ਹੁਣ ਤੀਕ ਲਗਪਗ ਦੁਨੀਆਂ ਦੇ ਸਾਰੇ ਦੇਸ਼ ਇਸ ਸੰਸਥਾ ਨਾਲ ਕਾਪੀਰਾਇਟ ਜ਼ਾਬਤੇ ਦੇ ਨਕਸ਼ੇ ਹੇਠ ਮੁਆਇਦੇ ਕਰ ਚੁਕੇ ਸਨ. ਇਥੇ ਇਹ ਦੱਸਣਾ ਸੀ ਕਿ ਦੁਨੀਆਂ ਭਰ ਵਿਚ ਮੌਲਿਕ ਕਿਰਤ ਦੀ ਹੋਈ ਵਰਤੋਂ ਦੇ ਇਵਜ਼ ਵਿਚ ਇਕਠੀ ਕੀਤੀ ਗਈ ਰਾਇਲਟੀ ਉਸ ਦੇ ਹਕਦਾਰ ਨੂੰ ਕਿਵੇਂ ਪਹੁੰਚਾਉਣੀ ਹੈ. ਇਸ ਕਰਕੇ ਅੰਤਰਰਾਸ਼ਟਰੀ ਰਿਪ੍ਰੋਡਕਸ਼ਨ ਰਾਈਟਸ ਆਰਗੇਨਾਈਜ਼ੇਸ਼ਨਜ਼ ਵਲੋਂ ਹਰ ਦੇਸ਼ ਵਿਚ ਚਾਰ ਚਾਰ ਸੰਸਥਾਵਾਂ ਬਣਾਈਆਂ ਜਾ ਰਹੀਆਂ ਸਨ. ਤੇ ਭਾਰਤ ਵਿਚ ਵੀ ਇਹ ਹੋਂਦ ਵਿਚ ਆ ਚੁਕੀਆਂ ਹਨ. ਇਹਨਾਂ ਸੰਸਥਾਵਾਂ ਨੇ ਕਿਤਾਬਾਂ, ਸੰਗੀਤ, ਫਿਲਮਾਂ ਤੇ ਸ਼ਾਇਦ ਸੁਰਖਿਆ ਨਾਲ ਸੰਬੰਧਤ ਮਾਮਲਿਆਂ 'ਚ ਕਰਤਾ ਦੇ ਹੱਕਾਂ ਦੀ ਰਾਖੀ ਕਰਨੀ ਹੈ. ਦੁਨੀਆਂ ਭਰ ਵਿਚ ਕਿਸੇ ਵੀ ਕਿਰਤ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਸੰਸਥਾ ਨਾਲ ਮੁਆਇਦਾ ਕਰਨਾ ਜਰੂਰੀ ਹੋਣਾ ਸੀ ਤਾਂਕਿ ਦੁਨੀਆਂ ਭਰ ਵਿਚੋਂ ਪਾਇਰੇਸੀ ਰੋਕੀ ਜਾ ਸਕੇ ਤੇ ਕਰਤਾ ਦੇ ਹੱਕਾਂ ਦੀ ਰਾਖੀ ਹੋ ਸਕੇ. ਇਸ ਪ੍ਰਬੰਧ ਰਾਹੀਂ ਦੁਨੀਆਂ ਭਰ ਵਿਚ ਕੋਈ ਵੀ ਤੇ ਕਿਤੇ ਵੀ ਕਿਸੇ ਕਿਰਤ ਦੀ ਵਰਤੋਂ ਕਰਨ ਵੇਲੇ ਇਸ ਸੰਸਥਾ ਨੂੰ ਮੁਆਇਦੇ ਮੁਤਾਬਕ ਰਾਇਲਟੀ ਅਦਾ ਕਰੇਗਾ ਤੇ ਉਹ ਪੈਸਾ ਹੈਡਕੁਆਟਰ ਰਾਹੀਂ ਭਾਰਤ ਦੀ ਸੰਸਥਾ ਕੋਲ ਜਾਵੇਗਾ ਤੇ ਉਹ ਸੰਸਥਾ ਅਗੇ ਕਰਤਾ ਜਾਂ ਉਸ ਦੇ ਵਾਰਿਸ ਨੂੰ ਅਦਾ ਕਰੇਗੀ. ਇਸ ਸੰਸਥਾ ਨੂੰ ਬਾਕਾਇਦਾ ਆਪਣੀ ਸਰਕਾਰ ਤੋਂ ਮਨਜੂਰੀ ਲੈ ਰਜਿਸਟਰ ਕਰਾਉਣਾ ਪਵੇਗਾ ਤੇ ਈਸ ਤਰ੍ਹਾਂ ਇਹ ਪੈਸਾ ਲੇਖਕKਕਲਾਕਾਰ ਜਾਂ ਉਸ ਦੇ ਵਾਰਿਸ ਪਹੁੰਚਣਾ ਦੇ ਪ੍ਰਬੰਧ ਬਾਰੇ ਚੇਤੰਨ ਕਰਵਾਇਆ ਜਾਣਾ ਸੀ।

ਅੱਜ ਦੇ ਸੇਮਿਨਾਰ ਰਾਹੀਂ ਜਾਣਕਾਰੀ ਇਹ ਦਿੱਤੀ ਜਾਣੀ ਸੀ ਕਿ ਭਾਰਤ ਵਿਚ ਚਾਰ ਆਰ. ਆਰ. ਓ.(ਰਿਪ੍ਰੋਡਕਸ਼ਨ ਰਾਈਟਸ ਔਰਗੇਨਾਈਜੇਸ਼ਨ) ਬਣਾ ਦਿਤੀਆਂ ਗਈਆਂ ਸਨ. ਹੁਣ ਦੁਨੀਆਂ ਭਰ ਵਿਚ ਕਿਸੇ ਵੀ ਕਿਰਤ ਦੀ ਰਿਪ੍ਰੋਡਕਸ਼ਨ ਕਰਨੀ ਹੋਵੇ ਤਾਂ ਆਪੋ-ਆਪਣੇ ਦੇਸ਼ 'ਚ ਬਣੀ ਸੰਬੰਧਤ ਸੰਸਥਾ ਤੋਂ ਆਗਿਆ ਲੈ ਕੇ ਹੀ ਕੀਤੀ ਜਾ ਸਕਦੀ ਸੀ. ਫ਼ੋਟੋ-ਕਾਪੀ, ਕਾਰੋਬਾਰੀ ਅਦਾਰਿਆਂ, ਕਲੱਬਾਂ, ਰੇਸਟੋਰੈਨਤਾਂ 'ਚ ਗੀਤ ਦਾ ਕੋਈ ਰਿਕਾਰਡ ਤਕ ਵਜਾਉਣਾ ਹੋਵੇ ਤਾਂ ਇਸ ਸੰਸਥਾ ਤੋਂ ਆਗਿਆ ਲੈਣੀ ਜ਼ਰੂਰੀ ਸੀ, ਜਿਸ ਦੇ ਬਦਲੇ ਵਿਚ ਇਸ ਸੰਸਥਾ ਨੂੰ ਕੁਝ ਮਾਮੂਲੀ ਫੀਸ ਦੇਣੀ ਪੈਣੀ ਸੀ।

ਇਸੇ ਕਰਕੇ ਇਹ ਵਾਇਪੋ (ਵਰਲਡ ਇੰਟਲੈਕਚੁਅਲ ਪ੍ਰੋਪਰਟੀ ਰਾਈਟਸ ਆਰਗੇਨਾਈਜ਼ੇਸ਼ਨ) ਦੇ ਖਰਚੇ ਤੇ ਉਸੇ ਦੇ ਝੰਡੇ ਹੇਠ ਇਸ ਵਿਸ਼ੇ ਨੂੰ ਲੈ ਕੇ ਵਿਗਿਆਨ ਭਵਨ ਵਿਚ ਇਹ ਗੱਲਬਾਤ ਇਕ ਸੈਮੀਨਾਰ ਦੀ ਸ਼ਕਲ ਵਿਚ ਹੋ ਰਹੀ ਸੀ।

ਇਸੇ ਸੈਮੀਨਾਰ ਵਿਚ ਬੰਬਈ ਤੋਂ ਆਏ ਮਿਊਜ਼ਕ ਇੰਡਸਟਰੀ ਵਲੋਂ ਬਣਾਈ ਇਸ ਅੰਤਰਰਾਸ਼ਟਰੀ ਸੰਸਥਾ ਦੀ ਬਰਾਂਚ ਦੇ ਪ੍ਰਤਿਨਿਧ ਰਵੀਕ ਟੰਡਨ ਆਪਣੀ ਗੱਲ ਸੁਣਾ ਰਹੇ ਸਨ। ਹੋਰ ਸਪੀਕਰਾਂ ਬਾਅਦ ਮੈਂ ਜਦ ਮਿਊਜ਼ਿਕ ਇੰਡਸਟਰੀ ਦੇ ਪ੍ਰਤਿਨਿਧ ਰਵੀਕ ਟੰਡਨ ਦੀ ਗੱਲ ਸੁਣੀ ਤਾਂ ਮੇਰੀ ਤ੍ਰਾਹ ਨਿਕਲ ਗਈ।

ਜੋ ਉਨ੍ਹਾਂ ਸੰਗੀਤ ਦੀ ਦੁਨੀਆਂ ਬਾਰੇ ਦੱਸਿਆ ਉਹ ਦਿਲ ਹਿਲਾ ਦੇਣ ਵਾਲਾ ਸੀ. ਉਨ੍ਹਾਂ ਕਈ ਗੱਲਾਂ ਹੋਰ ਵੀ ਸੁਣਾਈਆਂ. ਪਰ ਇਕ ਦਿੱਲ ਟੁੰਬਵੀ ਗੱਲ ਮਹਾਂ ਸੰਗੀਤਕਾਰ ਖੇਮ ਚੰਦ ਬਾਰੇ ਸੁਣਾਈ. ਉਸ ਬਾਰੇ ਪੂਰੀ ਗੱਲ ਸੁਨ ਸਕਣ ਦੀ ਸਮਰਥਾ ਹੀ ਮੁਕ ਗਈ. ਮੈਂ ਉਠ ਕੇ ਬਾਹਰ ਆ ਗਿਆ. ਖੇਮ ਚੰਦ ਬਾਰੇ ਸੋਚ ਕੇ ਪਰੇਸ਼ਾਨ ਹੋਣ ਲੱਗਾ।

ਰਾਜਸਥਾਨ ਦੇ ਸੂਰਜਗੜ੍ਹ ਵਿਚ ਸੰਗੀਤਕਾਰ ਗੋਵਰਧਨ ਪ੍ਰਕਾਸ਼ ਦੇ ਘਰ 1907 ਵਿਚ ਪੈਦਾ ਹੋਏ ਖੇਮ ਚੰਦ ਨੇ ਪਹਿਲਾਂ ਜੈਪੁਰ ਦੇ ਮਹਾਰਾਜੇ ਦੇ ਦਰਬਾਰ ਵਿਚ ਆਪਣੇ ਸੰਗੀਤ ਦੀਆਂ ਧੁੰਮਾਂ ਪਾਈਆਂ ਤੇ ਫਿਰ ਕਲਕੱਤਾ ਦੀ ਫਿਲਮ ਨਗਰੀ ਤੇ ਅਖੀਰ ਬੰਬਈ ਵਿਚ ਆਪਣੀ ਕਲਾ ਖਿਲਾਰ ਦਿੱਤੀ. ਮਸ਼ਹੂਰ ਸੰਗੀਤਕਾਰ ਨੌਸ਼ਾਦ ਵਰਗੇ ਉਦੋਂ ਉਹਨਾਂ ਦੇ ਸਹਾਇਕ ਹੁੰਦੇ ਸਨ. ਬੇਸ਼ੁਮਾਰ ਫਿਲਮਾਂ ਲਈ ਸੰਗੀਤ ਦੇਣ ਤੇ ਸੰਗੀਤ ਦੇ ਇਤਿਹਾਸ ਵਿਚ ਆਪਣਾ ਨਾਂਅ ਸੁਨਹਿਰੀ ਅਖਰਾਂ 'ਚ ਲਿਖਾਉਣ ਵਾਲੇ ਖੇਮ ਚੰਦ ਨੇ ਜਦੋਂ ਹਿੰਦੁਸਤਾਨ ਦੀ ਇਕ ਬਿਹਤਰੀਨ ਫਿਲਮ "ਮਹਿਲ" ਲਈ ਇਕ ਯਾਦਗਾਰ ਗੀਤ "ਆਏਗਾ....ਆਏਗਾ ਆਨੇ ਵਾਲਾ !" ਤਿਆਰ ਕੀਤਾ ਤਾਂ ਹਾਲੇ ਫਿਲਮ ਰਿਲੀਜ਼ ਵੀ ਨਹੀਂ ਸੀ ਹੋਈ ਕਿ ਉਹ ਖੁਦ ਦੁਨੀਆਂ ਛੱਡ ਕੇ ਤੁਰ ਗਏ।

ਟੰਡਨ ਦੱਸ ਰਿਹਾ ਸੀ ਕਿ ਅੰਤਰ-ਰਾਸ਼ਟਰੀ ਰੀਪ੍ਰੋਡਕਸ਼ਨ ਰਾਈਟਸ ਨੂੰ ਕੰਟ੍ਰੋਲ ਕਰਨ ਵਾਲੇ ਯੂਰਪੀਅਨ ਹੈਡ-ਕੁਆਰਟਰ ਨੇ ਜਦੋਂ ਬੰਬਈ ਵਿਚ ਭਾਰਤੀ ਬ੍ਰਾਂਚ ਨੂੰ ਇਸ ਗੀਤ ਦੇ ਬੀ.ਬੀ.ਸੀ. ਰੇਡੀਓ ਤੇ ਹੋਰ ਥਾਵਾਂ 'ਤੇ ਕੀਤੇ ਇਸਤੇਮਾਲ ਵਜੋਂ ਇਸ ਰਿਕਾਰਡ ਨੂੰ ਮਿਲੀ ਰਾਇਲਟੀ ਦਾ ਪੈਸਾ ਭੇਜਿਆ ਤਾਂ ਇਹ ਕਰੀਬ ਚੌਦਾਂ ਕੁ ਹਜ਼ਾਰ ਰੁਪੈ ਸਨ. ਜਦ ਉਹ ਪੈਸਾ ਮਿਲਿਆ ਤਾਂ ਉਹ ਖੇਮ ਚੰਦ ਦਾ ਪਤਾ ਕਰਨ ਨਿਕਲਿਆ. ਪਹਿਲਾਂ ਉਸ ਨੂੰ ਪਤਾ ਲੱਗਾ ਕਿ ਖੇਮ ਚੰਦ ਤਾਂ ਇਸ ਗੀਤ ਵਾਲੀ ਫਿਲਮ "ਮਹਲ" ਰਿਲੀਜ਼ ਹੋਣ ਤੋਂ ਪਹਿਲਾਂ ਹੀ ਪ੍ਰਲੋਕ ਸਿਧਾਰ ਗਿਆ ਸੀ. ਸ਼ਰਾਬ ਪੀ-ਪੀ ਕੇ ਉਸ ਨੂੰ ਲੀਵਰ-ਸ੍ਰੌਸਿਸ ਹੋ ਗਿਆ ਸੀ ਤੇ ਇਸੇ ਕਰਕੇ ਹਾਈ ਬ੍ਲਡ-ਪ੍ਰੇਸ਼ਰ ਰਹਿਣ ਲਗ ਪਿਆ ਸੀ. ਇਹੀ ਕਾਰਨ ਸੀ ਕਿ ਛੋਟੀ ਜਿਹੀ ਉਮਰ ਵਿਚ ਹੀ ਉਸ ਨੂੰ ਮੌਤ ਨੇ ਆਣ ਘੇਰਿਆ ਸੀ. ਪਰ ਟੰਡਨ ਨੇ ਦੱਸਿਆ ਕਿ ਇਹ ਪੈਸੇ ਉਸ ਤਕ ਪਹੁੰਚਾਉਣੇ ਉਸ ਦਾ ਮੋਲਿਕ ਫਰਜ਼ ਵੀ ਸੀ ਤੇ ਇਛਾ ਵੀ. ਸੋ ਉਸ ਨੇ ਖੇਮ ਚੰਦ ਦੇ ਵਾਰਸਾਂ ਦਾ ਪਤਾ ਲਗਾਉਣਾ ਸ਼ੁਰੂ ਕੀਤਾ. ਅਖੀਰ ਪਤਾ ਲੱਗਾ ਕੀ ਉਸ ਦੀ ਪਤਨੀ ਹਾਲੇ ਜੀਵਤ ਹੈ. ਪਰ ਟੰਡਨ ਉਸ ਦੀ ਪਤਨੀ ਨੂੰ ਪਹਿਚਾਣਦਾ ਨਹੀਂ ਸੀ. ਉਸ ਨੇ ਖੇਮ ਚੰਦ ਦੀ ਉਮਰ ਦੇ ਕੁਝ ਲੋਕਾਂ ਨਾਲ ਲੈ ਖੇਮ ਚੰਦ ਦੀ ਪਤਨੀ ਦੀ ਭਾਲ ਕੀਤੀ ਤਾਂ ਅਖੀਰ ਉਹਨਾਂ ਨੂੰ ਉਹ ਬੰਬਈ ਦੇ ਮਾਤੂੰਗਾ ਰੇਲਵੇ ਸਟੇਸ਼ਨ ਦੇ ਬਾਹਰ ਖੜੀ ਭੀਖ ਮੰਗਦੀ ਮਿਲੀ. ਉਸ ਨੂੰ ਇਸ ਹਾਲਤ ਵਿਚ ਦੇਖ ਟੰਡਨ ਦੀ ਤ੍ਰਾਹ ਹੀ ਨਿਕਲ ਗਈ।

ਉਹ ਕਾਫੀ ਦੇਰ ਦੂਰ ਖੜ੍ਹ ਹਿੰਮਤ ਜੁਟਾਉਂਦਾ ਰਿਹਾ ਤੇ ਅਖੀਰ ਜਦ ਉਸ ਨੇ ਖੇਮ ਚੰਦ ਦੀ ਪਤਨੀ ਨੂੰ ਇਹ ਕਿਹਾ ਕਿ "ਖੇਮ ਚੰਦ ਲਈ ਉਸ ਨੂੰ ਚੌਦਾਂ ਹਜ਼ਾਰ ਰੁਪੈ ਉਸ ਦੀ ਰਾਇਲਟੀ ਦੇ ਮਿਲੇ ਹਨ ਜੋ ਉਹ ਦੇਣ ਆਇਆ !" ਤਾਂ ਉਸ ਦੀਆਂ ਅਖਾਂ ਵਿਚ ਇਕ ਅਜੀਬੋ-ਗਰੀਬ ਚਮਕ ਪੈਦਾ ਹੋਈ ਜੋ ਦੇਖਣ ਵਾਲੀ ਸੀ, "ਮੈਂ ਤਾਂ ਸੋਚਿਆ ਸੀ ਕੀ ਮੇਰਾ ਪਤੀ ਮਰ ਗਿਆ ਪਰ ਅੱਜ ਪਤਾ ਲੱਗਾ ਕੀ ਉਹ ਹਾਲੇ ਵੀ ਜ਼ਿੰਦਾ ਹੈ!" ਉਹ ਉਚੀ-ਉਚੀ ਲੇਰਾਂ ਮਾਰ ਰੋਣ ਲੱਗ ਪਈ।

ਅਖੀਰ ਟੰਡਨ ਤੇ ਖੇਮ ਚੰਦ ਦੇ ਵਾਕ੍ਫਾਂ ਉਸ ਨੂੰ ਦਿਲਾਸਾ ਦਿੱਤਾ ਤੇ ਚੁੱਪ ਕਰਾਇਆ।

ਜਦੋਂ ਟੰਡਨ ਇਹ ਸਭ ਕੁਛ ਦੱਸ ਰਿਹਾ ਸੀ ਤਾਂ ਮੈਂ ਆਪਣੀਆਂ ਭੁੱਬਾਂ ਸੰਭਾਲਦਾ ਹਾਲ 'ਚੋ ਬਾਹਰ ਆ ਗਿਆ. ਬਹੁਤ ਰੋਇਆ ਸਾਂ ਓਸ ਵੇਲੇ ਮੈਂ ਬਾਹਰ ਆਕੇ. ਅੰਦਰੋਂ ਅਜੀਬ ਸਥਿਤੀ ਹੋ ਗਈ ਸੀ ਮੇਰੀ ਉਸ ਵੇਲੇ ਸਾਰਾ ਕੁਝ ਦੇਖ-ਮਹਿਸੂਸ ਕਰਕੇ ਦਹਿਲ ਗਿਆ ਸੀ ਮੈਂ. ਬਾਹਰ ਆ ਇਕ ਪਾਸੇ ਪਥਰ 'ਤੇ ਬੈਠ ਆਪਣੇ-ਆਪ ਨੂੰ ਪੁਛ ਰਿਹਾ ਸੀ ਕਿ ਕਿਹੋ ਜਿਹੇ ਲੋਕ ਹੁੰਦੇ ਨੇ ਇਹ ਸਿਰਜਣਹਾਰੇ ?...ਜਦੋਂ ਖੇਮ ਚੰਦ ਜਿਉਂਦਾ ਹੋਵੇਗਾ ਕਿਹੋ ਜਿਹਾ ਮਾਹੋਲ ਹੋਵੇਗਾ ਉਸ ਦਾ ਇਸ ਜਮੀਨ 'ਤੇ? ਮਹਿਫਲਾਂ ਲਗਦੀਆਂ ਹੋਣਗੀਆਂ...ਜਸ਼ਨ ਚਲਦੇ ਹੋਣਗੇ...ਬੁਲੰਦ ਲੋਕ ਉਸ ਦਾ ਹੁੱਕਾ ਭਰਦੇ ਹੋਣਗੇ?... ਲੋਗ ਉਸ ਦੇ ਆਸੇ-ਪਾਸੇ ਫਿਰਦੇ ਹੋਣਗੇ. ਖੇਮ ਚੰਦ ਆਪਣੀ ਪਤਨੀ ਨਾਲ ਖੁਸ਼ੀਆਂ ਦੀ ਇੰਤਹਾ ਤੀਕ ਕਿਵੇਂ ਪਹੁੰਚਦਾ ਹੋਵੇਗਾ ? ਬਾਅਦ ਇਹ ਵੀ ਪਤਾ ਲਗਾ ਕੀ ਅੰਤਰਰਾਸ਼ਟਰੀ ਖਿਆਤੀ ਪ੍ਰਾਪਤ ਕਰਨ ਵਾਲੇ ਨੌਸ਼ਾਦ ਵੀ ਉਹਨਾਂ ਹੇਠ ਕੰਮ ਕਰਦੇ ਸਨ।

ਫਿਰ ਮੈਨੂੰ ਲੱਗਾ ਖੇਮ ਚੰਦ ਦੀ ਪਤਨੀ ਹੁਣ ਉਸ ਦ ਾ
ਸਿਆਪਾ ਕਰਦੀ ਇਹ ਕਹਿ ਰਹੀ ਹੋਵੇਗੀ, "ਮਰ ਗਿਆ ਸੀ ਮੇਰਾ ਕੰਜਰ!... ਛੱਡ ਗਿਆ ਸੀ ਮੈਨੂੰ ਇਹਨਾਂ ਭੇੜੀਏ ਲੋਕਾਂ ਕੋਲ. ਕੋਈ ਨਹੀਂ ਬਹੁੜਿਆ ਉਹਦੇ ਜਾਣ ਤੋਂ ਬਾਦ. ਜੋ ਵੀ ਆਉਂਦਾ ਮੇਰੇ ਹੁਸਨ 'ਤੇ ਮੂੰਹੋਂ ਲਾਲ੍ਹਾਂ ਚੁਆਉਂਦਾ ਹੀ ਆਉਂਦਾ। ਨੋਚ ਨੋਚ ਕੇ ਖਾ ਲਿਆ ਇਹਨਾਂ ਕੁੱਤਿਆਂ ਨੇ।"


ਇਸ ਦਰਖਤ ਦੇ ਥੜ੍ਹੇ 'ਤੇ ਬੈਠਾ ਮੈਂ ਅਫ੍ਸੋਸਿਆ ਜਿਹਾ ਸੋਚਦਾ ਰਿਹਾ. ਮੈਨੂੰ ਲੱਗ ਰਿਹਾ ਸੀ ਕਿ ਸਿਰਜਣਹਾਰਾ ਤਾਂ ਸੰਵੇਦਨਸ਼ੀਲ ਹੁੰਦਾ ਹੀ ਹੈ, ਨਹੀਂ ਤਾਂ ਉਹ ਸਿਰਜਣ ਕਰ ਹੀ ਨਹੀਂ ਸਕਦਾ. ਪਰ ਉਸ ਦੀ ਅਸਹਿਨਸ਼ੀਲਤਾ ਦੀ ਸਜ਼ਾ ਉਸ ਦੇ ਪਰਿਵਾਰ ਨੂੰ ਕਿਉਂ ਮਿਲਦੀ ਹੈ? ...ਬੇਸ਼ੁਮਾਰ ਸਿਰਜਣਹਾਰੇ ਮੇਰੀਆਂ ਅੱਖਾਂ ਮੂਹਰਿਓ ਇਕ ਲੰਬੀ ਫਿਲਮ ਵਾਂਗ ਲੰਘਣੇ ਸ਼ੁਰੂ ਹੋ ਗਏ. ਕਦੇ ਉਰਦੂ ਦੇ ਅਜ਼ੀਮ ਸ਼ਾਇਰ ਅਸਦ-ਉੱਲਾ-ਗਾਲਿਬ ਤੇ ਕਦੇ ਫਿਲਮ-ਮੇਕਰ ਗੁਰੂ ਦੱਤ. ਕਦੇ ਪੰਜਾਬੀ ਦਾ ਹਰਮੰਨ ਪਿਆਰਾ ਸ਼ਾਇਰ ਨੰਦ ਲਾਲ ਨੂਰਪੁਰੀ ਤੇ ਕਦੇ ਉਰਦੂ ਦਾ ਸ਼ਾਇਰ ਸੁਦਰਸ਼ਨ ਫਾਕਿਰ. ਕਦੇ ਪੰਜਾਬੀ ਦਾ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਤੇ ਕਦੇ ਸੰਤਰਾਮ ਉਦਾਸੀ. ਕਦੇ ਉਰਦੂ ਦਾ ਅਫਸਾਨਾ ਨਿਗਰ ਸਆਦਤ ਹਸਨ ਮੰਟੋ ਤੇ ਕਦੇ ਮਾਸੂਮੀਅਤ ਦੀ ਮੂਰਤ ਪਾਕਿਸਤਾਨੀ ਸ਼ਾਇਰਾ ਸਾਰਾ ਸ਼ਗੁਫਤਾ. ਪਰ ਸਾਰੇ ਦੇ ਸਾਰੇ ਹੀ ਅੱਤਵਾਦੀ. ਸਾਰੇ ਹੀ ਮਸਲੇ ਦੀ ਅੱਤ ਤੀਕ ਪਹੁੰਚਣ ਦਾ ਹੀਆ ਰਖਣ ਵਾਲੇ ਲੋਕ. ਭਾਵੇਂ ਉਹ ਸਮਾਜ ਵਿਚਲੀ ਕੁਰੀਤੀ ਨੂੰ ਕੁਰੇਦ ਸਕਦੇ ਹੋਣ ਪਰ ਉਹਨਾਂ ਨੂੰ ਕਿਸ ਨੇ ਹੱਕ ਦਿੱਤਾ ਕਿ ਉਹ ਖੁਦ ਵਿਆਹ ਕਰ ਕੇ ਬਚੇ ਜੰਮਣ 'ਤੇ ਉਹਨਾਂ ਦੀ ਜਿੰਦਗੀ ਦਾਅ 'ਤੇ ਲਗਾ ਸਮਾਜਕ ਨਿਆਂ ਦੇ ਬਹਾਨੇ ਆਪਨੇ-ਆਪ ਨੂੰ ਖਤਮ ਕਰ ਲੈਣ? ਤੇ ਉਹਨਾਂ ਦੇ ਕਾਰਣ ਬੀਵੀ ਬਣੀ ਇਕ ਔਰਤ ਤੇ ਉਹਨਾਂ ਦੇ ਜਿਸਮਾਨੀ ਮਿਲਾਪ ਕਰਨ ਜਨਮੇਂ ਬੱਚੇ ਉਸੇ ਸਮਾਜ ਦੀਆਂ ਗਲੀਆਂ ਵਿਚ ਛੱਡ ਤੁਰਦੇ ਬਣਨ ?...

ਪਰ ਬਾਅਦ ਵਿਚ ਟੰਡਨ ਨੇ ਦੱਸਿਆ ਕੀ ਅਜਿਹਾ ਕੁਝ ਵੀ ਨਹੀਂ ਸੀ ਕਿਹਾ ਖੇਮ ਚੰਦ ਦੀ ਬੀਵੀ ਨੇ. ਉਸ ਨੇ ਤਾਂ ਉਹਨਾਂ ਮੁਹਰੇ ਬੱਸ ਇਕ ਲਿਲਕੜੀ ਹੀ ਕਢੀ ਸੀ, "ਮੈਨੂੰ ਉਸ ਦੇ ਪੇਸੇ ਨਹੀਂ ਚਾਹੀਦੇ... ਪਰ ਉਹਦੇ ਜਾਨ ਬਾਅਦ ਸਭ ਕੁਝ ਮੁੱਕ ਗਿਆ...ਹੁਣ ਮੇਰੇ ਕੋਲ ਰਾਤ ਨੂੰ ਸਾਉਣ ਲਈ ਛੱਤ ਵੀ ਨਹੀਂ...ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਸੌਂਦੀ ਹਾਂ...! ਇਹ ਭੇੜੀਏ ਮੈਨੂੰ ਉਥੇ ਵੀ ਇਕੱਲੀ ਔਰਤ ਸਮਝ ਚੈਨ ਨਾਲ ਸਉਣ ਨਹੀਂ ਦਿੰਦੇ...ਮੈਨੂੰ ਇਹਨਾਂ ਪੈਸਿਆਂ ਦੀ ਇਕ ਝੁੱਗੀ ਲੈ ਦਿਓ...ਮੇਰੀ ਸਿਰ ਢਕਣ ਦੀ ਠਾਹਰ ਬਣ ਜਾਵੇਗੀ...!"

ਟੰਡਨ ਨੇ ਦੱਸਿਆ ਕਿ ਉਹਨਾਂ ਖੇਮ ਚੰਦ ਦੀ ਪਤਨੀ ਨੂੰ ਓਹਨਾਂ ਪੈਸਿਆਂ ਵਿਚੋਂ ਦੱਸ ਹਜ਼ਾਰ ਰੁਪੈ ਦੀ ਇਕ ਝੁਗੀ ਲੈ ਦਿੱਤੀ ਤੇ ਬਾਕੀ ਪੈਸੇ ਨਾਲ ਘਰ ਦੀਆਂ ਹੋਰ ਲੋੜੀਂਦੀਆਂ ਚੀਜ਼ਾਂ ਲੈ ਦਿੱਤੀਆਂ...! ਤੇ ਹੁਣ ਉਹ ਸਾਰੇ ਮਿਲ ਕੇ ਇਹ ਇੰਤਜ਼ਾਮ ਕਰਦੇ ਹਨ ਕਿ ਖੇਮ ਚੰਦ ਦੇ ਰਿਕਾਰਡ ਇੰਨੇ ਕੁ ਜ਼ਰੂਰ ਵੱਜਣ ਕਿ ਰਾਇਲਟੀ ਵਜੋਂ ਮਿਲੇ ਉਹਨਾਂ ਪੈਸਿਆਂ ਨਾਲ ਉਸ ਦੀ ਪਤਨੀ ਦਾ ਚੁਲ੍ਹਾ ਬਲਦਾ ਰਹੇ।

**9 ਅਕਤੂਬਰ 'ਤੇ ਸ਼੍ਰੀ ਨਿਰਮਾਣ ਦਿਵਸ 'ਤੇ ਵਿਸ਼ੇਸ਼**

# ਦਲਿਤ ਰਾਜਨੀਤੀ ਦਾ ਪਿਤਾਮਾ- ਸਾਹਿਬ ਸ਼੍ਰੀ ਕਾਂਸ਼ੀ ਰਾਮ



ਕੁਲਵੰਤ ਸਿੰਘ ਟਿੱਬਾ (91-92179-71379)

ਕਾਂਸੀ ਰਾਮ ਵੀਹਵੀਂ ਸਦੀ ਦਾ ਉਹ ਮਹਾਨ ਰਾਜਨੇਤਾ ਹੈ, ਜਿਸਦੀ ਮਿਸਾਲ ਭਾਰਤ ਵਿੱਚ ਹੋਰ ਕਿਧਰੇ ਵੀ ਨਹੀਂ ਮਿਲਦੀ। ਜਾਤੀ ਅਧਾਰ ਤੇ ਤ੍ਰਿਸਕਾਰੇ, ਆਰਥਿਕ ਨਾ ਬਰਾਬਰੀ ਦਾ ਸੰਤਾਪ ਹੰਢਾ ਰਹੇ ਅਤੇ ਸਮਾਜਿਕ ਭੇਦਭਾਵ ਕਾਰਣ ਹਾਸ਼ੀਏ ਤੋਂ ਵੀ ਹੇਠਾਂ ਧੱਕੇ ਗਏ ਦਲਿਤ ਲੋਕਾਂ ਲਈ ਕਾਂਸੀ ਰਾਮ ਮਸੀਹਾ ਬਣ ਕੇ ਬਹੁੜਿਆ । ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ 1934 ਨੂੰ ਪਿਤਾ ਹਰੀ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਰੋਪੜ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਬੂੰਗਾ ਸਾਹਿਬ ਵਿਖੇ ਆਪਣੇ ਨਾਨਕੇ ਘਰ ਵਿਖੇ ਹੋਇਆ। ਉਂਵ ਸ਼੍ਰੀ ਕਾਂਸੀ ਰਾਮ ਜੀ ਦਾ ਪਿੰਡ ਖੁਆਸਪੁਰ ਜ਼ਿਲ੍ਹਾ ਰੋਪੜ ਹੈ। ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਅੰਬੇਡਕਰ ਦੇ ਅਚਾਨਕ ਅਕਾਲ ਚਲਾਣੇ ਤੋਂ ਬਾਅਦ ਦਲਿਤ ਸੰਘਰਸ਼ ਲੀਹੋਂ ਲਹਿ ਗਿਆ, ਮਨੂੰਵਾਦੀ ਸਾਜ਼ਿਸ਼ਾਂ ਅਤੇ ਸਰਕਾਰਾਂ ਦੀ ਬਦਨੀਅਤ ਕਾਰਣ ਡਾ. ਅੰਬੇਡਕਰ ਦਾ ਨਾਂ ਆਮ ਲੋਕਾਂ ਦੇ ਚੇਤਿਆਂ ਵਿੱਚ ਲਗਭਗ ਵਿਸਰ ਚੁੱਕਾ ਸੀ। ਅੰਬੇਡਕਰ ਅਤੇ ਉਸਦੀ ਵਿਚਾਰਧਾਰਾ ਵੀ ਬੁੱਧ ਧਰਮ ਵਾਂਗ ਹੌਲੀ ਹੌਲੀ ਨਿਗਲ ਲਈ ਗਈ ਸੀ ਪਰ ਐਨ ਮੌਕੇ ਤੇ ਕਾਂਸੀ ਰਾਮ ਨੇ ਦਲਿਤ ਲਹਿਰ ਵਿੱਚ ਆ ਚੁੱਕੀ ਖੜੋਤ ਨੂੰ ਤੋੜਿਆ। ਉਸਦਾ ਸੁਪਨਾ ਉੱਚ ਕੋਟੀ ਦਾ ਵਿਗਿਆਨੀ ਬਣਨਾ ਸੀ। ਬੀ. ਐੱਸ. ਸੀ. ਕਰਨ ਤੋਂ ਬਾਅਦ ਸ਼੍ਰੀ ਕਾਂਸ਼ੀ ਰਾਮ ਜੀ ਪੂਨੇ ਵਿਖੇ ਡੀ. ਆਰ. ਡੀ. ਓ. ਵਿੱਚ ਸਹਾਇਕ ਵਿਗਿਆਨੀ ਦੀ ਨੌਕਰੀ 'ਤੇ ਜਾ ਲੱਗੇ। ਇਸ ਦੌਰਾਨ ਹੀ ਉਨ੍ਹਾਂ ਦੀ ਮੰਗਣੀ ਬਲਾਚੌਰ ਦੇ ਕਾਂਗਰਸੀ ਵਿਧਾਇਕ ਮੂਲ਼ਾ ਸਿੰਘ ਦੀ ਪੁੱਤਰੀ ਨਾਲ਼ ਹੋ ਗਈ। ਨੌਕਰੀ ਦੌਰਾਨ ਦੀਨਾ ਭਾਨਾ ਨਾਂ ਦੇ ਵਿਅਕਤੀ ਨੇ ਕਾਂਸੀ ਰਾਮ ਨੂੰ ਡਾ. ਅੰਬੇਡਕਰ ਦੀ ਲਿਖੀ ਪੁਸਤਕ "ਜਾਤ ਪਾਤ ਦਾ ਬੀਜ ਨਾਸ" ਪੜਨ ਲਈ ਦਿੱਤੀ । ਇਸ ਪੁਸਤਕ ਨੂੰ ਪੜਨ ਉਪਰੰਤ ਕਾਂਸੀ ਰਾਮ ਦਾ ਜੀਵਨ ਹੀ ਬਦਲ ਗਿਆ। ਉਨ੍ਹਾਂ ਨੇ ਬਾਬਾ ਸਾਹਿਬ ਬਾਰੇ ਹੋਰ ਪੜ੍ਹਿਆ ਅਤੇ ਅੰਤ ਨੌਕਰੀ ਛੱਡ ਕੇ ਆਪਣਾ-ਆਪ ਦਲਿਤ ਸਮਾਜ ਨੂੰ ਸਮਰਪਿਤ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 24 ਪੰਨਿਆਂ ਦੇ ਇੱਕ ਖ਼ਤ ਰਾਹੀਂ ਆਪਣੇ ਪਰਿਵਾਰ ਨੂੰ ਦੱਸਿਆ ਕਿ ਅੱਜ ਤੋਂ ਬਾਅਦ ਮੇਰਾ ਤੁਹਾਡੇ ਨਾਲ ਕੋਈ ਰਿਸਤਾ ਨਹੀਂ, ਦਲਿਤ ਸਮਾਜ ਦੇ ਕਰੋੜਾਂ ਲੋਕ ਮੇਰਾ ਪਰਿਵਾਰ ਹਨ ਅਤੇ ਮੈਂ ਆਪਣੇ ਇਸ ਪਰਿਵਾਰ ਦੀ ਬਿਹਤਰੀ ਲਈ ਆਪਣਾ ਜੀਵਨ ਲਗਾ ਦੇਵਾਂਗਾ। ਉਨ੍ਹਾਂ ਨੇ ਆਪਣੀ ਮੰਗਣੀ ਤੋੜਨ ਬਾਰੇ ਆਪਣੀ ਮੰਗੇਤਰ ਨੂੰ ਵੀ ਕਹਿ ਦਿੱਤਾ। ਉਨ੍ਹਾਂ ਨੇ ਵਿਰੋਧੀਆਂ ਦੀ ਰਾਜਨੀਤੀ ਨੂੰ ਸਮਝਣ ਲਈ ਸੰਘ ਦੀਆਂ ਮੀਟਿੰਗਾਂ ਵਿੱਚ ਜਾਣਾ ਸ਼ੁਰੂ ਕੀਤਾ। ਸੋਹਣੀ ਸ਼ਕਲ-ਸੂਰਤ ਅਤੇ ਹਿੰਦੂ ਨਾਮ ਤੋਂ ਉਨ੍ਹਾਂ ਦੀ ਪਛਾਣ ਨਾ ਹੋ ਸਕੀ। ਜਦੋਂ ਤੱਕ ਪਛਾਣ ਹੋਈ, ਉਦੋਂ ਤੱਕ ਬਹੁਤ ਦੇਰ ਚੁੱਕੀ ਅਤੇ ਉਹ ਸਭ ਕੁੱਝ ਸਮਝ ਜਾਣ ਉਪਰੰਤ ਮੀਟਿੰਗਾਂ ਵਿੱਚ ਜਾਣਾ ਛੱਡ ਚੁੱਕੇ ਸਨ। ਕਾਂਸੀ ਰਾਮ ਨੇ ਪਹਿਲਾਂ ਖ਼ੁਦ ਅੰਬੇਡਕਰ ਵਿਚਾਰਧਾਰਾ ਦਾ ਚੰਗੀ ਤਰਾਂ ਅਧਿਐਨ ਕੀਤਾ ਅਤੇ ਇਸ ਪਿੱਛੋਂ ਸਮੁੱਚੇ ਭਾਰਤ ਵਿੱਚ ਅੰਬੇਡਕਰ ਦੀ ਸੋਚ ਪੈਰਾਂ ਸਿਰ ਕਰਨ ਦਾ ਤਹੱਈਆ ਕੀਤਾ। ਕੁਝ ਸਮਾਂ ਉਹ ਰਿਪਬਲਿਕਨ ਪਾਰਟੀ ਆਫ਼ ਇੰਡੀਆ ਨਾਲ਼ ਕੰਮ ਕਰਦੇ ਰਹੇ ਪਰ ਵਿਚਾਰਧਾਰਕ ਮਤਭੇਦ ਹੋਣ ਉਪਰੰਤ ਉਨ੍ਹਾਂ ਨੇ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਨੂੰ ਦੇਸ਼ ਵਿੱਚ ਫੈਲਾਉਣ ਲਈ ਉਨ੍ਹਾਂ ਨੇ 1971 ਵਿੱਚ ਪੂਨੇ ਵਿਖੇ ਐੱਸ.ਸੀ., ਐੱਸ.ਟੀ., ਓ.ਬੀ.ਸੀ. ਐਂਡ ਮਾਇਨਾਰਿਟੀ ਕਮਿਊਨਿਟੀ ਇੰਪਲਾਈਜ਼ ਐਸੋਸੀਏਸ਼ਨ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ 6 ਦਸੰਬਰ 1978 ਨੂੰ ਦਲਿਤ ਅਤੇ ਪਛੜੇ ਵਰਗ ਦੇ ਕਰਮਚਾਰੀਆਂ ਨੂੰ ਬਾਮਸੇਫ ਨਾਂਅ ਦੀ ਜਥੇਬੰਦੀ ਰਾਹੀਂ ਸੰਗਠਿਤ ਕੀਤਾ। 6 ਦਸੰਬਰ 1981 ਨੂੰ ਡੀ.ਐੱਸ.ਫੋਰ (ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ) ਦੀ ਸਥਾਪਨਾ ਕੀਤੀ। ਅੰਤ ਵਿੱਚ ਦਲਿਤ ਰਾਜਨੀਤੀ ਦਾ ਕੇਂਦਰ ਬਿੰਦੂ ਬਣ ਗਏ ਅਤੇ 14 ਅਪ੍ਰੈਲ 1984 ਨੂੰ ਰਾਜਨੀਤਕ ਧਿਰ ਬਹੁਜਨ ਸਮਾਜ ਪਾਰਟੀ ਦਾ ਗਠਨ ਕੀਤਾ ਗਿਆ। ਕਾਂਸੀ ਰਾਮ ਨੇ ਮਹਾਤਮਾ ਬੁੱਧ ਦੇ ਬੋਲ ਬਹੁਜਨ ਹਿਤਾਏ, ਬਹੁਜਨ ਸੁਖਾਏ ਦਾ ਨਾਅਰਾ ਮੁੜ ਸੁਰਜੀਤ ਕਰ ਦਿੱਤਾ, ਇੱਕ ਵਾਰ ਫਿਰ ਬਾਬਾ ਸਾਹਿਬ ਦਾ ਨਾਅਰਾ 'ਜੈ ਭੀਮ' ਲੋਕਾਂ ਦੀ ਜ਼ੁਬਾਨ 'ਤੇ ਆ ਗਿਆ। ਕਾਂਸੀ ਰਾਮ ਨੇ ਅਲਪ ਜਨ ਨੂੰ ਬਹੁਜਨ ਵਿੱਚ ਤਬਦੀਲ ਕਰਨ ਦਾ ਤਹੱਈਆ ਕਰ ਲਿਆ। ਸਧਾਰਨ ਪਰਿਵਾਰ ਵਿੱਚ ਪੈਦਾ ਹੋਏ ਕਾਂਸ਼ੀ ਰਾਮ ਨੇ ਦੇਸ ਦੀ ਰਾਜਨੀਤੀ ਵਿੱਚ ਇੱਕ ਨਵਾਂ ਅਧਿਆਇ ਲਿਖ ਦਿੱਤਾ, ਕਾਂਸੀ ਰਾਮ ਨੇ ਉਹ ਕ੍ਰਿਸ਼ਮਾ ਕਰ ਦਿਖਾਇਆ, ਜੋ ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ। ਦੋ ਡੰਗ ਦੀ ਰੋਟੀ ਤੋਂ ਮੁਹਤਾਜ ਦਲਿਤ ਲੋਕਾਂ ਦੇ ਮਨਾਂ ਵਿੱਚ ਰਾਜਭਾਗ ਤੇ ਕਾਬਜ਼ ਹੋਣ ਦੀ ਲਲਕ ਪੈਦਾ ਕਰ ਦਿੱਤੀ। ਭਾਰਤੀ ਰਾਜਨੀਤੀ ਵਿੱਚ ਇਹ ਕੋਈ ਸਧਾਰਨ ਘਟਨਾ ਨਹੀਂ ਸੀ। ਉਨ੍ਹਾਂ ਨੇ ਦਲਿਤ ਸਮਾਜ ਦਾ ਸਹੀ ਮਾਰਗ ਦਰਸ਼ਕ ਕਰਨ ਦੇ ਮੰਤਵ ਲਈ 'ਚਮਚਾ ਯੁੱਗ' ਨਾਂਅ ਦੀ ਕਿਤਾਬ ਵੀ ਲਿਖੀ ਅਤੇ ਦਿੱਲੀ ਤੋਂ ਇੱਕ ਹਫ਼ਤਾਵਾਰੀ ਹਿੰਦੀ ਅਖ਼ਬਾਰ 'ਬਹੁਜਨ ਸੰਗਠਕ' ਵੀ ਕੱਢਿਆ। ਮੁੱਢਲੇ ਸਮਿਆਂ ਦੌਰਾਨ ਉਹ ਖ਼ੁਦ ਜ਼ਿਆਦਾ ਸਮਾਂ ਸਾਈਕਲ 'ਤੇ ਹੀ ਸਵਾਰ ਹੋ ਕੇ ਪ੍ਰਚਾਰ ਕਰਦੇ ਰਹੇ। ਇੱਕ ਅੰਦਾਜ਼ੇ ਮੁਤਾਬਿਕ ਉਨ੍ਹਾਂ ਬਿਆਲ਼ੀ ਹਜ਼ਾਰ ਕਿਲੋਮੀਟਰ ਦਾ ਸਫ਼ਰ ਸਾਈਕਲ 'ਤੇ ਕੀਤਾ ਅਤੇ ਪ੍ਰਤੱਖਦਰਸੀਆਂ ਅਨੁਸਾਰ ਜ਼ਿਆਦਾ ਸਾਈਕਲ ਚਲਾਉਣ ਕਾਰਣ ਉਨ੍ਹਾਂ ਦੀ ਪਿੱਠ ਤੇ ਜ਼ਖਮ ਹੋ ਗਏ ਪਰ ਉਹ ਇਨ੍ਹਾਂ ਜ਼ਖ਼ਮਾਂ ਦੇ ਦਰਦ ਨੂੰ ਦਲਿਤ ਸਮਾਜ ਦੇ ਦਰਦ ਤੋਂ ਜ਼ਿਆਦਾ ਨਹੀਂ ਮੰਨਦੇ

(ਬਾਕੀ ਅਗਲੇ ਸਫੇ ਤੇ)

# ਸਾਫ-ਸੁਥਰੀ ਗਾਇਕੀ ਦਾ ਪਹਿਰੇਦਾਰ, 'ਪੱਗ ਤੇ ਸੂਟ' ਨਾਲ ਚਰਚਾ 'ਚ- ਵਿਸ਼ਵਜੀਤ



ਪ੍ਰੀਤਮ ਲੁਧਿਆਣਵੀ
+91-9876428641

ਗਾਇਕੀ ਖੇਤਰ ਵਿਚ ਹਿੱਕ ਦੇ ਜੋਰ ਨਾਲ ਗਾਇਕੀ-ਕਲਾ ਦੀ ਧਾਂਕ ਜਮਾਕੇ ਆਪਣਾ ਸਿਰਨਾਵਾਂ ਵਾਹੁਣ ਵਾਲੇ ਗਾਇਕਾਂ ਦੀ ਲੜੀ 'ਚ ਆਉਂਦਾ ਇਕ ਨਾਂਓਂ ਹੈ- ਵਿਸ਼ਵਜੀਤ। ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਝਾਮਪੁਰ 'ਚ ਜਨਮੇ ਇਸ ਵਿਸ਼ਵਜੀਤ ਦੀ ਸੁਰੀਲੀ ਅਤੇ ਦਮਦਾਰ ਅਵਾਜ ਵਿਚ, ਸੰਗੀਤਗਾਰ 'ਅਨੂ-ਮਨੂ' ਦੀਆਂ ਸੰਗੀਤਕ-ਧੁਨਾਂ 'ਚ ਪ੍ਰੋਇਆ ਅਤੇ 'ਅਮਰ ਆਡੀਓ' ਦੁਆਰਾ ਸਰੋਤਿਆਂ ਦੀ ਕਚਹਿਰੀ 'ਚ ਉਤਾਰਿਆ ਗੀਤ 'ਪੱਗ ਤੇ ਸੂਟ' ਪੀ.ਟੀ. ਸੀ. ਪੰਜਾਬੀ ਚੈਨਲ ਅਤੇ ਸੋਸ਼ਲ-ਮੀਡੀਆ ਵਿਚ ਪੂਰੀ ਧੰਨ-ਧੰਨ ਕਰਵਾ ਰਿਹਾ ਹੈ, ਅੱਜ ਕਲ। ਚਾਰ ਲੱਖ ਦੇ ਕਰੀਬ ਕਲਾ-ਪ੍ਰੇਮੀਆਂ ਵਲੋਂ ਡਾਊਨ-ਲੋਡ ਕਰਕੇ ਮਾਣੇ ਜਾ ਚੁੱਕੇ ਇਸ ਗੀਤ ਦੀ ਕਲਮੀ-ਸਿਰਜਣਾ ਕੀਤੀ ਹੈ, ਗੀਤਕਾਰ ਮੋਹਣੀ ਉਮਰ ਸ਼ਾਇਰ ਦੀ ਸ਼ਾਨਦਾਰ ਤੇ ਜਾਨਦਾਰ ਕਲਮ ਨੇ।

ਆਪਣੀ ਪਲੇਠੀ ਕੈਸਿਟ 'ਚਿੱਠੀਆਂ' ਦੁਆਰਾ ਗਾਇਕੀ ਖੇਤਰ ਵਿਚ ਪ੍ਰਵੇਸ਼ ਕਰਨ ਵਾਲੇ ਵਿਸ਼ਵਜੀਤ ਨੇ ਦੱਸਿਆ ਕਿ ਸੰਗੀਤਗਾਰ 'ਅਨੂ-ਮਨੂ' ਦੇ ਸੰਗੀਤ 'ਚ ਸ਼ਿੰਗਾਰੀ ਅਤੇ ਗੀਤਕਾਰ ਬਿੱਟੂ ਬਹਿਲਾਂ ਵਾਲੇ ਦੇ ਸਹਿਯੋਗ ਨਾਲ 'ਗੁਰਦੇਵ ਆਡੀਓ' ਦੁਆਰਾ ਰੀਲੀਜ ਕੀਤੀ ਇਸ ਕੈਸਿਟ ਵਿਚ ਅੱਠ ਗੀਤ ਸ਼ਾਮਲ ਸਨ : ਜਿਨ੍ਹਾਂ 'ਚੋਂ ਦੋ ਗੀਤ 'ਬੱਲੇ ਓ ਸੱਜਣਾ ਤੇਰੀ ਯਾਰੀ' ਅਤੇ 'ਸੱਜਣਾ ਸੱਜਣਾ ਕਹਿੰਨੀ ਏਂ' ਟੀ. ਵੀ. ਚੈਨਲਾਂ ਉਤੇ ਐਨਾ ਖੂਬ ਛਾਏ ਰਹੇ ਕਿ ਇਸ ਪਹਿਲੀ ਕੈਸਿਟ ਨੇ ਹੀ ਉਸ ਦੀ ਪਛਾਣ ਕਾਇਮ ਕਰਕੇ ਰੱਖ ਦਿੱਤੀ। ਫਿਰ, 'ਸਟਰੀਟ ਰਿਕਾਰਡਰਜ' ਨੇ ਸੰਗੀਤਕਾਰ ਅਰਪਿਤ ਦੇ ਸੰਗੀਤ ਵਿਚ, ਰਾਜ ਗੁਰਮੀਤ ਦੇ ਲਿਖੇ ਗੀਤ, 'ਤੇਰੀ ਸੋਚ ਭਗਤ ਸਿੰਘ ਜੀ, ਜਿਉਂਦੀ ਰੱਖਣ ਵਾਲੇ ਚਾਹੀਦੇ' ਸਿੰਗਲ-ਟ੍ਰੈਕ ਨਾਲ ਉਸ ਨੂੰ ਮਾਰਕੀਟ ਵਿਚ ਲਿਆਂਦਾ। ਜਿਸ ਨਾਲ ਉਸ ਦਾ ਘੇਰਾ ਹੋਰ ਵੀ ਵਿਸ਼ਾਲਤਾ ਵਿਚ ਗਿਆ।

ਚੰਨਣ ਸਿੰਘ ਚੀਮਾ (ਪਿਤਾ) ਅਤੇ ਸੁਰਜੀਤ ਕੌਰ (ਮਾਤਾ) ਦਾ ਇਹ ਲਾਡਲਾ ਵਿਸ਼ਵਜੀਤ ਹੁਣ ਤੱਕ ਬਿੱਟੂ ਬਹਿਲਾਂ ਵਾਲਾ, ਮੋਹਣੀ ਉਮਰ ਸ਼ਾਇਰ, ਚੌਹਾਨ ਨਿਆਲੀਆ ਅਤੇ ਜੀਤ ਧੂਰ ਆਦਿ ਗੀਤਕਾਰਾਂ ਦੇ ਗੀਤ ਗਾ ਚੁੱਕਾ ਹੈ। ਜਿੱਥੇ ਉਸ ਦੇ ਮਨ ਵਿਚ ਇਨ੍ਹਾਂ ਗੀਤਕਾਰਾਂ ਲਈ ਦਿਲੀ ਸਤਿਕਾਰ ਹੈ, ਉਥੇ ਹੋਰਾਂ ਤੋਂ ਇਲਾਵਾ ਉਹ ਸੁਪ੍ਰਸਿੱਧ ਗੀਤਕਾਰ ਤੇ ਪੱਤਰਕਾਰ ਰਾਜੂ ਨਾਹਰ, ਗਾਇਕ ਤੇ ਗੀਤਕਾਰ ਕਾਲਾ ਸੈਂਪਲੇ ਵਾਲਾ, ਗਾਇਕ ਸੰਗਰਾਮ ਹੰਗਰਾ ਅਤੇ ਹਰਪ੍ਰੀਤ ਵਲੋਂ ਮਿਲਦੇ ਆ ਰਹੇ ਨਿੱਘੇ ਸਹਿਯੋਗ ਲਈ ਉਨ੍ਹਾਂ ਦਾ ਵੀ ਰਿਣੀ ਹੈ।

ਮਾਲਵੇ ਦੇ ਜਿਲ੍ਹਾ ਬਠਿੰਡਾ ਵਿਚ ਪੈਂਦੇ ਪਿੰਡ ਗੁੰਮਟੀ ਕਲਾਂ ਵਿਖੇ ਡੇਰੇ ਲਾਈ ਬੈਠੇ ਪੰਜਾਬੀ ਮਾਂ-ਬੋਲੀ ਅਤੇ ਸੱਭਿਆਚਾਰ ਦੇ ਪੁਜਾਰੀ ਵਿਸ਼ਵਜੀਤ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਹ ਪਰਿਵਾਰ 'ਚ ਇਕੱਠਿਆਂ ਬੈਠਕੇ ਸੁਣਨ ਵਾਲੀ ਹੀ ਪੇਸ਼ਕਾਰੀ ਦਿੰਦਾ ਹੈ, ਲੱਚਰ ਗਾਉਣਾ ਉਸ ਨੂੰ ਜਰਾ ਜਿੰਨਾ ਵੀ ਪਸੰਦ ਨਹੀ। ਉਸ ਨੇ ਅੱਗੇ ਦੱਸਿਆ ਕਿ ਹੇਕਾਂ ਲਾਉਣ ਦੀ ਉਸ ਦੀ ਸ਼ੁਰੂਆਤ ਪ੍ਰਾਇਮਰੀ ਸਕੂਲ ਭਗੜਾਣਾ ਵਿਚ ਪੰਜਵੀਂ ਜਮਾਤ 'ਚ ਪੜ੍ਹਦਿਆਂ ਤੋਤਲੀ ਉਮਰੇ ਹੀ, ਨਾਮਵਰ ਗਾਇਕ ਸਰਦੂਲ ਸਿਕੰਦਰ ਅਤੇ ਸਤਵਿੰਦਰ ਬੁੱਗਾ ਦੇ ਗੀਤਾਂ ਨਾਲ ਹੋ ਗਈ ਸੀ। ਦਸਵੀਂ ਕਲਾਸ ਪਿੰਡ ਚੁੰਨੀ ਕਲਾਂ ਤੋਂ ਅਤੇ ਪਲੱਸ-2, ਸੀਨੀ. ਸੈਕੰ. ਸਕੂਲ, ਮੁਹਾਲੀ ਤੋਂ ਕਰਨ ਦੌਰਾਨ ਉਸ ਨੇ ਆਪਣੀ ਗਾਇਕੀ ਦਾ ਇਹ ਸ਼ੌਕ ਬੜੀ ਰੂਹ ਨਾਲ ਪਾਲਿਆ। ਚੱਲਦੇ-ਚੱਲਦੇ ਨਾਮਵਰ ਰਾਗੀ ਭਗਵਾਨ ਸਿੰਘ ਨਾਲ ਮੇਲ-ਮਿਲਾਪ ਦਾ ਸਬੱਬ ਬਣ ਗਿਆ, ਜਿਨ੍ਹਾਂ ਪਾਸੋਂ ਸੰਗੀਤਕ ਬਾਰੀਕੀਆਂ ਸਿੱਖਣ ਦਾ ਉਸ ਨੂੰ ਮਾਣ ਹਾਸਲ ਹੋਇਆ। ਗਾਇਕੀ ਦਾ ਜਨੂੰਨ ਸਿਰ ਤੇ ਭਾਰੂ ਹੋ ਗਿਆ ਤਾਂ ਫਿਰ ਮਨ-ਪਸੰਦ ਗਾਇਕ ਸਤਵਿੰਦਰ ਬੁੱਗਾ, ਅਮਰੀਕ ਤੂਫਾਨ ਅਤੇ ਹਰਜੀਤ ਮੱਟੂ ਨਾਲ ਸਟੇਜਾਂ ਉਤੇ ਕਲਾ ਦਿਖਾਉਣ ਵੱਲ ਨੂੰ ਨਿਕਲ ਤੁਰਿਆ : ਜਿਨ੍ਹਾਂ ਦੀ ਸੰਗਤ ਵਿਚੋਂ ਉਸਨੂੰ ਕਾਫੀ ਕੁਝ ਸਿੱਖਣ ਨੂੰ ਮਿਲਿਆ।

ਹਿੱਕ ਦੇ ਜੋਰ ਸਦਕਾ ਸੁਰੀਲੀ ਤੇ ਦਮਦਾਰ ਅਵਾਜ ਨਾਲ ਫਿਜਾਵਾਂ ਵਿਚ ਸੰਗੀਤਕ ਖੁਸ਼ਬੂਆਂ ਵਿਖੇਰਨ ਵਾਲੇ ਵਿਸ਼ਵਜੀਤ ਲਈ ਉਹ ਦਿਨ ਦੂਰ ਨਹੀ ਜਦੋਂ ਉਸ ਦਾ ਨਾਂਓਂ ਚੋਟੀ ਦੇ ਗਾਇਕ-ਕਲਾਕਾਰਾਂ ਵਿਚ ਸ਼ੁਮਾਰ ਹੋਵੇਗਾ। ਸ਼ਾਲ੍ਹਾ! ਉਹ ਦਿਨ ਜਲਦੀ ਆਵੇ! ਆਮੀਨ!



# ਅਮੀਰ ਵਿਰਸੇ ਦਾ ਵਾਰਿਸ-ਜਗਸੀਰ ਸਿੰਘ ਜੱਗਾ



ਤਸਵਿੰਦਰ ਸਿੰਘ ਬੜੈਚ
91-98763-22677

ਸਿਆਣੇ ਆਖਦੇ ਹਨ ਕਿ ਸ਼ੌਕ ਕੋਈ ਵੀ ਹੋਵੇ, ਉਸ ਦਾ ਮੁੱਲ ਨਹੀਂ ਹੁੰਦਾ। ਬਠਿੰਡਾ ਦੇ ਪ੍ਰਤਾਪ ਨਗਰ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਜਗਸੀਰ ਸਿੰਘ ਜੱਗਾ ਇਸ ਗੱਲ ਨੂੰ ਯਥਾਰਥ ਕਰ ਰਿਹਾ ਹੈ। ਜਗਸੀਰ ਸਿੰਘ ਕੋਲ ਇਸ ਸਮੇਂ ਕੋਈ ਵੀਹ ਕੁ ਦੇ ਕਰੀਬ ਹਾਂਗਕਾਗ, ਜਾਪਾਨੀ, ਫਿਲਿਪਸ, ਰਸ਼ੀਅਨ, ਐਚ. ਐਮ. ਵੀ. ਦੀਆਂ ਚਾਬੀ ਨਾਲ ਚੱਲਣ ਵਾਲੀਆਂ ਅਤੇ ਬਿਨ੍ਹਾਂ ਚਾਬੀ ਵਾਲੀਆਂ ਕਈ ਦਹਾਕੇ ਪੁਰਾਣੀਆ ਗ੍ਰਾਮੋਫੋਨ ਮਸ਼ੀਨਾਂ ਪਈਆਂ ਹਨ। ਇਨ੍ਹਾਂ ਤੋਂ ਇਲਾਵਾ ਉਸ ਕੋਲ ਪੁਰਾਣੀਆਂ ਕੰਪਨੀਆ ਦੇ 2500 ਹਿੰਦੀ ਅਤੇ 1200 ਪੰਜਾਬੀ ਦੇ ਐਨ. ਐਲ. ਪੀ. ਰਿਕਾਰਡ, ਈ. ਪੀ. ਰਿਕਾਰਡ, ਐਸ. ਈ. ਪੀ. ਰਿਕਾਰਡ, ਸੁਪਰ ਸੈਵਨਲ, ਐਨ. ਐਲ. ਪੀ. ਰਿਕਾਰਡ ਵੀ ਪਏ ਹਨ। ਜਗਸੀਰ ਸਿੰਘ ਨੇ ਪੋਲੀਥੀਨ ਦੇ ਪਤਲੇ ਰਿਕਾਰਡ ਵੀ ਸਾਂਭੇ ਹੋਏ ਹਨ। ਜੇਕਰ ਜਗਸੀਰ ਸਿੰਘ ਜੱਗਾ ਵੱਲੋਂ ਇਕੱਠੇ ਕੀਤੇ ਹੋਏ ਪੁਰਾਣੇ ਤਵਿਆਂ (ਰਿਕਾਰਡਾਂ) ਵੱਲ ਝਾਤ ਮਾਰੀਏ ਤਾਂ ਉਸ ਕੋਲ ਪਾਕਿਸਤਾਨੀ ਗਾਇਕ ਆਲਮ ਲੁਹਾਰ, ਨੂਰਜਹਾਂ, ਰੇਸ਼ਮਾਂ, ਸ਼ੌਕਤ ਅਲੀ, ਅਨਾਇਤ ਅਲੀ, ਜਨਾਬ ਨੁਸਰਤ ਫਤਹਿ ਅਲੀ ਖਾਂ, ਪੰਜਾਬ ਦੇ ਮਸ਼ਹੂਰ ਗਾਇਕ ਅਮਰ ਸਿੰਘ ਸ਼ੌਕੀ, ਮਲਕੀਤ ਸਿੰਘ ਐਂਡ ਪਾਰਟੀ, ਮੋਹਨ ਸਿੰਘ ਐਂਡ ਪਾਰਟੀ, ਜੋਗਿੰਦਰ ਸਿੰਘ, ਦਿਲਵਰ ਸਿੰਘ ਐਂਡ ਪਾਰਟੀ, ਅਮਰ ਸਿੰਘ ਅਣਖੀਲਾ, ਕੁਲਦੀਪ ਸਿੰਘ ਸੋਢੀ, ਸੋਹਣ ਸਿੰਘ ਰੋਡੋ, ਪਿਆਰਾ ਸਿੰਘ ਮੇਹਲੀ, ਕਵੀਸ਼ਰ ਕਰਨੈਲ ਸਿੰਘ ਪਾਰਸ, ਲਾਲ ਚੰਦ ਯਮਲਾ ਜੱਟ, ਆਸਾ ਸਿੰਘ ਮਸਤਾਨਾ, ਹਰਚਰਨ ਗਰੇਵਾਲ, ਦੀਦਾਰ ਸੰਧੂ, ਸੁਰਿੰਦਰ ਛਿੰਦਾ, ਪਾਲੀ ਦੇਤਵਾਲੀਆ, ਗੁਰਪਾਲ ਸਿੰਘ ਪਾਲ, ਕੁਲਦੀਪ ਮਾਣਕ, ਸੁਰਿੰਦਰ ਕੌਰ, ਪ੍ਰਕਾਸ ਕੌਰ, ਜਗਮੋਹਣ ਕੌਰ, ਰਣਜੀਤ ਕੌਰ ਅਤੇ ਮੁਹੰਮਦ ਸਦੀਕ ਆਦਿ ਦੇ ਰਿਕਾਰਡ ਮੌਜੂਦ ਹਨ। ਉਸਤਾਦ ਗਾਇਕਾਂ ਵਿਚ ਬੜੇ ਗੁਲਾਮ ਅਲੀ ਖਾਂ, ਭੀਮ ਸੈਨ ਜੋਸ਼ੀ, ਪੰਨਾ ਲਾਲ ਘੋਸ਼, ਰਹਿਮਤ ਅਲੀ ਖਾਂ ਕੱਵਾਲ ਮਲੇਰਕੋਟਲੇ ਵਾਲੇ, ਬਿਸਮਿੱਲਾ ਖਾਂ, ਮਹਿੰਦੀ ਹਸਨ, ਨੁਸਰਤ ਫਤਹਿ ਅਲੀ ਖਾਂ, ਵਿਲਾਇਤ ਅਲੀ ਖਾਂ, ਪੰਡਿਤ ਕੁਮਾਰ ਸੰਧਰਭ, ਮੁਰਾਦ ਅਲੀ, ਮੌਲਵੀ ਨੂਰ ਮੁਹੰਮਦ, ਦੀਨ ਮੁਹੰਮਦ, ਮਾ. ਹਰੀਸ਼ ਪੇਂਟਰ, ਬੱਗਾ ਕੱਵਾਲ, ਅੱਲਾ ਦਿੱਤਾ ਕੱਵਾਲ ਅਤੇ ਹੋਰ ਦਰਜਨਾਂ ਪੁਰਾਣੇ ਗਾਇਕਾਂ ਦੇ ਸੈਕੜੇ ਵੱਡਮੁੱਲੇ ਪੁਰਾਣੇ ਰਿਕਾਰਡਾਂ ਦਾ ਖਜ਼ਾਨਾ ਵੀ ਉਸ ਕੋਲ ਮੌਜੂਦ ਹੈ। ਜੋ ਉਸ ਨੇ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਪੱਲਿਉਂ ਪੈਸੇ ਖਰਚ ਕੇ, 20-25 ਕਿਲੋਮੀਟਰ ਤੁਰ ਕੇ, ਲੋਕਾਂ ਦੇ ਮਿੰਨਤ ਤਰਲੇ ਕਰਨ ਤੋਂ ਇਲਾਵਾ ਆਪਣੀ ਦਿਹਾੜੀ ਛੱਡ ਕੇ ਇਕੱਠੇ ਕੀਤੇ ਹਨ। ਏਨਾ ਹੀ ਨਹੀਂ ਉਸ ਦੇ ਆਡੀਓ ਕੈਸਿਟ, ਪੁਰਾਣੇ ਰੇਡੀਓ, ਪੁਰਾਣੇ ਵੱਟੇ, 50 ਸਾਲ ਪੁਰਾਣਾ ਕੈਨਨ ਦਾ ਜਾਪਾਨੀ ਵੀਡੀਓ ਪ੍ਰਜੈਕਟਰ, 50 ਸਾਲ ਪੁਰਾਣੀ ਟਾਇਪਿੰਗ ਮਸ਼ੀਨ, ਸਪੂਲ ਪਲੇਅਰ,ਢੱਡ ਸਾਰੰਗੀ, ਅਲਗੌਜੇ, ਤੂੰਬਾ, ਹਰਮੋਨੀਅਮ ਅਤੇ ਕੰਗਣੀ ਵਾਲੇ ਗਲਾਸ ਜਿਨ੍ਹਾਂ ਤੇ ਬਹੁਤ ਹੀ ਬਰੀਕ ਮੀਨਾਕਾਰੀ ਕੀਤੀ ਹੋਈ ਹੈ ਵੀ ਸਾਂਭੇ ਹੋਏ ਹਨ। ਇਕ ਵੱਡਾ ਰੇਡੀਓਗ੍ਰਾਮ, ਜਿਸ ਵਿਚ ਆਪਣੇ-ਆਪ ਰਿਕਾਰਡ ਬਦਲ ਜਾਣ ਦੀ ਸਹੂਲਤ ਹੈ, ਜੋ ਉਸਨੇ ਤਾਮਿਲਨਾਡੂ ਤੋਂ ਖਰੀਦ ਕੇ ਲਿਆਂਦਾ ਹੈ, ਵੀ ਦਾਜ ਤੇ ਵਰੀ ਵਾਂਗ ਸਾਂਭਿਆਂ ਹੋਇਆ ਹੈ। ਮਾਰਕਿਟ ਵਿਚ ਇਨ੍ਹਾਂ ਸਾਰੀਆਂ ਵਸਤੂਆਂ ਦੀ ਕੀਮਤ ਲੱਖਾਂ ਰੁਪਏ ਹੈ। ਸਾਊ, ਸੂਝਵਾਨ, ਮਿਲਾਪੜੇ ਤੇ ਵਧੀਆ ਕਿਰਦਾਰ ਵਾਲਾ 42 ਸਾਲਾ ਜਗਸੀਰ ਸਿੰਘ ਨੂੰ ਇਹ ਸ਼ੌਕ 25 ਸਾਲ ਦੀ ਉਮਰ ਵਿਚ ਪਿਆ। ਜਗਸੀਰ ਸਿੰਘ ਨੂੰ ਇਨ੍ਹਾਂ ਸੱਭਿਆਚਾਰਕ ਚੀਜ਼ਾਂ ਨਾਲ ਏਨਾ ਜ਼ਿਆਦਾ ਪਿਆਰ ਹੈ ਕਿ ਉਹ ਇਨ੍ਹਾਂ ਨੂੰ ਚੀਚ ਵਰੁਟੀ ਦੀ ਤਰ੍ਹਾਂ ਸ਼ਿੰਗਾਰ ਤੇ ਲਿਸ਼ਕਾ-ਪੁਸ਼ਕਾ ਕੇ ਰੱਖਦਾ ਹੈ। ਇਸ ਸਾਜੋ ਸਮਾਨ ਦੀ ਰਿਪੇਅਰ ਜਗਬੀਰ ਸਿੰਘ ਖੁਦ ਕਰਦਾ ਹੈ। ਇਨ੍ਹਾਂ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਲਈ ਲੱਕੜ ਦੀਆਂ ਅਲਮਾਰੀਆ ਵੀ ਜਗਸੀਰ ਸਿੰਘ ਨੇ ਆਪ ਹੀ ਬਣਾਈਆਂ ਹਨ, ਜਗਸੀਰ ਸਿੰਘ ਨੂੰ ਗਾਉਣ ਦਾ, ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਜਗਸੀਰ ਸਿੰਘ ਇਨ੍ਹਾਂ ਸ਼ੌਕਾਂ ਦੇ ਨਾਲ ਨਾਲ ਲੱਕੜੀ ਦੇ ਕੰਮ, ਉਸਾਰੀ ਦੇ ਕੰਮ ਅਤੇ ਵੈਲਡਿੰਗ ਦੇ ਕੰਮ 'ਚ ਵੀ ਚੰਗੀ ਮੁਹਾਰਤ ਰੱਖਦਾ ਹੈ। ਜੱਗਾਂ ਕਿਤੇ ਵਜੋਂ ਮਾਰਕਿਟ ਕਮੇਟੀ ਵਿਚ ਮੁਲਾਜ਼ਮ ਹੈ। ਪਿੰਡ ਸੰਗਤ ਕਲਾਂ ਤੋਂ ਆ ਕੇ ਬਠਿੰਡਾ ਵਸਿਆ ਜਗਸੀਰ ਸਿੰਘ ਵਿਰਾਸਤੀ ਮੇਲਿਆ 'ਤੇ ਇਨ੍ਹਾਂ ਵਿਰਸਾਤੀ ਚੀਜ਼ਾਂ ਦੀ ਪ੍ਰਦਰਸ਼ਨੀ ਵੀ ਲਾ ਚੁੱਕਾ ਹੈ। ਵਿਰਸੇ ਦੇ ਵਾਰਿਸ ਜਗਸੀਰ ਸਿੰਘ ਨੂੰ ਇਸ ਸ਼ੌਕ ਬਦਲੇ 2013 'ਚ ਸਿਰਸੇ ਵਿਰਾਸਤੀ ਮੇਲੇ 'ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਬਠਿੰਡਾ ਦੇ ਵਿਰਾਸਤੀ ਮੇਲੇ ਤੇ ਵੀ ਉਸ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਂਝ ਉਹ ਇਹ ਸਾਰਾ ਕੁੱਝ ਸ਼ੌਕੀਆਂ ਕਰਦਾ ਹੈ, ਇਨਾਮ ਸਨਮਾਨ ਤੇ ਪੈਸੇ ਲਈ ਨਹੀਂ। ਜਗਸੀਰ ਸਿੰਘ ਬਿਨ੍ਹਾਂ ਕਿਸੇ ਸਵਾਰਥ ਦੇ ਪੰਜਾਬੀ ਸੱਭਿਆਚਾਰ ਵਿਰਾਸਤ ਨੂੰ ਸੰਭਾਲਣ 'ਚ ਜੁਟਿਆ ਹੋਇਆ ਹੈ।



# ਸਰਬੋਤਮ ਪੰਜਾਬੀ ਗਲਪ ਲਈ ਢਾਹਾਂ ਸਾਹਿਤ ਇਨਾਮ 2016 ਦੇ ਜੇਤੂਆਂ ਦਾ ਐਲਾਨ

**ਵੈਨਕੂਵਰ ( ਬ੍ਰਿਟਿਸ਼ ਕੋਲੰਬੀਆ)–** ਇਨਾਮ ਰਾਸ਼ੀ ਪੱਖੋਂ ਪੰਜਾਬੀ ਦੇ ਸਭ ਤੋਂ ਵੱਡੇ ਸਾਹਿਤ ਸਨਮਾਨ 'ਢਾਹਾਂ ਸਾਹਿਤ ਇਨਾਮ' ਦੇ ਸਾਲ 2016 ਦੇ ਜੇਤੂਆਂ ਦਾ ਐਲਾਨ ਕਰ ਦਿੱਤਾ ਗਿਆ ਹੈ। $25,000 ਕੈਨੇਡੀਅਨ ਡਾਲਰ ਦੀ ਰਾਸ਼ੀ ਵਾਲਾ ਸਭ ਤੋਂ ਵੱਡਾ ਅਵਾਰਡ ਇਸ ਵਾਰ ਨਾਮਵਰ ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਨੂੰ ਦੇਣ ਦਾ ਐਲਾਨ ਕੀਤਾ ਗਿਆ। ਜਰਨੈਲ ਸਿੰਘ ਨੂੰ ਇਹ ਇਨਾਮ 2015 ਵਿਚ ਛਪੀ ਉਨ੍ਹਾਂ ਦੀ ਕਹਾਣੀ ਪੁਸਤਕ 'ਕਾਲੇ ਵਰਕੇ' ਲਈ ਦਿੱਤਾ ਗਿਆ ਹੈ। ਪੰਜਾਬੀ ਨੂੰ ਗਲੋਬਲ ਪੱਧਰ ਤੇ ਪਰਮੋਟ ਕਰਨ ਲਈ ਦਿੱਤੇ ਜਾਣ ਵਾਲੇ ਇਸ ਸਾਹਿਤ ਇਨਾਮ ਦੇ ਜੇਤੂਆਂ ਦੀ ਚੋਣ ਗੁਰਮੁਖੀ ਜਾਂ ਸ਼ਾਹ–ਮੁਖੀ ਵਿਚ ਪੰਜਾਬੀ ਵਿਚ ਲਿਖਣ ਵਾਲੇ ਲੇਖਕਾਂ ਵਿਚੋਂ ਕੀਤੀ ਜਾਂਦੀ ਹੈ। $5,000 ਦੀ ਰਾਸ਼ੀ ਵਾਲੇ ਦੋ ਦੂਜੇ ਇਨਾਮ ਸ਼ਾਹਮੁਖੀ ਵਿਚ ਲਿਖੇ ਨਾਵਲ 'ਤੱਸੀ ਧਰਤੀ' ਦੇ ਲੇਖਕ ਜ਼ਾਹਿਦ ਹਸਨ ਅਤੇ ਕਹਾਣੀ ਸੰਗ੍ਰਹਿ 'ਉਸ ਪਲ' ਦੇ ਲੇਖਕ ਨੌਜਵਾਨ ਕਹਾਣੀਕਾਰ ਸਿਮਰਨ ਧਾਲੀਵਾਲ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਢਾਹਾਂ ਸਾਹਿਤ ਸਨਮਾਨ ਦਾ ਮਕਸਦ ਹੱਦਾਂ–ਸਰਹੱਦਾਂ ਤੋਂ ਪਾਰ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਲਿਖੇ ਜਾ ਰਹੇ ਉੱਚ ਪਾਏ ਦੇ ਪੰਜਾਬੀ ਸਾਹਿਤ ਦੀ ਨਿਸ਼ਾਨਦੇਹੀ ਕਰਨਾ ਅਤੇ ਉਸ ਨੂੰ ਗਲੋਬਲ ਪੱਧਰ ਤੇ ਉਭਾਰਨਾ ਹੈ। ਇਹ ਇਨਾਮ ਪੰਜਾਬੀ ਲੇਖਕਾਂ ਨੂੰ ਇੰਟਰਨੈਸ਼ਨਲ ਪੱਧਰ ਤੇ ਪਛਾਣ ਅਤੇ ਮਾਨਤਾ ਦਿੰਦਾ ਹੈ ਅਤੇ ਉਨਹਾਂ ਲਈ ਨਵੇਂ ਰਾਹ ਖੋਲਹਦਾ ਹੈ।ਇਸ ਵਾਰ ਦੇ ਜੇਤੂਆਂ ਬਾਰੇ ਗੱਲ ਕਰਦੇ ਹੋਏ ਢਾਹਾਂ ਇਨਾਮ ਦੇ ਸੰਸਥਾਪਕ ਬਰਹਜੰਦਰ ਸਿੰਘ ਢਾਹਾਂ ਨੇ ਕਿਹਾ–"ਜਰਨੈਲ ਸਿੰਘ ਦੀਆਂ ਕਹਾਣੀਆਂ ਉੱਤਰੀ ਅਮਰੀਕਾ ਵਿਚ ਵਸਦੇ ਪੰਜਾਬੀ ਪਰਵਾਸੀਆਂ ਦੇ ਜੀਵਨ ਅਨੁਭਵ ਦੀ ਬੁਤ ਮੌਹਲਕ ਤਸਵੀਰਕਸ਼ੀ ਕਰਦੀਆਂ ਹਨ। ਇਸ ਵਾਰ ਹਵਚਾਰਨ ਲਈ ਆਈਆਂ ਕਿਤਾਬਾਂ ਦੀ ਲੰਬੀ ਅਤੇ ਪਰਭਾਵਸ਼ਾਲੀ ਸੂਚੀ ਵਿਚੋਂ ਹਜਊਰੀ ਦੁਆਰਾ ਜੇਤੂ ਪੁਸਤਕਾਂ ਦੀ ਚੋਣ ਕੀਤੀ ਗਈ ਹੈ।"ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਦੁਨੀਆ ਦੇ ਹਵਲੱਖਣ ਸਾਹਿਤਕ ਅਵਾਰਡ 'ਢਾਹਾਂ ਸਾਹਿਤ ਇਨਾਮ' ਦੀ ਸ਼ੁਰੂਆਤ ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵੈਨਕੂਵਰ ਵਿਚ ਹੋਈ, ਜਿੱਥੇ ਪਿਛਲੀ ਇਕ ਸਦੀ ਦੌਰਾਨ ਪੰਜਾਬੀ ਕਲਚਰ ਦੀ ਇਕ ਅਮੀਰ ਵਿਰਾਸਤ ਸਥਾਪਤ ਹੋ ਚੁੱਕੀ ਹੈ। ਕੈਨੇਡਾ ਵਿਚ ਪੰਜਾਬੀ ਅੱਜ ਮੁਲਕ ਦੀਆਂ ਪੰਜ ਵੱਡੀਆਂ ਜ਼ੁਬਾਨਾਂ ਵਿਚ ਸ਼ੁਮਾਰ ਹੁੰਦੀ ਹੈ।ਢਾਹਾਂ ਸਾਹਿਤ ਇਨਾਮ ਦੀ ਸਥਾਪਨਾ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਯੂਨੀਵਰਹਸਟੀ ਔਫ ਬ੍ਰਿਟਿਸ਼ ਕੋਲੰਬੀਆ ਦੀ ਆਰਟਸ ਫੈਕਲਟੀ ਦੇ ਏਸ਼ੀਅਨ ਸਟੱਡੀਜ਼ ਡਿਪਾਰਟਮੈਂਟ ਦੇ ਸਹਿਯੋਗ ਨਾਲ ਕੀਤੀ ਗਈ। ਇਹ ਇਨਾਮ ਬਰਜਿੰਦਰ ਸਿੰਘ ਢਾਹਾਂ ਅਤੇ ਰੀਟਾ ਢਾਹਾਂ ਦੇ ਪਰਿਵਾਰ ਅਤੇ ਦੋਸਤਾਂ ਦੁਆਰਾ ਪਾਏ ਜਾਂਦੇ ਮਾਇਕ ਯੋਗਦਾਨ ਦੁਆਰਾ ਚਲਾਇਆ ਜਾਂਦਾ ਹੈ।

ਟੋਰਾਂਟੋ ਵਸਨੀਕ ਜਰਨੈਲ ਸਿੰਘ ਦਾ ਪਿਛੋਕੜ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਹੈ ਅਤੇ ਉਹ ਇੰਡੀਅਨ ਏਅਰ ਫੋਰਸ ਤੋਂ ਹਰਟਾਇਰ ਹੋਏ ਹਨ। 1988 ਤੋਂ ਉਹ ਕੈਨੇਡਾ ਵਿਚ ਰਹਿ ਰਹੇ ਹਨ। ਉਨਹਾਂ ਦੀਆਂ ਕਈ ਕਿਤਾਬਾਂ ਪੰਜਾਬķਹਰਿਆਣਾ ਵਿਚ ਕਈ ਯੂਨੀਵਰਹਸਟੀ ਸਲੇਬਸਾਂ ਦਾ ਹਿੱਸਾ ਹਨ ਅਤੇ ਉਨਹਾਂ ਨੂੰ ਪੰਜਾਬ ਸਰਕਾਰ ਦਾ ਪਰਵਾਸੀ ਪੰਜਾਬੀ ਲੇਖਕ ਵਜੋਂ 'ਸ਼ਰੋਮਣੀ ਸਾਹਿਤਕਾਰ' ਅਵਾਰਡ ਵੀ ਹਮਲ ਚੁੱਕਾ ਹੈ। ਉਨਹਾਂ ਦੇ ਇਨਾਮ ਜੇਤੂ ਕਹਾਣੀ ਸੰਗ੍ਰਹਿ ਕਾਲੇ ਵਰਕੇ ਵਿਚਲੀਆਂ ਕਹਾਣੀਆਂ ਉੱਤਰੀ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਕਿਰਦਾਰਾਂ ਦੇ ਜੀਵਨ ਵਿੱਚਲੇ ਤਣਾਅ ਅਤੇ ਦਵੰਦਾਂ ਦੀ ਪੇਸ਼ਕਾਰੀ ਕਰਦੀਆਂ ਹਨ।

ਦੂਜੇ ਇਨਾਮ ਦੇ ਜੇਤੂ ਜ਼ਾਹਿਦ ਹਸਨ ਦਾ ਸਬੰਧ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹੇ ਫੈਸਲਾਬਾਦ ਨਾਲ ਹੈ ਅਤੇ 1985 ਤੋਂ ਉਹ ਲਾਹੌਰ ਵਿਚ ਰਹਿ ਰਹੇ ਹਨ। ਉਹ ਉਥੋਂ ਦੇ ਕਈ ਪੰਜਾਬੀ ਅਦਾਰਿਆਂ ਨਾਲ ਜੁੜੇ ਰਹੇ ਹਨ। ਉਨਹਾਂ ਦੀਆਂ ਹੁਣ ਤਕ ਦਰਜਨ ਦੇ ਕਰੀਬ ਕਿਤਾਬਾਂ ਛੱਪ ਚੁੱਕੀਆਂ ਹਨ, ਜਿੰਨ੍ਹਾਂ ਵਿਚ ਚਾਰ ਨਾਵਲ ਹਨ। ਉਨ੍ਹਾਂ ਦਾ ਇਨਾਮ ਜੇਤੂ ਨਾਵਲ "ਤੱਸੀ ਧਰਤੀ" ਅਣਵੰਡੇ ਪੰਜਾਬ ਵਿਚ ਬਾਰ ਦੇ ਇਲਾਕੇ ਦੇ ਜੀਵਨ ਸੰਘਰਸ਼ਾਂ ਨੂੰ ਚਿੱਤਰਣ ਵਾਲਾ ਇਕ ਆਂਚਲਿਕ ਨਾਵਲ ਹੈ।ਦੂਜੇ ਇਨਾਮ ਦੇ ਜੇਤੂ ਦੂਸਰੇ ਲੇਖਕ ਸਿਮਰਨ ਧਾਲੀਵਾਲ ਦਾ ਸਬੰਧ ਪੰਜਾਬ ਦੇ ਤਰਨਤਾਰਨ ਜਿਲ੍ਹੇ ਨਾਲ ਹੈ। ਇਹ ਨੌਜਵਾਨ ਲੇਖਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੱਟੀ ਕੈਂਪਸ ਵਿਚ ਸਹਾਇਕ ਪਰੋਫੈਸਰ ਵਜੋਂ ਕੰਮ ਕਰ ਰਿਹਾ ਹੈ ਅਤੇ ਉਸਦੇ ਪਲੇਠੇ ਕਹਾਣੀ ਸੰਗ੍ਰਹਿ "ਆਸ ਅਜੇ ਬਾਕੀ ਹੈ" ਨੂੰ ਸਾਹਿਤ ਅਕਾਦਮੀ ਦਾ ਯੁਵਾ–ਸਾਹਿਤ ਪੁਰਸਕਾਰ ਮਿ.ਲ ਚੁੱਕਾ ਹੈ। ਢਾਹਾਂ ਅਵਾਰਡ ਜਿੱਤਣ ਵਾਲਾ ਉਸਦਾ ਕਹਾਣੀ ਸੰਗ੍ਰਹਿ "ਉਸ ਪਲ" ਉਸਦਾ ਦੂਜਾ ਕਹਾਣੀ–ਸੰਗ੍ਰਹਿ ਹੈ।

ਸਾਲ 2016 ਦੇ ਢਾਹਾਂ ਪੰਜਾਬੀ ਸਾਹਿਤ ਇਨਾਮ ਦੇ ਜੇਤੂ:

- **ਪਹਿਲਾ ਇਨਾਮ: $25,000**
  **ਜਰਨੈਲ ਸਿੰਘ ਦਾ ਕਹਾਣੀ ਸੰਗ੍ਰਹਿ "ਕਾਲੇ ਵਰਕੇ"**
- **ਦੂਜਾ ਇਨਾਮ –$5,000 ( ਸ਼ਾਹਮੁਖੀ ਲਿੱਪੀ ਵਿਚ ਲਿਖੇ ਸਾਹਿਤ ਲਈ )**
  **ਜ਼ਾਹਿਦ ਹਸਨ ਦਾ ਨਾਵਲ ਤੱਸੀ ਧਰਤੀ**
- **ਦੂਜਾ ਇਨਾਮ– $5,000 (ਗੁਰਮੁਖੀ ਲਿੱਪੀ ਵਿਚ ਲਿਖੇ ਸਾਹਿਤ ਲਈ)**
  **ਸਿਮਰਨ ਧਾਲੀਵਾਲ ਦਾ ਕਹਾਣੀ ਸੰਗ੍ਰਹਿ ਉਸ ਪਲ**


### ਜਰਨੈਲ ਸਿੰਘ

ਪਿੰਡ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਭਾਰਤ ਦੇ ਇਕ ਸਾਧਾਰਨ ਕਿਸਾਨੀ ਪਰਿਵਾਰ ਵਿਚ ਪੈਦਾ ਹੋਏ ਜਰਨੈਲ ਸਿੰਘ ਨੇ ਜ਼ਿੰਦਗੀ ਵਿਚ ਬਹੁਤ ਜਦੋ ਜਹਿਦ ਕੀਤੀ ਹੈ। ਸਕੂਲੀ ਸਿੱਖਿਆ ਖਤਮ ਹੋਣ ਦੇ ਝੱਟ ਪਿੱਛੋਂ 1962 ਵਿਚ ਉਹ ਇੰਡੀਅਨ ਏਅਰ ਫੋਰਸ ਵਿਚ ਭਰਤੀ ਹੋ ਗਿਆ ਸੀ। ਪੰਜਾਬੀ ਅਤੇ ਅੰਗਰੇਜ਼ੀ ਵਿਚ ਐੱਮ੍ਏ ਤਕ ਦੀ ਪੜ੍ਹਾਈ ਉਸ ਨੇ ਨੌਕਰੀ ਦੌਰਾਨ ਹੀ ਕੀਤੀ। ਏਅਰਫੋਰਸ ਦੀ ਨੌਕਰੀ ਤੋਂ ਮਗਰੋਂ ਅਤੇ 1988 ਵਿਚ ਕੈਨੇਡਾ ਪਰਵਾਸ ਤੋਂ ਪਹਿਲਾਂ ਉਸ ਨੇ ਦਸ ਸਾਲ ਤਕ ਬੈਂਕ ਵਿਚ ਅਕਾਉਂਟੈਂਟ ਵਜੋਂ ਕੰਮ ਕੀਤਾ। ਭਾਰਤ ਰਹਿਣ ਦੌਰਾਨ ਹੀ ਉਹ ਸਾਹਿਤ–ਰਚਨਾ ਕਰਦਾ ਰਿਹਾ ਸੀ ਅਤੇ ਉੱਥੇ ਉਸਦੀਆਂ ਕਹਾਣੀਆਂ ਦੀਆਂ ਤਿੰਨ ਕਿਤਾਬਾਂ ਛਪੀਆਂ ਸਨ: 'ਮੈਨੂੰ ਕੀ' (1981), 'ਮਨੁੱਖ ਤੇ ਮਨੁੱਖ' (1983) ਅਤੇ 'ਸਮੇਂ ਦੇ ਹਾਣੀ' (1987) ਜਿਨ੍ਹਾਂ ਵਿਚ ਕਿਸਾਨੀ ਜੀਵਨ ਅਤੇ ਫੌਜੀ ਜੀਵਨ ਨਾਲ ਜੁੜੇ ਮਸਲਿਆਂ ਨੂੰ ਵਿਸ਼ਾ ਵਸਤੂ ਬਣਾਇਆ ਗਿਆ ਸੀ। ਕੈਨੇਡਾ ਵਿਚ ਪਹੁੰਚਣ 'ਤੇ ਉਸ ਨੇ ਦੋ ਦਹਾਕਿਆਂ ਤਕ ਸਕਿਉਰਟੀ ਸਪੁਰਵਾਈਜ਼ਰ ਵਜੋਂ ਕੰਮ ਕੀਤਾ। ਕੈਨੇਡਾ ਪਹੁੰਚਣ ਮਗਰੋਂ ਪਰਵਾਸੀ ਜੀਵਨ ਦੇ ਉਸ ਦੇ ਤਜਰਬੇ ਨੇ ਜਰਨੈਲ ਸਿੰਘ ਦੀ ਕਹਾਣੀ ਨੂੰ ਨਵਾਂ ਪਾਸਾਰ ਦਿੱਤਾ ਅਤੇ ਏਸੇ ਕਰਕੇ ਹੀ ਉਸਦੀ ਪੰਜਾਬੀ ਸਾਹਿਤ ਵਿਚ ਨਿਵੇਕ.ਲੀ ਪਛਾਣ ਬਣੀ। ਇਸ ਸਮੇਂ ਦੌਰਾਨ ਛਪੀਆਂ ਉਸਦੀਆਂ ਤਿੰਨੋਂ ਹੀ ਕਹਾਣੀ ਪੁਸਤਕਾਂ 'ਦੋ ਟਾਪੂ' (1999), 'ਟਾਵਰਜ਼' (2005), ਅਤੇ 'ਕਾ.ਲੇ ਵਰਕੇ' (2015) ਨੇ ਪਾਠਕਾਂ ਤੋਂ ਚੰਗੀ ਪ੍ਰਸ਼ੰਸਾ ਖੱਟੀ ਹੈ। ਇਹਨਾਂ ਵਿਚਲੀਆਂ ਕਹਾਣੀਆਂ ਵਿਚ ਕੈਨੇਡਾ ਵਸਦੇ ਪੰਜਾਬੀਆਂ ਦੇ ਸੰਘਰਸ਼, ਸਭਿਆਚਾਰਕ ਟਕਰਾਉ ਤੇ ਰ.ਲੇਵੇਂ, ਪੀੜ੍ਹੀ ਪਾੜੇ, ਰਿਸ਼ਤਿਆਂ ਦੀ ਟੁੱਟ–ਭੱਜ ਅਤੇ ਟੀਨਏਜਰਾਂ ਦੀਆਂ ਸਮੱਸਿਆਵਾਂ ਦੀ ਕਲਾਤਮਿਕਤਾ ਸਹਿਤ ਪੇਸ਼ਕਾਰੀ ਹੋਈ ਹੈ।ਪੂੰਜੀਵਾਦ ਨਾਲ ਸੰਬੰਧਤ ਵਿਸ਼ਵ–ਵਿਆਪੀ ਮਸਲਿਆਂ, ਖਪਤਵਾਦ, ਵਿਅਕਤੀਵਾਦ ਆਦਿ ਨੂੰ ਵੀ ਉਸਨੇ ਗਲਪ ਬਿੰਬ ਵਿਚ ਢਾ.ਲਿਆ ਹੈ। ਜਰਨੈਲ ਸਿੰਘ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਪੰਜਾਬ ਤੇ ਹਰਿਆਣਾ ਦੀਆਂ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਸ਼ਾਮਲ ਹਨ। ਪਰਵਾਸੀ ਪੰਜਾਬੀ ਲੇਖਕ ਵਜੋਂ ਭਾਰਤ ਵਿਚ ਪੰਜਾਬ ਸਰਕਾਰ ਦਾ 'ਸ਼੍ਰੋਮਣੀ ਸਾਹਿਤਕਾਰ' ਦਾ ਪੁਰਸਕਾਰ ਵੀ ਉਸਨੂੰ ਮਿਲ ਚੁੱਕਿਆ ਹੈ। 'ਕਾ.ਲੇ ਵਰਕੇ' ਟਰਾਂਟੋ ਵਸਦੇ ਕਹਾਣੀਕਾਰ ਜਰਨੈਲ ਸਿੰਘ ਦਾ 2015 ਵਿਚ ਪ੍ਰਕਾਸ਼ਤ ਹੋਇਆ ਕਹਾਣੀ ਸੰਗ੍ਰਹਿ ਹੈ। ਮੁਕਾਬਲਤਨ ਲੰਬੇ ਆਕਾਰ ਦੀਆਂ ਜਰਨੈਲ ਸਿੰਘ ਦੀਆਂ ਕਹਾਣੀਆਂ ਅਕਸਰ ਉੱਤਰੀ ਅਮਰੀਕਾ ਵਿਚ ਰਹਿੰਦੇ ਪੰਜਾਬੀ ਪਰਵਾਸੀਆਂ ਦੇ ਓਪਰੇ ਸਭਿਆਚਾਰ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਦਾ ਬਿਰਤਾਂਤ ਸਿਰਜ ਕੇ ਜੀਵਨ ਦੀ ਗੁੰਝਲਦਾਰ ਹਕੀਕਤ ਨੂੰ ਰੂਪਮਾਨ ਕਰਦੀਆਂ ਹਨ। ਇਸ ਪੁਸਤਕ ਵਿਚਲੀਆਂ ਪੰਜੇ ਕਹਾਣੀਆਂ ਰਾਹੀਂ ਪਰਵਾਸੀ ਜੀਵਨ ਦੇ ਪ੍ਰਸੰਗ ਵਿਚ ਪੈਸੇ ਦੇ ਲੋਭ ਵਿਚ ਟੁੱਟ ਰਹੇ ਪਰਿਵਾਰਾਂ, ਰਿਸ਼ਤਿਆਂ ਦੀ ਕਸ਼ੀਦਗੀ ਕਾਰਨ ਪੈਦਾ ਹੋਏ ਮਾਨਸਿਕ ਸੰਕਟਾਂ, ਵਿਸ਼ਵੀਕਰਣ ਦੀ ਦੌੜ ਅਧੀਨ ਸੁੰਦਰਤਾ ਮੁਕਾਬਲਿਆਂ ਵਿਚ 'ਵਿਕ' ਰਹੀ ਔਰਤ, ਨਸਲੀ ਹਮਲਿਆਂ ਦੇ ਸ਼ਿਕਾਰ ਘੱਟ ਗਿਣਤੀਆਂ ਦੇ ਗਰੀਬ ਤਬਕੇ ਅਤੇ ਸਰਮਾਏਦਾਰੀ ਦੀ ਸਥਾਪਤੀ ਲਈ ਲੜੀਆਂ ਜਾ ਰਹੀਆਂ ਜੰਗਾਂ ਦੇ ਸ਼ਿਕਾਰ ਲੋਕਾਂ ਦੀ ਮਾਨਸਿਕ ਟੁੱਟ–ਭੱਜ ਨੂੰ ਕਹਾਣੀ ਕਲਾ ਦੇ ਸਿਰਜਣੀ ਤੱਤਾਂ ਨਾਲ ਇੰਝ ਉਸਾਰਿਆ ਹੈ ਕਿ ਪਰਵਾਸੀ ਜੀਵਨ ਦੀਆਂ ਉਲਝਣਾਂ ਤੇ ਵਿਰੋਧ ਸਾਕਾਰ ਰੂਪ ਗ੍ਰਹਿਣ ਕਰਦੇ ਜਾਪਦੇ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕਾ.ਲੇ ਵਰਕੇ' ਵਿਚ ਕੈਨੇਡਾ ਦੇ ਆਦਿਵਾਸੀਆਂ ਦੀ ਸਮਾਜਕ–ਸਭਿਆਚਾਰਕ ਤ੍ਰਾਸਦੀ ਅਤੇ ਉਹਨਾਂ ਨਾਲ ਹੋਈ ਵਧੀਕੀ ਦਾ ਬਿਰਤਾਂਤ ਮਾਨਵੀ ਹਮਦਰਦੀ ਨਾਲ ਜਿਸ ਤਰ੍ਹਾਂ ਪੇਸ਼ ਹੋਇਆ ਹੈ, ਉਹ ਪੰਜਾਬੀ ਗਲਪ ਸਾਹਿਤ ਲਈ ਇਕ ਨਵਾਂ ਤਜਰਬਾ ਹੈ। ਬਾਕੀ ਕਹਾਣੀਆਂ ਵਿਚ ਵੀ ਪੂੰਜੀਵਾਦ ਦੀ ਬੇਲਗਾਮ ਚੜ੍ਹਤ ਤੇ ਚਮਕ ਦਮਕ ਵਿਚ ਮਨੁੱਖੀ ਤੇ ਸਮਾਜੀ ਰਿਸ਼ਤਿਆਂ ਦੇ ਸੱਚ ਨੂੰ ਵਿਸ਼ਾ ਵਸਤੂ ਬਣਾਇਆ ਗਿਆ ਹੈ। ਜਰਨੈਲ ਸਿੰਘ ਦੀ ਕਥਾ–ਦ੍ਰਿਸ਼ਟੀ ਸਥਿਤੀਆਂ ਦੇ ਵਿਸ਼ਲੇਸ਼ਣ ਰਾਹੀਂ ਸਮਾਜੀ ਯਥਾਰਥ ਪਿੱਛੇ ਲੁਕੇ ਰਾਜਸੀ ਮਤਕਾਂ ਦੀ ਪਛਾਣ ਕਰਨ ਦੇ ਵੀ ਸਮਰੱਥ ਹੈ। ਇਹੀ ਗੁਣ ਉਸ ਨੂੰ ਵਿਲੱਖਣ ਕਹਾਣੀਕਾਰ ਦਾ ਦਰਜਾ ਦਿਵਾਉਂਦਾ ਹੈ ਜਿਸ ਦਾ ਪ੍ਰਮਾਣ 'ਕਾ.ਲੇ ਵਰਕੇ' ਹੈ।



### ਜ਼ਾਹਿਦ ਹਸਨ

ਜ਼ਾਹਿਦ ਹਸਨ (ਅਸਲੀ ਨਾਮ ਜ਼ਾਹਿਦ ਹੁਸੈਨ) ਝੋਕ ਪੀਰਾਂ, ਜ਼ਿਲ੍ਹਾ ਫੈਸਲਾਬਾਦ, ਪਾਕਿਸਤਾਨ ਵਿਚ ਪੈਦਾ ਹੋਇਆ ਸੀ। 1985 ਵਿਚ ਉਹ ਲਾਹੌਰ ਆ ਵਸਿਆ। ਏਥੇ ਉਸਨੇ ਵੱਖ ਵੱਖ ਅਖਬਾਰਾਂ, ਰਿਸਾਲਿਆਂ ਤੋਂ ਇਲਾਵਾ 'ਗੋਰ ਪਬਲੀਕੇਸ਼ਨ', 'ਪੰਜਾਬੀ ਅਦਬੀ ਬੋਰਡ' ਅਤੇ 'ਮਨੁੱਖੀ ਅਧਿਕਾਰ ਕਮਿਸ਼ਨ' ਵਿਚ ਕੰਮ ਕੀਤਾ। ਉਹ ਪੰਜਾਬੀ ਤੇ ਉਰਦੂ ਵਿਚ ਛਪਣ ਵਾਲੇ 'ਪੰਜਾਬੀ ਅਦਬ', 'ਅਦਬ ਏ ਲਤੀਫ' ਅਤੇ 'ਕਹਾਣੀ ਘਰ' ਵਰਗੇ ਰਿਸਾਲਿਆਂ ਦਾ ਐਡੀਟਰ ਵੀ ਰਹਿ ਚੁੱਕਿਆ ਹੈ। ਪੰਜਾਬੀ ਵਿਚ ਫਿਕਸ਼ਨ, ਸ਼ਾਇਰੀ, ਖੋਜ ਪਰਖ ਦੇ ਹਵਾਲੇ ਨਾਲ ਉਸਦੀਆਂ ਇਕ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ। ਇਹਨਾਂ ਵਿਚ ਚਾਰ ਨਾਵਲ 'ਇਸ਼ਕ ਲਤਾੜੇ ਆਦਮੀ', 'ਗਲੀਚਾ ਉਣਨ ਵਾਲੀ', 'ਕਿੱਸਾ ਆਸ਼ਿਕਾਂ', 'ਤੱਸੀ ਧਰਤੀ' ਅਤੇ ਇਕ ਕਹਾਣੀਆਂ ਦਾ ਪਰਾਗਾ 'ਪੰਜਾਹ ਵਰ੍ਹਿਆਂ ਦੀ ਉਦਾਸੀ' ਸ਼ਾਮਲ ਹਨ। ਪਾਕਿਸਤਾਨ ਦੀ ਅਦਬੀ ਅਕਾਡਮੀ ਦਾ 'ਵਾਰਿਸ ਸ਼ਾਹ ਐਵਾਰਡ' ਅਤੇ 'ਮਸਊਦ ਖੱਦਰਪੋਸ਼ ਐਵਾਰਡ' ਵਰਗੇ ਵਕਾਰੀ ਇਨਾਮ ਉਸਦੀ ਝੋ.ਲੀ ਪੈ ਚੁੱਕੇ ਹਨ। ਜ਼ਾਹਿਦ ਹਸਨ ਆਪਣੀਆਂ ਕਹਾਣੀਆਂ ਦਾ ਮਵਾਦ ਪੰਜਾਬ ਦੇ ਰੀਤ ਰਿਵਾਜ, ਕਲਚਰ ਤੇ ਕਿੱਸੇ ਕਹਾਣੀਆਂ ਤੋਂ ਲੈਂਦਾ ਹੈ। ਉਹਦਾ ਮੰਨਣਾ ਹੈ ਕਿ ਪੰਜਾਬ ਏਨਾ ਜ਼ਰਖੇਜ਼ ਹੈ ਜੋ ਇਹਦੇ ਬਾਰੇ ਲਿਖਦਿਆਂ ਸਾਡੀ ਹਯਾਤੀ ਮੁੱਕ ਸਕਦੀ ਏ। ਅਤੇ ਇਹਦੇ ਉਪਰ ਖਿੱਲੇ ਕਿੱਸਿਆਂ ਕਹਾਣੀਆਂ ਦਾ ਕੋਈ ਅੰਤ ਨਹੀਂ। ਉਸ ਦਾ ਕਹਿਣਾ ਹੈ ਪੰਜਾਬੀ ਨੂੰ ਸੰਸਾਰ ਦੀਆਂ ਦੂਜੀਆਂ ਵੱਡੀਆਂ ਜ਼ੁਬਾਨਾਂ ਦੇ ਸੰਗ ਖੜ੍ਹਾ ਕਰਨ ਲਈ ਇਹਦੇ ਵਿਚ ਵੱਧ ਤੋਂ ਵੱਧ ਕੰਮ ਕਰਨਾ ਜ਼ਰੂਰੀ ਏ। ਉਸ ਮੁਤਾਬਕ ਪੰਜਾਬੀ ਵਿਚ ਪਹਿਲਾਂ ਹੋਏ ਨਿੱਗਰ ਕੰਮ ਨੂੰ ਮਾਡਰਨ ਤਰੀਕੇ ਨਾਲ ਸੰਭਾਲਣ ਤੇ ਨਵੇਂ ਲਿਖਾਰੀਆਂ ਨੂੰ ਸੁਚੱਜੇ ਤਰੀਕੇ ਨਾਲ ਆਪਣੀਆਂ ਲਿਖਤਾਂ ਵਿਚ ਉਹਨੂੰ ਵਰਤਣ ਦੀ ਲੋੜ ਹੈ। 'ਤੱਸੀ ਧਰਤੀ' ਲਾਹੌਰ, ਪਾਕਿਸਤਾਨ ਵਿਚ ਵਸਦੇ ਬਹੁ–ਵਿਧ ਲੇਖਕ ਜ਼ਾਹਿਦ ਹਸਨ ਦਾ ਸ਼ਾਹਮੁਖੀ ਲਿੱਪੀ ਵਿਚ 2015 ਵਿਚ ਛਪਿਆ ਨਾਵਲ ਹੈ। ਇਹ ਨਾਵਲ ਅਣਵੰਡੇ ਪੰਜਾਬ ਦੇ ਉਸ ਭੋਂ–ਖੰਡ ਤੇ ਉੱਥੋਂ ਦੇ ਲੋਕਾਂ ਦੀ ਬਾਤ ਪਾਉਂਦਾ ਹੈ ਜਿਸਨੂੰ 'ਬਾਰ' ਵਜੋਂ ਜਾਣਿਆ ਜਾਂਦਾ ਹੈ। ਅੰਗਰੇਜ਼ੀ ਹਕੂਮਤ ਸਮੇਂ ਨਹਿਰੀ ਪਾਣੀ ਦੀ ਸਿੰਚਾਈ ਨਾਲ ਖੇਤੀ ਕਰਨ ਲਈ ਇਸ ਇਲਾਕੇ ਵਿਚ ਜੰਗ.ਲ ਸਾਫ ਕਰਕੇ ਨਵੀਂ ਆਬਾਦੀ ਕੀਤੀ ਗਈ ਸੀ। ਇਸ ਪ੍ਰਸੰਗ ਵਿਚ ਇਹ ਨਾਵਲ ਇਸ ਖਿੱਤੇ ਦੇ ਦੋ ਸੌ ਸਾਲਾਂ ਵਿਚ ਫੈਲੇ ਬਦਲਦੇ ਇਤਿਹਾਸਕ ਤੇ ਸਮਾਜੀ–ਸਭਿਆਚਾਰਕ ਸੱਚ ਨੂੰ ਕਲਾਵੇ ਵਿਚ ਲੈਣ ਦਾ ਯਤਨ ਕਰਦਾ ਹੈ। ਤੱਸੀ ਧਰਤੀ (ਯਾਨੀ ਪਿਆਸੀ ਧਰਤੀ) ਵਿਚ ਅੰਗਰੇਜ਼ੀ ਹਕੂਮਤ ਦੌਰਾਨ ਤਬਦੀਲ ਹੋ ਰਹੇ ਸਮਾਜੀ–ਰਾਜਨੀਤਕ ਵਾਤਾਵਰਨ ਵਿਚ ਇਸ ਖਿੱਤੇ ਦੇ ਬਹਾਦਰ ਲੋਕਾਂ ਦੇ ਜੀਣ ਥੀਣ ਦੇ ਸਰੋਕਾਰਾਂ ਅਤੇ ਆਪਣੀ ਹੋਂਦ ਬਣਾਈ ਰੱਖਣ ਲਈ ਉਹਨਾਂ ਦੇ ਬਿਖਮ ਸੰਘਰਸ਼ ਦੀ ਖੂਬਸੂਰਤ ਪੇਸ਼ਕਾਰੀ ਹੋਈ ਹੈ। ਆਂਚਲਕ ਨਾਵਲ ਹੋਣ ਦੇ ਨਾਤੇ ਇਸ ਵਿਚ ਵਰਤੀ ਗਈ ਭਾਸ਼ਾ ਸਮੇਤ ਇਸਦਾ ਮੁਹਾਵਰਾ ਸਥਾਨਕ ਰੰਗਣ ਵਾਲਾ ਹੈ, ਜਿਸ ਰਾਹੀਂ ਲੋਕ ਸਭਿਆਚਾਰ ਤੇ ਰਹਿਤਲ ਨੂੰ ਸਾਹਮਣੇ ਲਿਆਂਦਾ ਗਿਆ ਹੈ।



ਸਮੁੱਚੇ ਬਿਰਤਾਂਤ ਵਿਚੋਂ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਲੋਕਾਂ ਦੀ ਧਰਮ–ਨਿਰਪੇਖਤਾ ਦੀ ਤਸਵੀਰ ਖੂਬ ਉਘੜਦੀ ਹੈ। ਪੰਜਾਬ ਦੇ ਘੱਟ ਚਿਤਰੇ ਖੇਤਰ ਨਾਲ ਸੰਬੰਧਤ ਸਾਹਿਤਕ ਕਿਰਤ ਹੋਣ ਦੇ ਨਾਤੇ ਸਮੁੱਚੇ ਤੌਰ 'ਤੇ ਇਹ ਨਾਵਲ ਇਕ ਬਹੁਮੁੱਲੀ ਰਚਨਾ ਹੈ।

### ਸਿਮਰਨ ਧਾਲੀਵਾਲ

ਪੰਜਾਬੀ ਕਹਾਣੀ ਸਿਰਜਣਾ ਦੇ ਖੇਤਰ ਵਿਚ ਨਵੀਂ ਪੀੜ੍ਹੀ ਦੇ ਜ਼ਿਕਰਯੋਗ ਲੇਖਕਾਂ ਵਿਚੋਂ ਸਿਮਰਨ ਧਾਲੀਵਾਲ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ। ਇਸ ਨੌਜਵਾਨ ਲੇਖਕ ਦਾ ਜਨਮ ਜ਼ਿਲ੍ਹਾ ਤਰਨ ਤਾਰਨ ਦੇ ਪੱਟੀ ਲਾਗਲੇ ਸਰਹੱਦੀ ਪਿੰਡ ਦੇ ਇਕ ਕਿਸਾਨੀ ਪਰਿਵਾਰ ਵਿਚ ਹੋਇਆ ਸੀ। ਉਸਨੇ ਪੰਜਾਬੀ ਸਾਹਿਤ ਵਿਚ ਐੱਮ.ਏ. ਤਕ ਦੀ ਪੜ੍ਹਾਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਮੁਕੰਮਲ ਕੀਤੀ। ਕਿੱਤੇ ਵਜੋਂ ਉਹ ਅਧਿਆਪਕ ਹੈ, ਅਤੇ ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੀ ਪੱਟੀ ਸ਼ਹਿਰ ਵਿਚਲੇ ਕੈਂਪਸ ਕਾਲਿਜ ਦੇ ਪੰਜਾਬੀ ਵਿਭਾਗ ਵਿਚ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਸਾਹਿਤ–ਸਿਰਜਣਾ ਦੇ ਖੇਤਰ ਵਿਚ ਉਹ ਆਪਣੀਆਂ ਮੁੱਢਲੀਆਂ ਰਚਨਾਵਾਂ ਨਾਲ ਹੀ ਸੰਭਾਵਨਾਵਾਂ ਭਰਪੂਰ ਸਮਰੱਥ ਲੇਖਕ ਵਜੋਂ ਪਛਾਣਿਆ ਗਿਆ ਸੀ। ਪਾਤਰਾਂ ਦੇ ਧੁਰ ਅੰਦਰ ਦੀ ਕਲਾਤਮਕ ਪੇਸ਼ਕਾਰੀ ਕਰਦੀਆਂ ਉਸਦੀਆਂ ਕਹਾਣੀਆਂ ਨੇ ਪਾਠਕਾਂ ਅਤੇ ਆਲੋਚਕਾਂ ਦੋਹਾਂ ਦਾ ਧਿਆਨ ਵੀ ਖਿੱਚਿਆ ਅਤੇ ਪ੍ਰਸ਼ੰਸਾ ਵੀ ਖੱਟੀ ਹੈ। ਕਹਾਣੀਆਂ ਦੀ ਉਸਦੀ ਪਲੇਠੀ ਪੁਸਤਕ 'ਆਸ ਅਜੇ ਬਾਕੀ ਹੈ' ਉੱਤੇ ਸਿਮਰਨ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਮਾਣ–ਮੱਤਾ ਯੁਵਾ ਪੁਰਸਕਾਰ ਵੀ ਮਿਲਿਆ। ਉਸ ਦੀਆਂ ਹੁਣ ਤਕ ਕੁਲ ਚਾਰ ਕਿਤਾਬਾਂ ਪ੍ਰਕਾਸ਼ਤ ਹੋਈਆਂ ਹਨ, ਜਿਨ੍ਹਾਂ ਵਿਚ 'ਆਸ ਅਜੇ ਬਾਕੀ ਹੈ' ਅਤੇ 'ਉਸ ਪਲ' ਉਸਦੇ ਕਹਾਣੀ ਸੰਗ੍ਰਹਿ ਹਨ। 'ਸੱਤ ਪਰੀਆਂ' ਅਤੇ 'ਸਫ਼ੈਦ ਪਰੀ ਤੇ ਪੰਛੀ' ਉਸਦੀਆਂ ਬੱਚਿਆਂ ਲਈ ਲਿਖੀਆਂ ਕਹਾਣੀਆਂ ਦੀਆਂ ਪੁਸਤਕਾਂ ਹਨ।

ਸਿਮਰਨ ਦੀਆਂ ਸਾਰੀਆਂ ਹੀ ਕਹਾਣੀਆਂ ਮਨੁੱਖੀ ਮਨ ਦੀਆਂ ਡੂੰਘੀਆਂ ਤੇ ਪੇਚੀਦਾ ਤਹਿਆਂ ਨੂੰ ਫਰੋਲਦੀਆਂ ਹਨ। ਵੱਖ ਵੱਖ ਤਰ੍ਹਾਂ ਦੇ ਹਾਲਾਤ ਮਨੁੱਖੀ ਮਾਨਸਿਕਤਾ 'ਤੇ ਕੀ–ਕੀ ਅਸਰ ਕਰਦੇ ਹਨ, ਇਹੀ ਉਸਦੀਆਂ ਕਹਾਣੀਆਂ ਦਾ ਕੇਂਦਰੀ ਨੁਕਤਾ ਹੈ। ਉਸਦੇ ਪਾਤਰ ਆ.ਲੇ–ਦੁਆ.ਲੇ ਤੁਰਦੇ ਫਿਰਦੇ ਉਹੋ ਸਾਧਾਰਨ ਲੋਕ ਹਨ, ਜੋ ਹਾਲਾਤ ਹੱਥੋਂ ਸਤਾਏ ਜ਼ਹਿਰ ਵਰਗੀ ਜ਼ਿੰਦਗੀ ਜਿਊਂਦੇ ਹਨ।

ਉਸਦੇ ਪਾਤਰ ਲੜਦੇ, ਹਾਰਦੇ ਪਰ ਅੰਤ ਨੂੰ ਜਿੱਤਦੇ ਵੀ ਨੇ। ਉਸਦੀਆਂ ਕਹਾਣੀਆਂ ਦੇ ਵਿਸ਼ੇ ਸਾਧਾਰਨ ਬੰਦੇ ਦੇ ਸੁਪਨਿਆਂ ਤੋਂ ਲੈਕੇ ਵਿਸ਼ਵ ਪਿੰਡ ਦੇ ਪਸਾਰ ਤੀਕ ਫੈਲੇ ਹੋਏ ਹਨ। 'ਉਸ ਪਲ' ਦੇ ਕਰਤਾ ਨੌਜਵਾਨ ਕਹਾਣੀਕਾਰ ਸਿਮਰਨ ਧਾਲੀਵਾਲ ਦਾ ਭਾਵੇਂ ਇਹ ਦੂਜਾ ਕਹਾਣੀ–ਸੰਗ੍ਰਹਿ ਹੈ, ਪਰੰਤੂ ਲੇਖਕ ਪਾਸ ਜੀਵਨ ਦੇ ਸਮੱਗਰ ਵਰਤਾਰਿਆਂ ਨੂੰ ਵੇਖਣ, ਸਮਝਣ ਤੇ ਪਰਖਣ ਦੀ ਸਲਾਹੀਅਤ ਉਸ ਨੂੰ ਇਕ ਨਿਪੁੰਨ ਕਹਾਣੀਕਾਰ ਵਜੋਂ ਸਾਹਮਣੇ ਲਿਆਉਂਦੀ ਹੈ।ਕਹਾਣੀਕਾਰ ਵਿਰਸੇ ਤੇ ਵਰਤਮਾਨ ਦੇ ਟਕਰਾਅ ਵਿਚੋਂ ਵਿਰਸੇ ਦਾ ਹਾਂਦਰੂ ਪਰਿਪੇਖ ਉਸਾਰਦਾ ਹੈ ਅਤੇ ਵਰਤਮਾਨ ਦੇ ਉਸ ਨਾਂਹਮੁਖੀ ਕਿਰਦਾਰ ਨੂੰ ਰੱਦ ਕਰਦਾ ਹੈ ਜੋ ਮਾਨਵ ਵਿਰੋਧੀ ਹੈ। ਇਹ ਕਹਾਣੀਆਂ ਲੋਕਧਾਰਾ ਦੇ ਮਹੱਤਵ ਤੋਂ ਲੈ ਕੇ ਜਾਤਪਾਤ ਦੇ ਕੋਹੜ, ਰਿਸ਼ਤਿਆਂ ਦੀ ਕਸ਼ੀਦਗੀ, ਬੰਦੇ ਅੰਦਰ ਲੁਕੇ ਬੰਦੇ ਦੀ ਨਕਾਬਕੁਸ਼ਾਈ, ਆਰਥਿਕ ਪਾੜੇ ਅਤੇ ਇਸਤਰੀ–ਪੁਰਸ਼ ਸੰਬੰਧਾਂ ਦੀ ਪੁਖ਼ਤਗੀ ਤੇ ਪਾਕੀਜ਼ਗੀ ਨੂੰ ਬੜੀ ਬਾਰੀਕੀ ਨਾਲ ਪੇਸ਼ ਕਰਦੀਆਂ ਹਨ।ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਉਸ ਪਲ' ਤੋਂ ਬਿਨਾਂ 'ਮੈਂ ਹੁਣ ਝੂਠ ਨਹੀ ਬੋਲਦਾ' ਨਾਂ ਦੀ ਕਹਾਣੀ ਤਾਂ ਕਹਾਣੀ ਕਹਿਣ ਦੀ ਕਲਾਤਮਕ ਜੁਗਤ ਦਾ ਸ੍ਰੇਸ਼ਟ ਨਮੂਨਾ ਹਨ।



ਸਿਮਰਨ ਧਾਲੀਵਾਲ ਪਾਸ ਜੀਵਨ ਦੇ ਸਾਧਾਰਨ ਵੇਰਵਿਆਂ ਵਿਚੋਂ ਅਸਾਧਾਰਨ ਵਿਵੇਕ ਉਸਾਰਨ ਦੀ ਤਾਕਤ ਹੈ। ਉਸਦੀ ਇਹੀ ਤਾਕਤ ਉਸ ਨੂੰ ਸਮਾਜੀ, ਰਾਜਸੀ ਤੇ ਮਨੋਵਿਗਿਆਨਕ ਮਸਲਿਆਂ ਨੂੰ ਸਮਝਣ ਤੇ ਸੁਲਝਾਉਣ ਦੇ ਸਮਰੱਥ ਬਣਾਉਂਦੀ ਹੈ। ਉਸ ਦੀਆਂ ਬਿਰਤਾਂਤ ਜੁਗਤਾਂ, ਪਾਤਰ ਉਸਾਰੀ ਦੀਆਂ ਵਿਧੀਆਂ ਅਤੇ ਭਾਸ਼ਾਈ ਸੰਜਮ ਉਸ ਨੂੰ ਵਿਲੱਖਣ ਕਹਾਣੀਕਾਰ ਬਣਾਉਂਦੇ ਹਨ। ਇਸੇ ਲਈ ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਉਜਲੇ ਭਵਿਖ ਦੀ ਆਸ ਬੰਨ੍ਹਾਉਂਦੀਆਂ ਹਨ।



ਪਿੰਡ ਭਨੋੜ (ਲੁਧਿਆਣਾ) ਪੰਜਾਬ ਦੀ ਉਭਰਦੀ ਪੰਜਾਬੀ ਲੇਖਿਕਾ ਸ਼੍ਰੀਮਤੀ ਵੀਰਪਾਲ ਕੌਰ ਸਫ਼ਰੀ ਦਾ ਪਲੇਠਾ ਬਾਲ ਕਹਾਣੀ ਸੰਗ੍ਰਹਿ "ਜਾਦੂਗਰਨੀ ਅੰਬਿਕਾ ਦਾ ਮਹਿਲ" ਲੋਕ ਅਰਪਿਤ ਕਰਨ ਦਾ ਮੁਬਾਰਕ ਮੌਕਾ ਨਸੀਬ ਹੋਇਆ। ਵੀਰਪਾਲ ਕੌਰ ਸਫਰੀ ਨਾਲ ਖੜ੍ਹੇ ਹਨ ਅਮਰਕਿ ਤਲਵੰਡੀ, ਸ. ਨਵਤੇਜ਼ ਸਿੰਘ, ਪ੍ਰਿੰਸੀਪਲ ਅਵਤਾਰ ਸਿੰਘ ਰਾਏਕੋਟ, ਬਲਵੀਰ ਮਾਨ, ਗਗਨਦੀਪ ਕੌਰ ਸਰਪੰਚ, ਨਛੱਤਰ ਸਿੰਘ, ਅਮਨਦੀਪ ਸਿੰਘ ਅਤੇ ਮਨਜਿੰਦਰ ਸਿੰਘ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਓ ਦਿਓ ਫੇਰ ਦਿਲ ਖੋਲ੍ਹ ਕੇ ਪੰਜਾਬੀ ਮਾਂ ਬੋਲੀ ਦੀ ਲਾਡਲੀ ਬੇਟੀ ਵੀਰਪਾਲ ਕੌਰ ਸਫਰੀ ਨੂੰ ਮੁਬਾਰਕਾਂ....।

# ਦਲਿਤ ਰਾਜਨੀਤੀ ਦਾ ਪਿਤਾਮਾ- ਸਾਹਿਬ ਸ੍ਰੀ ਕਾਂਸ਼ੀ ਰਾਮ

ਸੀ। ਕਾਂਸ਼ੀ ਰਾਮ ਜੀ ਨੂੰ ਪਾਰਟੀ ਵਰਕਰ ਪਿਆਰ ਨਾ.ਲ ਸਾਹਿਬ ਕਹਿ ਕੇ ਬੁਲਾਉਂਦੇ ਸਨ। ਕਾਂਸੀ ਰਾਮ 11ਵੀਂ ਲੋਕ ਸਭਾ ਲਈ ਹੁਸ਼ਿਆਰਪੁਰ ਅਤੇ ਇਟਾਵਾ ਤੋਂ ਮੈਂਬਰ ਚੁਣੇ ਗਏ। ਰਾਜਨੀਤੀ ਵਿੱਚ ਡਾ. ਅੰਬੇਡਕਰ ਦੀਆਂ ਹਾਰਾਂ ਦੀ ਕਾਂਸੀ ਰਾਮ ਨੇ ਪੜਚੋਲ ਕੀਤੀ ਤਾਂ ਇਸ ਸਿੱਟੇ ਤੇ ਪੁੱਜੇ ਕਿ ਅੰਬੇਡਕਰ ਨੂੰ ਸਿਰਫ਼ ਦਲਿਤਾਂ ਦੀਆਂ 6 ਜਾਤਾਂ ਨੇ ਹੀ ਸਮਰਥਨ ਦਿੱਤਾ ਪਰ ਕਾਂਸੀ ਰਾਮ ਉੱਤਰ ਪ੍ਰਦੇਸ ਵਿੱਚ 400 ਜਾਤਾਂ ਨੂੰ ਇੱਕ ਮੰਚ ਤੇ ਇਕੱਠੇ ਕਰਕੇ ਯੂ.ਪੀ. ਵਿੱਚ ਉਨ੍ਹਾਂ ਦੇ ਹੁੰਦਿਆਂ ਹੀ ਤਿੰਨ ਵਾਰ ਬਸਪਾ ਦੀ ਸਰਕਾਰ ਬਣੀ ਅਤੇ ਚੌਥੀ ਵਾਰ ਵੀ ਸਰਕਾਰ ਬਣੀ ਹੈ। 9 ਅਕਤੂਬਰ 2006 ਨੂੰ 20ਵੀਂ ਸਦੀ ਦੇ ਇਸ ਮਹਾਂ ਨਾਇਕ ਦੀ ਹੋਈ ਮੌਤ ਨੇ ਬਹੁਜਨ ਸਮਾਜ ਨੂੰ ਅਸਹਿ ਘਾਟਾ ਪਾਇਆ ਪਰ ਉਨ੍ਹਾਂ ਦੁਆਰਾ ਪੁਨਰ ਸੁਰਜੀਤ ਕੀਤੀ ਅੰਬੇਡਕਰ ਵਾਦ ਦੀ ਲਹਿਰ ਅੱਜ ਵੀ ਜਾਰੀ ਹੈ। ਕੁੱਲੀਆਂ ਅੱਗੇ ਮਹਿਲਾਂ ਨੂੰ ਝੁਕਣ ਲਈ ਮਜਬੂਰ ਕਰਨ ਵਾ.ਲਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜਿਹਾ ਯੁੱਗ ਪਲਟਾਊ ਰਹਿਬਰ ਇਸ ਦੁਨੀਆਂ 'ਤੇ ਕਦੇ–ਕਦੇ ਹੀ ਪੈਦਾ ਹੁੰਦਾ ਹੈ।

## ਗੁਰਬਾਣੀ 'ਚੋਂ ਗਿਆਨ



**ਆਜ਼ਾਦ ਜਲੰਧਰੀ**

ਖੁਸ਼ਕਿਸਮਤ ਹਾਂ ਗੁਰੂ ਨਾਨਕ, ਜਿਹਾ ਰਹਿਬਰ ਮਿਲਿਆ।
ਗੁਰਬਾਣੀ 'ਚੋਂ ਗਿਆਨ ਦਾ, ਮੈਨੂੰ ਸਾਗਰ ਮਿਲਿਆ।

ਚੜ੍ਹੀ ਰਹੇ ਦਿਨ ਰਾਤ ਖੁਮਾਰੀ, ਜਿਸਦੀ ਮੈਨੂੰ,
ਗੁਰੂ ਨਾਨਕ ਤੋਂ ਰਾਮ ਨਾਮ, ਰਤਨਾਗਰ ਮਿਲਿਆ।

ਜਿੱਥੇ ਬਹਿਕੇ ਗੁਰਸਿੱਖ, ਮਾਲਿਕ ਦੇ ਗੁਣ ਗਾਉਂਦੇ,
ਚੰਗੇ ਭਾਗ ਨੇ ਜੀਵਨ, ਦੇ ਵਿਚ ਸੋ ਦਰ ਮਿਲਿਆ।

ਜਦ ਮੈਂ ਧਿਆਨ ਲਗਾ ਕੇ, ਸੁਰਤ ਇਕਾਗਰ ਕੀਤੀ,
ਜੋ ਬ੍ਰਹਿਮੰਡੇ ਸੋਈ, ਪਿੰਡੇ ਅੰਦਰ ਮਿਲਿਆ।

ਹੋਰ ਬਹੁਤ ਕੁਛ ਮਿਲਿਆ, ਗਿਆਨੀ ਉਸ ਮਾਲਿਕ ਤੋਂ,
ਇਕ ਪਿਆਰਾ "ਆਜ਼ਾਦ" ਜਿਹਾ, ਏ ਮਿੱਤਰ ਮਿਲਿਆ।

## ਰਾਜਨੀਤੀ



ਜਿਹੜੀ ਜਿੱਤ ਹਾਰ ਹੁੰਦੀ ਉਹਦੇ ਕੰਮਾਂਕਾਰਾਂ ਨਾਲ
ਜੀਹਦੇ ਚੰਗੇ ਕੰਮ ਕੀਤੇ ਉਹਦੀ ਬਣਦੀ ਮਿਸਾਲ
ਨਹੀਂ ਤਾਂ ਚਾਰੇ ਪਾਸੇ ਪੁੱਠੇ ਸਿੱਧੇ ਉਠਦੇ ਸਵਾਲ
ਦੱਸ ਕੀ ਇਹਨੇ ਕੀਤਾ ਖੂਨ ਰੱਜ ਕੇ ਹੈ ਪੀਤਾ
ਨਾਲੇ ਪਿੰਡ ਦਾ ਵੀ ਬੱਚਾ-ਬੱਚਾ ਪਿੱਛੇ ਹਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿੱਤਿਆ ਤਾਂ ਕੀ ਜਿੱਤਿਆ।

ਸੱਥਾਂ ਵਿਚ ਬੈਠੇ ਬਾਬੇ ਗੱਲਾਂ ਕਰਦੇ
ਕਿੱਥੋਂ ਆਉਂਦਾ ਪੈਸਾ ਲੋਕੀ ਕਿਵੇਂ ਖੜਦੇ
ਨਾ ਕੋਈ ਵੇਚਦੇ ਜ਼ਮੀਨ ਨਾ ਕੋਈ ਗਹਿਣੇ ਧਰਦੇ
ਕੋਈ ਕਰਦੇ ਘੁਟਾਲਾ ਫੇਰ ਹੁੰਦਾ ਬੋਲਬਾਲਾ
ਨਾ ਮੀਡੀਏ ਦੀਆਂ ਨਜ਼ਰਾਂ ਤੋਂ ਬਚ ਸਕਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿੱਤਿਆ ਤਾਂ ਕੀ ਜਿੱਤਿਆ।

ਕੇਸ ਚਲਦੇ ਕਚਹਿਰੀ ਨਾਲੇ ਘਰ ਪਟਦੇ
ਪੱਲੇ ਪੈਂਦੀ ਬਦਨਾਮੀ ਦੱਸ ਕੀ ਖੱਟਦੇ
ਫਿਰ ਆਉਂਦੀ ਹੈ ਕੰਗਾਲੀ ਨਿੱਤ ਰਹਿਣ ਲੜਦੇ
ਨਾ ਕੋਈ ਕਰਦੇ ਸਲਾਹ ਪਿੱਛੋਂ ਹੁੰਦੇ ਨੇ ਤਬਾਹ
ਕਹਿਣ ਪਾਰਟੀ ਬਾਜ਼ੀ ਨੇ ਸਾਨੂੰ ਮਾਰ ਸੁੱਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜਦਾ
ਉਹ ਪੈਸੇ ਦੇ ਕੇ ਜਿੱਤਿਆ ਤਾਂ ਕੀ ਜਿੱਤਿਆ।

ਵੱਜੀਂ ਰੰਗਲੇ ਪੰਜਾਬ ਦੇ ਹੈ ਸੱਟ ਵੀ ਕਰਾਰੀ
ਇਹਦੀ ਵੰਡੀਆਂ ਤੇ ਵੋਟਾਂ ਨੇ ਤਾਂ ਮੱਤ ਪਈ ਮਾਰੀ
ਪਰ ਔਖੇ ਹੋ ਕੇ ਇਹਨੇ ਗੱਲ ਸਭ ਦੀ ਸਹਾਰੀ
ਇਹਦੀ ਸੁਣੇ ਨਾ ਕੋਈ ਆਵਾਜ਼ ਸਾਰਾ ਢਾਂਚਾ ਹੀ ਖਰਾਬ
'ਦੇਵ ਘੋਲੀਏ' ਦਾ ਅੱਜ ਫਿਰ ਤਾਹੀਉਂ ਪਿਟਿਆ
ਜਿਹੜਾ ਧੱਕੇ ਨਾਲ ਵੋਟਾਂ ਵਿਚ ਖੜ੍ਹਦਾ
ਉਹ ਪੈਸੇ ਦੇ ਕੇ ਜਿੱਤਿਆ ਤਾਂ ਕੀ ਜਿੱਤਿਆ।

**- ਦੇਵ ਘੋਲੀਆ (ਫਰਿਜ਼ਨੋ)**
559-232-7764

## ਖੂਨ ਵਹਿਣਾ ਇਨਸਾਨ ਦਾ



ਨਾ ਕੁਝ ਜਾਣਾ ਭਾਰਤ ਦੇਸ਼ ਦਾ
ਨਾ ਜਾਣਾ ਕੁਝ ਪਾਕਿਸਤਾਨ ਦਾ।
ਦੋਹਾਂ ਦੇ ਵਿੱਚ ਜੰਗ ਜੇ ਹੋਈ,
ਬਸ ਖੂਨ ਵਹਿਣਾ ਇਨਸਾਨ ਦਾ।
ਨਾ ਕੁਝ ਜਾਣਾ-----।
ਮਾਵਾਂ ਤੋਂ ਪੁੱਤ ਦੂਰ ਹੋ ਜਾਣੇ,
ਭੈਣਾਂ ਦੇ ਇਹਨੇ ਵੀਰ ਮਰਾਉਣੇ,
ਕਈਆਂ ਬਾਲਾਂ ਦਾ ਬਾਪ ਹੈ ਖੋਹਣਾ,
ਇਹ ਗੱਲ ਕੋਣ ਹੈ ਜਾਣਦਾ।
ਨਾ ਕੁਝ ਜਾਣਾ-----।
ਸੁਹਾਗ ਨੇ ਜੰਗ 'ਚ ਸ਼ਹੀਦ ਜਦ ਹੋਣਾ
ਨਵੀਆਂ ਸੁਹਾਗਣਾਂ ਚੂੜਾ ਭੰਨ ਰੋਣਾ,
ਜੰਗ ਦੁੱਖਾਂ ਦੀ ਸੌਗਾਤ ਹੈ ਦਿੰਦੀ,
ਕੌਣ ਖੁਸ਼ੀਆਂ ਖੇੜੇ ਮਾਣਦਾ।
ਨਾ ਕੁਝ ਜਾਣਾ-----।
ਬੰਬ, ਗੋਲਿਆਂ ਨੇ ਝੜੀ ਜਦ ਲਾਉਣੀ,
ਨਫ਼ਰਤ ਦੀ ਇਹਨੇ ਅੱਗ ਵਰਸਾਉਣੀ,
ਇਸ ਦੇ ਵਿੱਚ ਇਨਸਾਨ ਹੀ ਮੁੱਕਣਾ,
ਇਹ ਸਮਾਂ ਮਾਨਵ ਦੇ ਘਾਣ ਦਾ।
ਨਾ ਕੁਝ ਜਾਣਾ-----।
ਪਰਸ਼ੋਤਮ! ਇਤਿਹਾਸ ਗਵਾਹੀ ਭਰਦਾ,
ਜੰਗ ਦਾ ਸਮਾਂ ਤਬਾਹੀ ਕਰਦਾ,
ਜਿਸ ਦਾ ਆਪਣਾ, ਸ਼ਹੀਦ ਕੋਈ ਹੋਵੇ,
ਦੁੱਖ ਕੀ ਹੈ? ਉਹ ਹੀ ਜਾਣਦਾ।
ਨਾ ਕੁਝ ਜਾਣਾ-----।
ਸਰੋਏ! ਜੰਗਾਂ ਤਾਈਂ ਮਿਟਾਈਏ,
ਸਾਰੇ ਇੱਕ ਹਾਂ, ਹੋਕਾ ਲਾਈਏ,
ਨਫ਼ਰਤਾਂ ਦੀ ਅੱਗ ਫ਼ੈਲਾਉਣਾ,
ਕੰਮ ਹੁੰਦਾ ਅਣਜਾਣ ਦਾ।
ਨਾ ਕੁਝ ਜਾਣਾ-----।

**ਪਰਸ਼ੋਤਮ ਲਾਲ ਸਰੋਏ, 91-92175-44348**

## ਅਮਨ



ਪੰਛੀਆਂ ਨੂੰ ਉੱਡਦੇ ਵੇਖ ਕੇ,
ਚਹਿ ਚਹਾਇਆ ਮਨ ਇਕ ਦਿਨ।
ਜੇ ਉਡਾਣਾਂ ਹੋਣ ਆਜ਼ਾਦ,
ਕਿਉਂ ਨਾ ਹੋਵੇ ਫਿਰ ਖੁਸ਼ ਮਨ।
ਮਾਨਵਤਾ ਲਈ ਆਵੇ,
ਸਦਾ ਅਜਿਹਾ ਦਿਨ।
ਢੋਂਹ-ਚੱਕੀ ਸੋਚਾਂ ਬਦਲ ਜਾਣ,
ਐਸਾ ਕੋਈ ਦੀਪ ਜਲੇ।
ਅਮਨ ਦੀਪ ਹੈ ਇਕ ਰੋਸ਼ਨ,
ਰਹੇ ਹਮੇਸ਼ਾ ਜਿਸਦਾ ਚਾਨਣ।
ਦੁਨੀਆਂ ਵਿਚ ਰਹੇ ਅਮਨ,
ਸਭ ਸੁਖ ਵਿਚ ਵੱਸਣ।
ਜਾਂਦੇ ਹਰ ਮਹਾਂਪੁਰਸ਼ ਨੇ,
ਦਿੱਤਾ ਅਮਨ ਦਾ ਪ੍ਰਵੱਚਨ।
ਕਿ ਦੁਨੀਆਂ ਵਿਚ,
ਅਮਨ ਰਹੇ! ਅਮਨ ਰਹੇ!
ਮਹਾਂਪੁਰਸ਼ਾਂ ਸਦਾ ਆਉਂਦੇ ਰਹਿਣਾ,
ਅਮਨ ਦਾ ਉਪਦੇਸ਼ ਸੁਣਾਉਣਾ।
'ਪ੍ਰਵਾਨਾ' ਇਹ ਸੰਦੇਸ਼ ਪਹੁੰਚਾਉਣਾ
ਵਿਚ ਦੁਨੀਆਂ ਸਦਾ
ਅਮਨ ਰਹੇ! ਅਮਨ ਰਹੇ!

**ਪ੍ਰਮਿੰਦਰ ਸਿੰਘ ਪ੍ਰਵਾਨਾ**
(510) 781-0487

# ਕੌਣ ਦੇਵੇਗਾ ਦਲਿਤਾਂ ਨੂੰ ਮਾਣ ਸਨਮਾਨ?

ਬਣਦੀ ਹੈ। ਉਹ ਹੈ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਬਾਰੇ। ਵਿਰਸਾ ਸਿੰਘ ਵਲਟੋਹਾ ਅਕਾਲੀ ਬਣਨ ਤੋਂ ਪਹਿਲਾਂ ਖਾਲਿਸਤਾਨ ਦਾ ਚੋਟੀ ਦਾ ਨੇਤਾ ਰਿਹਾ ਹੈ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਲੜਦਾ ਰਿਹਾ ਹੈ। ਲੰਬਾ ਸੰਘਰਸ਼ ਲੜਨ ਅਤੇ ਹਜ਼ਾਰਾਂ ਨੌਜੁਆਨਾਂ ਦੀ ਕੁਰਬਾਨੀ ਪਿੱਛੋਂ ਵੀ ਖਾਲਿਸਤਾਨ ਬਣ ਨਹੀਂ ਸਕਿਆ।

ਇਸ ਲਈ ਉਸਨੇ ਅਕਾਲੀ ਦਲ ਵੱਲ ਮੋੜਾ ਪਾ ਲਿਆ। ਹੁਣ ਸੋਚਣ ਵਾਲ਼ੀ ਗੱਲ ਹੈ ਕਿ ਜੇਕਰ ਖਾਲਿਸਤਾਨ ਬਣ ਜਾਂਦਾ ਤਾਂ ਖਾਲਿਸਤਾਨ ਦਾ ਸਮਾਜਿਕ ਪ੍ਰਬੰਧ ਕਿਹੋ ਜਿਹਾ ਹੁੰਦਾ? ਕੀ ਇਸ ਤਰ੍ਹਾਂ ਦੇ ਖਾਲਿਸਤਾਨੀ ਨੇਤਾ ਰਾਜ-ਭਾਗ ਸੰਭਾਲ਼ ਲੈਣ ਉਪਰੰਤ ਦਲਿਤਾਂ ਨੂੰ ਉਹਨਾਂ ਦੇ ਬਣਦੇ ਅਧਿਕਾਰ ਅਤੇ ਮਾਣ-ਸਨਮਾਨ ਦਿੰਦੇ ਜਾਂ ਚੂਹੜੇ-ਚਮਾਰ ਅਤੇ ਸਾਲੇ ਕਹਿ ਕੇ ਹੀ ਸੰਬੋਧਨ ਕਰਿਆ ਕਰਦੇ? ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਲੋਕਾਂ ਨੂੰ 'ਗੁਰੂ ਕੇ ਬੇਟੇ' ਕਹਿੰਦੇ ਰਹੇ ਅਤੇ ਉਹਨਾਂ ਲਈ ਪਾਤਸ਼ਾਹੀ ਦਾ ਪ੍ਰਬੰਧ ਕਰਨ ਲਈ ਯਤਨ ਕਰਦੇ ਰਹੇ, ਉਹਨਾਂ ਹੀ ਲੋਕਾਂ ਨੂੰ ਇੱਕ ਸਾਬਕਾ ਖਾਲਿਸਤਾਨੀ ਹੋਰ ਸ਼ਬਦ ਲੈ ਕੇ ਹਾਜ਼ਰ ਹੈ 'ਸਾਲ਼ੇ' ਅਤੇ 'ਚੂੜ੍ਹੇ ਚਮਾਰ'। ਵਿਰਸਾ ਸਿੰਘ ਵਲਟੋਹਾ ਆਪਣੇ ਧਰਮ ਤੋਂ ਅਣਜਾਣ ਨਹੀਂ ਹੋ ਸਕਦਾ। ਉਹ ਸਿੱਖ ਧਰਮ ਦੀਆਂ ਰਵਾਇਤਾਂ ਨੂੰ ਤਾਂ ਜਾਣਦਾ ਹੀ ਹੋਵੇਗਾ ਪਰ ਉਸ ਅੰਦਰਲਾ ਜੱਟਪੁਣਾ ਉਸ ਨੂੰ ਅਜਿਹਾ ਕਹਿਣ ਲਈ ਮਜ਼ਬੂਰ ਕਰਦਾ ਹੋਵੇਗਾ ਜਾਂ ਉਸਦੇ ਮਨ ਵਿੱਚ ਗੁੱਸਾ ਹੋਵੇਗਾ ਕਿ ਦਲਿਤਾਂ ਨੇ ਖਾਲਿਸਤਾਨ ਦੀ ਲਹਿਰ ਵਿੱਚ ਉਹਨਾਂ ਦਾ ਕੋਈ ਬਹੁਤਾ ਸਾਥ ਨਹੀਂ ਦਿੱਤਾ।

ਦਲਿਤ ਵਰਗ ਨੇ ਸਿੱਖ ਲਹਿਰ ਦੀ ਉਸਾਰੀ ਵਿੱਚ ਅਥਾਹ ਕੁਰਬਾਨੀਆਂ ਕੀਤੀਆਂ ਹਨ। ਜੇਕਰ ਕਹਿ ਦੇਈਏ ਕਿ ਸਿੱਖੀ ਦੀ ਲਹਿਰ ਉੱਸਰੀ ਹੀ ਦਲਿਤਾਂ ਦੇ ਸਿਰ 'ਤੇ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਪਰ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਪਿੱਛੋਂ ਇਸ ਲਹਿਰ ਵਿੱਚ ਦਲਿਤਾਂ ਨਾ਼ਲ ਧੋਖਾ ਹੋਇਆ। ਉਹਨਾਂ ਦੇ ਪ੍ਰਸਿੱਧ ਜਰਨੈਲਾਂ ਨਾ਼ਲ ਆਪਣਿਆਂ (ਭਾਵ ਘੁਸਪੈਠੀਏ ਬਣ ਕੇ ਧਰਮ ਵਿੱਚ ਦਾਖ਼ਲ ਹੋਏ ਉੱਚ ਜਾਤੀਏ ਸਿੱਖਾਂ) ਵੱਲੋਂ ਹੀ ਬੁਰੀ ਕੀਤੀ ਗਈ। ਉਹਨਾਂ ਦਾ ਮਾਣ-ਸਨਮਾਨ ਅਤੇ ਤਖਤ-ਤਾਜ ਸਭ ਖੁੱਸ ਗਏ। ਫਿਰ ਇੱਕ ਦਿਨ ਉਹ ਇਸ ਸਥਾਨ 'ਤੇ ਆ ਖੜ੍ਹੇ ਕਿ ਉਹਨਾਂ ਨੂੰ ਹਿੰਦੂ ਧਰਮ ਵਿਚਲੇ ਅਛੂਤ ਸ਼ੂਦਰਾਂ ਵਾਂਗ ਚੌਥੇ ਪਉੜੇ ਦੇ ਸਿੰਘ ਆਖਿਆ ਜਾਣ ਲੱਗਿਆ। ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਵਿੱਚ ਉਹਨਾਂ ਦੀ ਦੇਗ ਪ੍ਰਵਾਨ ਹੋਣੋ ਬੰਦ ਹੋ ਗਈ। ਗੁਰੂ ਘਰਾਂ ਦੇ ਦਰਵਾਜੇ ਵੀ ਹੌ਼ਲੀ ਹੌ਼ਲੀ ਬੰਦ ਹੋਣ ਲੱਗ ਪਏ। ਇਸ ਤੋਂ ਬਾਅਦ ਚੱਲਣ ਵਾ਼ਲੀਆਂ ਤਕਰੀਬਨ ਸਭ ਹੀ ਲਹਿਰਾਂ ਵਿੱਚ ਵੀ ਉਹ ਧੋਖੇ ਦਾ ਸ਼ਿਕਾਰ ਹੁੰਦੇ ਰਹੇ। ਵਾਰ ਵਾਰ ਧੋਖੇ ਖਾਣ ਪਿੱਛੋਂ ਹੁਣ ਛੇਤੀ ਕੀਤਿਆਂ ਦਲਿਤ ਵਰਗ ਦਾ ਕਿਸੇ 'ਤੇ ਵਿਸ਼ਵਾਸ਼ ਨਹੀਂ ਬੱਝਦਾ। ਜਿੰਨਾਂ ਚਿਰ ਤੱਕ ਕਿਸੇ ਦਾ ਵਿਸ਼ਵਾਸ ਬਹਾਲ ਨਹੀਂ ਹੁੰਦਾ ਉਨੀਂ ਦੇਰ ਤੱਕ ਉਹ ਅੱਗੇ ਹੋ ਕੇ ਹਿੱਕ ਡਾਹ ਕੇ ਨਹੀਂ ਲੜ ਸਕੇਗਾ। ਇਸ ਲਈ ਸ਼ਾਇਦ ਦਲਿਤ ਨੌਜੁਆਨ ਖਾਲਿਸਤਾਨ ਦੀ ਲਹਿਰ ਵਿੱਚ ਘੱਟ ਸਰਗਰਮ ਰਹੇ। ਜਦੋਂ ਖਾਲਿਸਤਾਨ ਦੀ ਲਹਿਰ ਦੀ ਸਰਗਰਮੀ ਵਧ ਰਹੀ ਸੀ ਠੀਕ ਇਸੇ ਸਮੇਂ ਹੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਲਹਿਰ ਦਾ ਉਭਾਰ ਹੋ ਰਿਹਾ ਸੀ। ਜਿਹੜੇ ਦਲਿਤ ਨੌਜੁਆਨ ਅੰਬੇਡਕਰੀ ਲਹਿਰ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਨਾ਼ਲ ਹੋ ਤੁਰੇ ਉਹਨਾਂ ਨੇ ਹੀ ਖਾਲਿਸਤਾਨ ਦੀ ਲਹਿਰ ਵਿੱਚ ਕੋਈ ਭੂਮਿਕਾ ਨਿਭਾਉਣੀ ਸੀ। ਸਾਹਿਬ ਕਾਂਸ਼ੀ ਰਾਮ ਜੀ ਜਾਣਦੇ ਸਨ ਕਿ ਖਾਲਿਸਤਾਨ ਦੀ ਲਹਿਰ ਵਿੱਚੋਂ ਨਿਰਾਸ਼ਾ ਪੱਲੇ ਪੈਣ ਵਾ਼ਲੀ ਹੈ ਇਸ ਲਈ ਉਹਨਾਂ ਨੇ ਦਲਿਤ ਨੌਜੁਆਨਾਂ ਨੂੰ ਇਸ ਲਹਿਰ ਤੋਂ ਦੂਰ ਰੱਖਿਆ।

ਅੱਜ ਸਿੱਖਾਂ ਦੀ ਅਬਾਦੀ ਘਟਦੀ ਜਾ ਰਹੀ ਹੈ। ਜੋ ਭਾਰਤ ਦੀ ਜਨਸੰਖਿਆ ਵਿੱਚ 2.9 ਪ੍ਰਤੀਸ਼ਤ ਤੋਂ ਘਟ ਕੇ 2.7 ਪ੍ਰਤੀਸ਼ਤ 'ਤੇ ਆ ਗਈ ਹੈ। ਪੰਜਾਬ ਵਿੱਚ ਵੀ ਸਿੱਖਾਂ ਦੀ ਅਬਾਦੀ ਘਟਦੀ ਜਾ ਰਹੀ ਹੈ। ਇਸ ਘਾਟੇ ਦਾ ਕਾਰਨ ਇਹ ਹੈ ਕਿ ਦਲਿਤ ਹੁਣ ਸਿੱਖ ਧਰਮ ਨੂੰ ਛੱਡ ਕੇ ਬੁੱਧ ਧੰਮ ਵਿੱਚ ਪ੍ਰਵੇਸ਼ ਕਰਨ ਲੱਗੇ ਹਨ। ਸਿੱਖ ਧਰਮ ਦੀ ਸਟੀਕ ਵਿਆਖਿਆ ਕਰਨ ਵਾ਼ਲੇ ਬੁੱਧੀ-ਜੀਵੀ ਪ੍ਰੋ: ਗੁਰਨਾਮ ਸਿੰਘ ਮੁਕਤਸਰ ਵੀ ਆਖਰ ਸੈਂਕੜੇ ਸਾਥੀਆਂ ਨਾ਼ਲ ਸਿੱਖ ਧਰਮ ਨੂੰ ਛੱਡ ਕੇ ਬੁੱਧ ਧੰਮ ਦੀ ਸ਼ਰਨ ਵਿੱਚ ਚਲੇ ਗਏ ਹਨ। ਅਜੇ ਵੀ ਸਿੱਖ ਆਗੂਆਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਦਲਿਤ ਵਰਗ ਨੂੰ ਕਿਸ ਤਰ੍ਹਾਂ ਆਪਣੇ ਨਾ਼ਲ ਰੱਖਣ। ਪਿਆਰ ਨਾ਼ਲ ਜਾਂ ਡਾਂਗ ਸੋਟੇ ਨਾ਼ਲ। ਕਿਸੇ ਸਮੇਂ ਦਲਿਤਾਂ ਨੂੰ ਡਾਂਗ ਸੋਟੇ ਨਾ਼ਲ ਦਬਕਾਇਆ ਜਾ ਸਕਦਾ ਸੀ ਪਰ ਹੁਣ ਇਸ ਤਰ੍ਹਾਂ ਨਹੀਂ ਹੋ ਸਕਦਾ। ਗੁਜਰਾਤ ਦੇ ਸਵਰਨ ਹਿੰਦੂਆਂ ਨੇ ਵੀ ਡਾਂਗ ਸੋਟੇ ਨਾ਼ਲ ਦਲਿਤਾਂ ਨੂੰ ਡਰਾਉਣ ਦੀ ਕੋਸ਼ਿਸ ਕੀਤੀ ਸੀ ਜੋ ਕਿ ਕਾਮਯਾਬ ਨਹੀਂ ਹੋ ਸਕੇ। ਉਲਟਾ ਦਲਿਤ ਵਰਗ ਨੇ ਸਵਰਨ ਹਿੰਦੂਆਂ ਦੀ ਹੁਕਮ ਅਦੂਲੀ ਹੀ ਨਹੀਂ ਕੀਤੀ ਸਗੋਂ ਆਪਣਾ ਪ੍ਰਤੀਕਰਮ ਵੀ ਦਿਖਾਇਆ। ਇਸ ਦੇ ਨਾ਼ਲ ਹੀ ਉਹਨਾਂ 'ਚੋਂ ਹਜ਼ਾਰਾਂ ਪਰਿਵਾਰਾਂ ਨੇ ਹਿੰਦੂ ਧਰਮ ਨੂੰ ਸਦਾ ਲਈ ਤਿਆਗ ਕੇ ਬੁੱਧ ਧੰਮ ਗ੍ਰਹਿਣ ਕਰ ਲਿਆ।

ਹੁਣ ਦੁਬਾਰਾ ਉਹਨਾਂ ਲੋਕਾਂ ਵੱਲ ਆਈਏ ਜਿਹੜੇ ਸਹੂਲਤਾਂ ਲੈਣ ਵੇ਼ਲੇ ਆਪਣੇ ਜਾਤੀ ਸਰਟੀਫਿਕੇਟ ਪੇਸ਼ ਕਰਦੇ ਹਨ ਅਤੇ ਮਲਾਈਦਾਰ ਅਹੁਦੇ ਲੈ ਕੇ ਅਨੰਦ ਮਾਣਦੇ ਹਨ ਪਰ ਆਪਣੇ ਭਰਾਵਾਂ ਦੀ ਪੁੱਛਗਿੱਛ ਹੀ ਨਹੀਂ ਕਰਦੇ। ਉਹਨਾਂ ਲਈ ਸੱਤਾ ਦਾ ਅਨੰਦ ਮਾਨਣਾ ਹੀ ਸਭ ਕੁੱਝ ਹੋ ਜਾਂਦਾ ਹੈ। ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਰਾਖਵਾਂਕਰਣ ਰਾਹੀਂ ਚੁਣੇ ਜਾਣ ਦਾ ਅਧਿਕਾਰ ਉਹਨਾਂ ਨੂੰ ਕਿਸੇ ਗਾਂਧੀ ਜਾਂ ਬਾਦਲ ਨੇ ਲੈ ਕੇ ਨਹੀਂ ਦਿੱਤਾ। ਇਸ ਅਧਿਕਾਰ ਵਾਸਤੇ ਬਾਬਾ ਸਾਹਿਬ ਅਤੇ ਉਹਨਾਂ ਦੇ ਸਾਥੀਆਂ ਨੇ ਕਰੜਾ ਸੰਘਰਸ਼ ਕੀਤਾ ਹੈ। ਜੇ ਬਾਬਾ ਸਾਹਿਬ ਨਾ ਹੁੰਦੇ ਤਾਂ ਇਹਨਾਂ ਅਖੌਤੀ ਲੋਕ ਨੁਮਾਇੰਦਿਆਂ ਨੂੰ ਕਿਸੇ ਨੇ ਡੇਲਿਆਂ ਵੱਟੇ ਵੀ ਨਹੀਂ ਸੀ ਪੁੱਛਣਾ। ਇਸ ਲਈ ਉਹ ਆਪਣੀ ਹਾਈ ਕਮਾਂਡ ਤੋਂ ਡਰਨ ਦੀ ਬਜਾਏ ਆਪਣੇ ਭਰਾਵਾਂ ਦੇ ਮਾਣ ਸਨਮਾਨ ਲਈ ਲੜਨ। ਕਾਰਨ ਭਾਵੇਂ ਕੋਈ ਵੀ ਹੋਵੇ ਨਵਜੋਤ ਸਿੰਘ ਸਿੱਧੂ ਅਤੇ ਪ੍ਰਗਟ ਸਿੰਘ ਵਰਗਿਆਂ ਨੇ ਸੱਤਾ ਵਿੱਚ ਰਹਿੰਦਿਆਂ ਵੀ ਆਪਣਿਆਂ ਨਾ਼ਲ ਲੜਨ ਦੀ ਹਿੰਮਤ ਕੀਤੀ ਹੈ। ਫਿਰ ਰਾਖਵੀਆਂ ਸੀਟਾਂ ਤੋਂ ਜਿੱਤਣ ਵਾ਼ਲੇ ਨੁਮਾਇੰਦੇ ਇਹ ਹਿੰਮਤ ਕਿਉਂ ਨਹੀਂ ਦਿਖਾ ਸਕਦੇ?




# ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਦਾ ਗਦਰੀ ਬਾਬਿਆਂ ਦਾ ਮੇਲਾ ਖ਼ੂਬ ਭਰਿਆ
























**ਸੈਕਰਾਮੈਂਟੋ–** ਬੀਤੀ 2 ਅਕਤੂਬਰ 2016 ਨੂੰ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ ਦੇ ਸ਼ਹੀਦ ਵੀਰ ਸਿੰਘ, ਸ. ਈਸ਼ਰ ਸਿੰਘ, ਸ. ਰੰਗਾ ਸਿੰਘ, ਉਤਮ ਸਿੰਘ ਤੇ ਹੀਰਾ ਸਿੰਘ ਦੀ ਸ਼ਹੀਦੀ ਵਰ੍ਹੇ ਦੀ ਸ਼ਤਾਬਦੀ ਮਨਾਉਂਦਿਆਂ ਮੇਲੇ ਦਾ ਆਰੰਭ ਕਰਦਿਆਂ ਪ੍ਰਸਿੱਧ ਗਦਰੀ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਚੜ੍ਹਾਏ ਗਏ। ਪ੍ਰਧਾਨ ਸੁਰਿੰਦਰ ਬਿੰਦਰਾ ਜੀ ਨੇ ਉਸ ਮਹਾਨ ਸੂਰਮੇ ਬਾਰੇ ਜਾਣਕਾਰੀ ਦਿੱਤੀ।

ਐਸ. ਈ. ਐਸ. ਹਾਲ ਦੇ ਖੁੱਲ੍ਹੇ ਵਿਹੜੇ ਵਿਚ ਗਦਰ ਪਾਰਟੀ ਦਾ ਤਿੰਨ ਰੰਗੇ ਝੰਡੇ ਵਿਚ ਦੋ ਖੜ੍ਹੀਆਂ ਕਿਰਪਾਨਾਂ ਵਾਲਾ ਝੰਡਾ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਪਰਿਵਾਰ ਵਿਚੋਂ ਜਥੇਬੰਦੀ ਦੇ ਡਾਇਰੈਕਟਰ ਕਿਰਪਾਲ ਸਿੰਘ ਸੰਧੂ ਜੀ ਨੇ ਝੁਲਾਇਆ ਅਤੇ ਆਜ਼ਾਦੀ ਸੰਗਰਾਮੀਏ ਦੇਵਾ ਸਿੰਘ ਧੂਤ ਦੇ ਸਪੁੱਤਰ ਦਲਵਿੰਦਰ ਸਿੰਘ ਧੂਤ ਨੇ ਇਸ ਬਜ਼ੁਰਗ ਆਗੂ ਦਾ ਸਾਥ ਦਿੱਤਾ।

ਕਸ਼ਮੀਰ ਸਿੰਘ ਕਾਗਣਾ ਨੇ ਝੰਡੇ ਦੀ ਮਹੱਤਤਾ ਬਾਰੇ ਜਿਸ ਦੀ ਅਗਵਾਈ ਵਿਚ ਸੂਰਮਿਆਂ ਨੇ ਅਥਾਹ ਕੁਰਬਾਨੀਆਂ ਕੀਤੀਆਂ, ਬਾਰੇ ਗਦਰ ਦੀ ਗੂੰਜ ਵਿਚੋਂ ਦੱਸਿਆ:

ਚਲੋ ਚਲੀਏ ਦੇਸ਼ ਨੂੰ ਯੁੱਧ ਕਰਨੇ
ਇਹੋ ਆਖਰੀ ਹੋ ਫੁਰਮਾਨ ਹੋ ਗਏ।

ਗਦਰ ਅਖਬਾਰ ਵਿਚ ਛਾਪੇ ਗਏ ਅੰਗਰੇਜ਼ ਸਰਮਾਜ ਵਿਰੁੱਧ ਐਲਾਨੇ ਜੰਗ 4 ਅਗਸਤ 1914 ਦਾ ਵੀ ਜ਼ਿਕਰ ਕੀਤਾ। ਵਕਤ ਦੀਆਂ ਸਰਕਾਰਾਂ ਨੇ ਗਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੱਤਾ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਹਰ ਵਰ੍ਹੇ ਅਕਤੂਬਰ ਮਹੀਨੇ ਮੇਲਾ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਅਤੇ ਉਹਨਾਂ ਸ਼ਹੀਦਾਂ ਦੇ ਆਸ਼ੇ-ਮਨਸ਼ੇ ਨੂੰ ਉਜਾਗਰ ਕਰਦੀ ਹੈ।

ਇਸ ਤੋਂ ਬਾਅਦ ਖਚਾਖਚ ਭਰੇ ਹਾਲ ਵਿਚ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜਥੇ ਨੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਮਾਹੌਲ ਨੂੰ ਜਜ਼ਬਾਤੀ ਕਰ ਦਿੱਤਾ। ਕਿਰਪਾਲ ਸਿੰਘ ਸੰਧੂ ਨੇ ਲਾਹੌਰ ਸਪਲੀਮੈਂਟਰੀ ਕੇਸ 'ਤੇ ਗਦਰ ਲਹਿਰ ਬਾਰੇ ਥੋੜ੍ਹੇ ਤੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਪ੍ਰੋ. ਚਰਨਜੀਤ ਪੰਨੂ ਜੀ ਨੇ ਵੀ ਗਦਰ ਲਹਿਰ ਦੀ ਆਜ਼ਾਦੀ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ।

ਨਾਮਧਾਰੀ ਸ. ਦਵਿੰਦਰ ਸਿੰਘ ਜੀ ਨੇ ਕੂਕਾ ਲਹਿਰ ਦੀ ਆਜ਼ਾਦੀ ਨੂੰ ਦੇਣ ਬਾਰੇ ਕਵਿਤਾ ਪੇਸ਼ ਕੀਤੀ, ਜਿਸ ਨੂੰ ਲੋਕਾਂ ਨੇ ਸਲਾਹਿਆ। ਜਥੇਬੰਦੀ ਵੱਲੋਂ ਨਾਮਧਾਰੀ ਸੰਗਤ ਦਾ ਸਨਮਾਨ ਕੀਤਾ ਗਿਆ। ਫਾਊਂਡਰ ਜਥੇਬੰਦੀ ਦੇ ਡਾਇਰੈਕਟਰ ਸ. ਸਮਿਤਰ ਸਿੰਘ ਉਪਲ ਜੀ ਨੇ ਸੂਰਮਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਫੈਜ਼ ਅਹਿਮਦ ਫੈਜ਼ ਦਾ ਇਹ ਸ਼ੇਅਰ ਪੇਸ਼ ਕੀਤਾ:

ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ
ਜੇਹ ਜਾਨ ਤੋਂ ਆਨੀ ਜਾਨੀ ਹੈ ਇਸ ਜਾਨ ਕੀ ਕੋਈ ਬਾਤ ਨਹੀਂ।

ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਹਨਾਂ ਦੀਆਂ ਸ਼ਹਾਦਤਾਂ ਕਰਕੇ ਤੁਸੀਂ ਆਜ਼ਾਦ ਦੇਸ਼ ਦੇ ਸ਼ਹਿਰੀ ਹੋਣ ਕਰਕੇ ਵਿਦੇਸ਼ਾਂ ਵਿਚ ਬੈਠੇ ਹੋ ਤੇ ਚੰਗੇ ਕਾਰੋਬਾਰ ਕਰ ਰਹੇ ਹੋ, ਉਹਨਾਂ ਸ਼ਹੀਦਾਂ ਨੂੰ ਯਾਦ ਕਰਨ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ। ਯੂਬਾ ਸਿਟੀ ਦੇ ਲੰਗਰ ਕਮੇਟੀ ਦੇ ਮੁਖੀ ਸੁਖਦੇਵ ਸਿੰਘ ਨੰਗਲ ਨੇ 'ਪੱਗੜਾ ਸੰਭਾਲ ਜੱਟਾ' ਦਾ ਅਸਲੀ ਗੀਤ ਜੋ ਬਾਂਕੇ ਦਿਆਲ ਝੰਗ ਸਿਆਲ ਦਾ ਲਿਖਿਆ ਸੀ, ਗਾ ਕੇ ਲੋਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਦੁਰੀਆ ਸੈਯਦ ਕੈਲੇਫੋਰਨੀਆ ਦੇ ਇੰਸ਼ੋਰੈਂਸ ਦਫਤਰ ਵੱਲੋਂ ਪ੍ਰਤੀਨਿਧ ਤੌਰ 'ਤੇ ਭਾਗ ਲੈਂਦਿਆਂ ਸ਼ਹੀਦਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਸੁਖਦੇਵ ਸਿੰਘ ਬਾਜਵਾ ਫਰਿਜ਼ਨੋ ਨੇ ਵੀ ਗਦਰ ਪਾਰਟ. ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ।

ਸਟੀਵ-ਲੀ ਵਾਈਸ ਮੇਅਰ ਐਲਕ ਗਰੋਵ ਅਤੇ ਮਾਰਲਿਨ ਹਿਤ ਟਰੱਸਟੀ ਯੂਨੀਫਾਈਡ ਸਕੂਲ ਡਿਸਟ੍ਰਿਕ ਐਲਕਗ੍ਰੋਵ ਜਥੇਬੰਦੀ ਨੂੰ ਅਮੈਰਿਕਨ ਭਾਈਚਾਰੇ ਵੱਲੋਂ ਤੇ ਲੋਕਾਂ ਨਾਲ ਇਕਮੁੱਠਤਾ ਜ਼ਾਹਿਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜਥੇਬੰਦੀ ਦੇ ਖਜ਼ਾਨਚੀ ਕਰਮਜੀਤ ਸਿੰਘ ਕੰਗ ਨੇ ਗਦਰੀ ਬਾਬਿਆਂ ਨਾਲ ਆਪਣੀਆਂ ਪੁਰਾਣੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਲੋਕਾਂ ਨੂੰ ਮੇਲੇ ਦੀ ਭਰਵੀਂ ਹਾਜ਼ਰੀ ਭਰਨ ਨੂੰ ਜੀ ਆਇਆਂ ਆਖਦਿਆਂ ਵਿਸਥਾਰ ਸਹਿਤ ਗਦਰ ਲਹਿਰ ਦੇ ਆਰੰਭ ਹੋਣ ਤੇ ਆਜ਼ਾਦੀ ਲਈ ਕੀਤੀਆਂ ਲਾਮਿਸਾਲ ਕੁਰਬਾਨੀਆਂ ਦਾ ਉਲੇਖ ਕਰਦਿਆਂ ਕਿਹਾ ਕਿ ਅਸੀਂ ਸ਼ਹੀਦਾਂ ਦੇ ਵਾਰਸ ਹਾਂ ਤੇ ਸਾਨੂੰ ਉਹਨਾਂ ਨੂੰ ਭੁੱਲਣਾ ਨਹੀਂ ਚਾਹੀਦਾ। ਸੁਰਿੰਦਰ ਸਿੰਘ ਕਮੇਟੀ ਮੈਂਬਰ ਨੇ ਤਰੰਨਮ ਨਾਲ ਗਦਰ ਦੀ ਕਵਿਤਾ ਗਾਈ।

ਡਾ. ਯਾਦਵਿੰਦਰ ਸਿੰਘ ਕੰਗ ਤੇ ਡਾ. ਗੁਰਪ੍ਰੀਤ ਗਿੱਲ ਤੇ ਅਲੀਜ਼ਾ ਬੇਥ ਨੇ ਮੈਡੀਕਲ ਕੈਂਪ ਲਾ ਕੇ ਲੋਕਾਂ ਦਾ ਚੈਕਅਪ ਕੀਤਾ। ਇਸ ਟੀਮ ਨੂੰ ਸਟੇਜ ਤੇ ਜਥੇਬੰਦੀ ਵੱਲੋਂ ਸਨਮਾਨਿਤ ਕੀਤਾ ਗਿਆ। ਸ਼ਹੀਦਾਂ ਦੀ ਫੋਟੋ ਪ੍ਰਦਰਸ਼ਨੀ ਲੋਕਾਂ ਦੀ ਖਿੱਚ ਦਾ ਕੇਂਦਰ ਰਹੀ। ਉਹਨਾਂ ਆਪਣੇ ਇਲਾਕੇ ਦੇ ਸ਼ਹੀਦਾਂ ਦੀ ਤਸਵੀਰ ਖਿੱਚੀ। ਯੂਬਾ ਸਿਟੀ ਤੋਂ ਸਤਨਾਮ ਸਿੰਘ ਦੀ ਅਗਵਾਈ ਹੇਠ ਲੰਗਰ ਅਤੁੱਟ ਵਰਤਿਆ। ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ, ਚੜ੍ਹਦਾ ਪੰਜਾਬ ਸੁਸਾਇਟੀ ਤੇ ਚੈਂਬਰ ਆਫ ਕਾਮਰਸ ਵੱਲੋਂ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਜਥੇਬੰਦੀ ਵੱਲੋਂ ਸਨਮਾਨਿਤ ਕੀਤਾ ਗਿਆ। ਪੂਨਮ ਮਲਹੋਤਰਾ ਤੇ ਪੰਮੀ ਮਾਨ ਜੀ ਨੇ ਦੇਸ਼ ਭਗਤੀ ਦੇ ਗੀਤ ਗਾਏ। ਇਕ ਛੋਟੀ ਬੱਚੀ ਹਰਮਨਜੋਤ ਕੌਰ ਬੈਂਸ ਨੇ ਅਤੇ ਬੀਬੀ ਗੁਲਾਬ ਕੌਰ ਨੇ ਗਦਰੀਆਂ ਬਾਰੇ ਇਕ ਲੇਖ ਪੜ੍ਹਿਆ। ਬਲਜਿੰਦਰ ਸਿੰਘ ਨੇ ਦੇਸ਼ ਭਗਤੀ ਦਾ ਇਕ ਗੀਤ ਗਾਇਆ। ਇਸ ਮੇਲੇ ਦੇ ਪ੍ਰਬੰਧ ਲਈ ਸਮੁੱਚੀ ਟੀਮ ਜਰਨੈਲ ਸਿੰਘ ਸਰਪੰਚ, ਹਰਪਾਲ ਸਿੰਘ ਸੰਘਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਬਲਵੰਤ ਬਾਕਾ, ਪਰਮਪ੍ਰੀਤ ਬਿੰਦਰਾ, ਜਸਵਿੰਦਰ ਸੰਧੂ, ਗਗਨ ਬਿੰਦਰਾ ਅਤੇ ਸਮੁੱਚੀ ਨੌਜਵਾਨ ਟੀਮ ਸਰਗਰਮ ਰਹੀ। ਹਰ ਸਾਲ ਵਾਂਗ ਸ਼ਿਆਰਾ ਸਿੰਘ ਢੀਂਡਸਾ 'ਓਮਨੀ ਵੀਡੀਓ) ਨੇ ਸਮੁੱਚੇ ਪ੍ਰੋਗਰਾਮ ਨੂੰ ਕੈਮਰੇ ਵਿਚ ਬੰਦ ਕੀਤਾ ਅਤੇ ਤਸਵੀਰਾਂ ਖਿੱਚੀਆਂ। ਅਖੀਰ ਵਿਚ ਇੰਗਲੈਂਡ ਤੋਂ ਆਏ ਪ੍ਰਸਿੱਧ ਗਾਇਕ 'ਮਾਣਕੀ' ਨੇ ਗੀਤਾਂ ਦੀ ਛਹਿਬਰ ਲਗਾਈ। ਜਥੇਬੰਦੀ ਦੇ ਸਕੱਤਰ ਸ. ਸਵਰਨ ਸਿੰਘ ਸਿੱਧੂ ਨੇ ਆਏ ਲੋਕਾਂ ਅਤੇ ਕਲਾਕਾਰਾਂ ਤੇ ਬੁਲਾਰਿਆਂ ਦਾ ਧੰਨਵਾਦ ਕੀਤਾ।




"ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਡਾ. ਜਸਵੰਤ ਰਾਏ ਸਾਹਰੀ ਦੁਆਰਾ ਲਿਖੀ ਪੁਸਤਕ 'ਕੌਮ ਦਾ ਸਿਤਾਰਾ- ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ' ਜੋ ਦੇਸ਼ ਦੁਆਬਾ ਦੁਆਰਾ ਪ੍ਰਕਾਸ਼ਿਤ ਕੀਤੀ 'ਇੰਡੋ ਅਮੈਰਿਕਨ ਆਰਗੇਨਾਈਜੇਸ਼ਨ' ਦੇ ਅਹੁਦੇਦਾਰਾਂ ਨੂੰ ਇਸ ਮੇਲੇ ਦੌਰਾਨ ਭੇਂਟ ਕਰਦੇ ਹੋਏ।

# ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਦਾ ਗਦਰੀ ਬਾਬਿਆਂ ਦਾ ਮੇਲਾ ਖੂਬ ਭਰਿਆ




































ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਸਤਿਗੁਰੂ ਨਾਨਕ ਪ੍ਰਗਟਿਆ ਮਿੱਟੀ ਧੁੰਧ ਜੱਗ ਚਾਨਣ ਹੋਆ।।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸੱਤਵਾਂ

# ਮਹਾਨ ਨਗਰ ਕੀਰਤਨ




## ਨਗਰ ਕੀਰਤਨ 23 ਅਕਤੂਬਰ, 2016 ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਗੁਰੂ ਘਰ ਤੋਂ ਰਵਾਨਗੀ ਕਰੇਗਾ।

ਇਲਾਕੇ ਭਰ ਦੇ ਸਮੂੰਹ ਗੁਰੂ ਘਰਾ ਦੇ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਗੁਰੂ ਘਰ ਵਿਖੇ ਰੋਜ਼ਾਨਾ ਸਵੇਰ ਅਤੇ ਸਾਮ ਦੇ ਦੀਵਾਨ ਸਜ਼ਦੇ ਹਨ। ਉੱਥੇ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਕਥਾਂ ਵਾਚਕ ਹਾਜ਼ਰੀ ਭਰਦੇ ਹਨ। ਸੰਗਤਾਂ ਨੂੰ ਰੋਜ਼ਾਨਾ ਦੇ ਗੁਰਬਾਣੀ ਦੇ ਚਲ ਰਹੇ ਸਮਾਗਮਾ ਅਤੇ ਨਗਰ ਕੀਰਤਨ ਵਿੱਚ ਸਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਨਗਰ ਕੀਰਤਨ ਦੌਰਾਨ ਸੇਵਾਵਾ ਫਲੋਟ ਸਜਾਉਣ, ਸਟਾਲ ਲਾਉਣ ਜਾਂ ਲੰਗਰਾਂ ਆਦਿਕ ਦੀਆਂ ਸੇਵਾਵਾ ਲਈ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹੋ।

### ਪ੍ਰੋਗਰਾਮ ਦਾ ਵੇਰਵਾ

**ਭੋਗ ਸ੍ਰੀ ਅਖੰਡ ਪਾਠ ਸਹਿਬ:**
23 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ।

**ਗੁਰੂ ਘਰ ਵਿਖੇ ਦੀਵਾਨ:**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ। ਇਸ ਉਪਰੰਤ ਨਗਰ ਕੀਰਤਨ ਦੀ ਰਵਾਨਗੀ ਠੀਕ 11 ਵਜੇ ਹੋਵੇਗੀ।

### ਹੋਰ ਜਾਣਕਾਰੀ ਲਈ ਸੰਪਰਕ:

ਫਲੋਟ ਲਾਉਣ ਜਾਂ ਸਜਾਉਣ ਸੰਬੰਧੀ ਅਤੇ ਵਧੇਰੇ ਜਾਣਕਾਰੀ ਲਈ :
ਬਾਬਾ ਅਵਤਾਰ ਸਿੰਘ (559) 261-5899.
ਭਾਈ ਹਰਪ੍ਰੀਤ ਸਿੰਘ (559) 859-0471.
ਲੰਗਰ: ਪਰਮਿੰਦਰ ਸਿੰਘ ਮੋਹਣਾ (559) 312-6222.
ਭਾਈ ਵਰਿੰਦਰ ਸਿੰਘ (559) 316-9296.
ਸਟਾਲ: ਪਲਵਿੰਦਰ ਸਿੰਘ (559) 696-4089.
ਰਣਜੀਤ ਸਿੰਘ (559) 351-0505.
ਗੁਰੂਘਰ ਦਾ ਫੋਨ ਨੰਬਰ: (559)-834-4780.

ਗੁਰੂਘਰ ਤੋਂ ਚਲਣ ਉਪਰੰਤ ਨਗਰ ਕੀਰਤਨ 'ਫਾਊਲਰ' ਸ਼ਹਿਰ ਦੀਆਂ ਵੱਖ-ਵੱਖ ਸੜਕਾ ਤੋਂ ਹੁੰਦਾ ਹੋਇਆ ਸ਼ਹਿਰ ਦੇ 'ਪਨਜ਼ੈਕ ਪਾਰਕ' ਵਿੱਚ ਪੜਾਅ ਕਰਨ ਉਪਰੰਤ ਬਾਅਦ ਵਾਪਸ ਗੁਰੂਘਰ ਦੀ ਰਵਾਨਗੀ ਪਾਵੇਗਾ।

### ਗੁਰੂ ਘਰ ਦਾ ਪਤਾ

4250-E. LINCOLN AVE FRESNO, California - 93725.

ਨਗਰ ਕੀਰਤਨ ਦੇ ਰੂਟ ਦਾ ਨਕਸ਼ਾ।




ਸਮੂੰਹ ਪੰਜਾਬੀ ਮੀਡੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ। ਫੋਟੋ ਅਤੇ ਵੀਡੀਓ ਸੇਵਾ: ਜੀਤ ਗਿੱਲ Mogavideo.com ਅਤੇ ਸਿੰਘਾਪੁਰ ਵੀਡੀਓਜ਼ ਫਰਿਜ਼ਨੋ।

ਮੀਡੀਆਂ ਸਪਾਂਸਰ: ਕੁਲਵੰਤ ਉੱਭੀ ਧਾਲੀਆਂ (559) 473-9264 ਅਤੇ ਨੀਟਾ ਮਾਛੀਕੇ (559) 333-5776.

Degined By: Kulwant Ubhi Dhalian , Dhalian & Machhike Punjabi Media Group Fresno, California, USA and Dhalian.com